# ਝਮੇਲਾ ਰੱਬ ਦਾ

## ਲੇਖਕ ਦੀਆਂ ਕਿਤਾਬਾਂ ਦੀਆਂ ਹੋਰ ਛਪ ਚੁੱਕੀਆਂ ਕਿਤਾਬਾਂ

### ਪੰਜਾਬੀ

✪ ਜਾਅਲੀ ਦੁਨੀਆਂ (1987) ਵਾਰਤਕ-ਦੀਪਕ ਪਬਲਿਸ਼ਰਜ, ਜਲੰਧਰ (ਈਸਟ ਮਿਡਲੈਂਡਜ਼ ਆਰਟਸ ਕੌਂਸਲ ਵੱਲੋਂ ਸਰਵੋਤਮ ਇਨਾਮ ਜੇਤੂ) ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਐਮ. ਏ. ਦੇ ਕੋਰਸ ਵਿਚ ਪੜ੍ਹਾਈ ਜਾਂਦੀ ਹੈ।

✪ ਵੱਖਰੀ ਨਸਲ (1991) ਵਾਰਤਕ-ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ (ਬਰਤਾਨੀਆਂ ਵਿਚ ਏ ਲੇਵਲ ਪੰਜਾਬੀ ਲਈ ਪੜ੍ਹਾਈ ਜਾਂਦੀ)

✪ ਮਸਲੇ ਪਰਵਾਸੇ (1994) ਵਾਰਤਕ ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ

✪ ਨੈਤਿਕਤਾ ਅਤੇ ਤਰਕਸ਼ੀਲਤਾ (1996) ਵਾਰਤਕ ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ

✪ ਗੋਰੀ ਧਰਤੀ ਮੇਰੇ ਲੋਕ (1996) ਵਾਰਤਕ ਲਿਟਰੇਚਰ ਹਾਊਸ ਅੰਮ੍ਰਿਤਸਰ

✪ ਬਰਤਾਨਵੀ ਤੇ ਭਾਰਤੀ ਸਮਾਜ (2000) ਵਾਰਤਕ ਲਿਟਰੇਚਰ ਹਾਊਸ

✪ ਰਿਸ਼ਤਿਆਂ ਦਾ ਕਤਲ (2009) ਵਾਰਤਕ ਤਰਕਭਾਰਤੀ ਪ੍ਰਕਾਸ਼ਨ ਬਰਨਾਲਾ ਪੰਜਾਬ

### ਅੰਗਰੇਜ਼ੀ

✪ The chapter, ''Residential care for ethnic Minority children in the Book, ''Meeting the needs of ethnic Minority children'' (1996) (Eds) Dr. Dwivedi, K and Varma, London: Jessica Kings publishers.

✪ Racism in Britian (1997) Chandigarh, Kafle Parkashan

✪ Racism in education (2000) Peterborough: Proprint.

✪ Dreamland (2002) Delhi : National Book Shop.

### ਹਿੰਦੀ

✪ ਧਰਮ ਕੇ ਨਾਮ ਪਰ ਦਰਿੰਦਗੀ (2008) ਵਾਰਤਕ-ਤਰਕਭਾਰਤੀ ਪ੍ਰਕਾਸ਼ਨ ਬਰਨਾਲਾ ਪੰਜਾਬ

# ਝਮੇਲਾ ਰੱਬ ਦਾ

*(ਤਰਕਸ਼ੀਲ ਲੇਖ ਸੰਗ੍ਰਹਿ)*

*ਡਾ. ਹਰੀਸ਼ ਮਲਹੋਤਰਾ*

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

**ਝਮੇਲ ਰੱਬ ਦਾ**
*(ਤਰਕਸ਼ੀਲ ਲੇਖ ਸੰਗ੍ਰਹਿ)*
***ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ***
24 Friary Gardens
Handsworthwood
Birmingham. B 21 8 ET
ENGLAND U.K.
Mobile - 07763013424

ਪਹਿਲੀ ਵਾਰ : 2010

© ਲੇਖਕ

**ਪ੍ਰਕਾਸ਼ਕ :** **ਤਰਕਭਾਰਤੀ ਪ੍ਰਕਾਸ਼ਨ**
ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ।
ਫੋਨ : 01679-233244 ਫੈਕਸ : 241744
E-mail : anu_bnl@yahoo.com
www.thepunjabi.com

**ਛਾਪਕ :** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** **140/-**

*© 2010 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਤ

ਮੇਰੇ ਵਿਛੜ ਚੁੱਕੇ ਪੜਦਾਦਾ ਲਾਲਾ ਚਿੰਤ
ਰਾਮ ਜੀ ਨੂੰ ਜਿਨ੍ਹਾਂ ਪਰਉਪਕਾਰ, ਭਲਾਈ
ਅਤੇ ਤਿਆਗ ਦੀ ਮੈਨੂੰ ਚਿਣਗਾਰੀ ਲਾਈ

## ਲੇਖਕ ਦਾ ਜੀਵਨ ਵੇਰਵਾ

| | | |
|---|---|---|
| ਜਨਮ | : | ਜੁਲਾਈ 7, 1951 |
| ਜਨਮ ਸਥਾਨ | : | ਲੱਲੀਆਂ ਕਲਾਂ ਜ਼ਿਲ੍ਹਾ ਜਲੰਧਰ ਪੰਜਾਬ ਭਾਰਤ |
| ਪਤਾ | : | 24 Friary Gardens Handsworthwood<br>BIRMINGHAM B21 8ET ENGLAND U.K. |
| TeL : | : | Mobile - 07763013424 |
| STUDY | : | ❊ B.SC. D.A.V. College Jalandhar (Pb.) 1972<br>❊ M.A. Warwick University U.K. 1991<br>❊ Ph.d Birmingham University U.K.1997<br>❊ Diploma in socialwork - (1984) Birmingham City University U.K.<br>❊ Diploma in Aromatherapy<br>❊ Diploma in Indian Head Massage<br>❊ Diploma in Body Massage From City College Brimingham U.K. 1997-1998 |

**ਕਿੱਤਾ** : ✪ ਸੀਨੀਅਰ ਗੌਰਮਿੰਟ ਅਫ਼ਸਰ ਬ੍ਰਮਿੰਘਮ ਸਿਟੀ ਕਾਉਂਸਲ
✪ ਸੀਨੀਅਰ ਯੂਨੀਵਰਸਿਟੀ ਲੈਕਚਰ

***ਨੋਟ :*** *ਲੇਖਕ ਦੀਆਂ ਕਿਤਾਬਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਪੰਜਾਬ ਦੇ ਐਮ. ਏ. ਕੋਰਸ ਵਿਚ ਲੱਗੀਆਂ ਹੋਈਆਂ ਹਨ ਅਤੇ ਕਿਤਾਬਾਂ ਉਪਰ ਵਿਦਿਆਰਥੀ ਐਮ. ਫਿਲ ਅਤੇ ਪੀ. ਐਚ. ਡੀ. ਕਰ ਰਹੇ ਹਨ। ਲੇਖਕ ਦੀਆਂ ਕਿਤਾਬਾਂ ਬਰਤਾਨੀਆਂ ਵਿਚ ਵੀ ਏ ਲੇਵਲ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਾਈਆਂ ਜਾਂਦੀਆਂ ਹਨ।*

# ਪਿਛੋਕੜ

ਸਮਾਜ ਵਿਚ ਵਿਚਰਦਿਆਂ ਮੈਂ ਧਰਮ ਨੂੰ ਜਨਮ ਤੋਂ ਮਰਨ ਤੱਕ ਜੋਕ ਵਾਂਗ ਚਿੰਬੜਿਆ ਦੇਖਿਆ ਹੈ। ਇਹ ਇਕ ਐਸਾ ਸੰਗਲ ਹੈ ਜੀਹਨੇ ਭਾਰਤੀ ਸਮਾਜ ਨੂੰ ਬੰਨ੍ਹਿਆ ਪਿਆ ਹੈ। ਜਿਥੇ ਧਰਮ ਸਾਡੇ ਦਿਮਾਗਾਂ ਨੂੰ ਵਧਣ ਫੁੱਲਣ ਤੋਂ ਰੋਕਦਾ ਹੈ, ਉਥੇ ਸਰੀਰਕ ਪ੍ਰਫੁਲਤਾ ਤੇ ਵੀ ਰੋਕ ਲਗਾਉਂਦਾ ਹੈ। ਧਰਮਾਂ ਬਾਰੇ ਅਧਿਐਨ ਕਰਕੇ ਮੈਨੂੰ ਇਹ ਗੱਲ ਸ਼ੀਸ਼ੇ ਵਾਂਗ ਸਾਫ ਹੋ ਗਈ ਹੈ ਅਤੇ ਮੇਰੇ ਗਾਹੇ-ਬਿਗਾਹੇ ਲਿਖੇ ਲੇਖਾਂ ਨੇ ਵੀ ਇਸ ਗੱਲ ਨੂੰ ਨਿਤਾਰਨ ਦੀ ਕੋਸ਼ਿਸ਼ ਕੀਤੀ ਹੈ ਕਿ ਧਰਮ ਸਾਨੂੰ ਹਨੇਰੇ ਵਿਚ ਧੱਕਦੇ ਹਨ, ਵਿਗਿਆਨਕ ਸੋਚ ਤੋਂ ਦੂਰ ਭਜਾਉਂਦੇ ਹਨ ਅਤੇ ਜ਼ਿੰਦਗੀ ਨੂੰ ਤਰਕ ਤੋਂ ਖਿਸਕਾਉਂਦੇ ਹਨ। ਧਰਮ ਜਿਥੇ ਵਹਿਮਾਂ ਭਰਮਾਂ 'ਚ ਫਸਾਉਂਦੇ ਹਨ ਉਥੇ ਜੀਵਨ ਜਾਂਚ ਨੂੰ ਵੀ ਸੱਚਾਈ ਤੋਂ ਦੂਰ ਲਿਜਾਂਦੇ ਹਨ। ਧਰਮ ਬਰਾਬਰੀ ਤੋਂ ਕਿਨਾਰਾ ਕਰਕੇ ਅਤੇ ਇਨਸਾਨਾਂ ਵਿਚ ਨਫ਼ਰਤ ਫੈਲਾ ਕੇ ਇਨਸਾਨੀਅਤ ਤੋਂ ਦੂਰ ਕਰਦੇ ਹਨ। ਕਿਸੇ ਗੈਬੀ-ਸ਼ਕਤੀ ਨੂੰ ਅਤੇ ਧਰਮ ਨੂੰ ਮੰਨਣਾ ਵਿਗਿਆਨਕ ਸੋਚ ਅਤੇ ਤਰਕ ਨਾਲ ਸੋਚਣ ਦੀ ਧਾਰਨਾ ਦੇ ਖਿਲਾਫ਼ ਹੈ। ਧਰਮ ਸਾਡਾ ਮਾਨਸਿਕ ਅਤੇ ਸਰੀਰਕ ਖਿਲਵਾੜ ਕਰਦਾ ਹੈ ਅਤੇ ਇਹਦੀ ਆੜ ਵਿਚ ਹੋਰ ਵੀ ਕਈ ਤਰ੍ਹਾਂ ਦੇ ਕੁਕਰਮ ਕੀਤੇ ਜਾਂਦੇ ਹਨ। ਧਰਮ ਦੀਆਂ ਨਪੁੰਸਕ ਚਾਲਾਂ ਨੂੰ ਮੈਂ ਇਨ੍ਹਾਂ ਲਿਖਤਾਂ ਵਿਚ ਉਜਾਗਰ ਕਰਨ ਦੀ ਥੋੜ੍ਹੀ ਜੇਹੀ ਕੋਸ਼ਿਸ਼ ਕੀਤੀ ਹੈ। ਮੇਰੀਆਂ ਲਿਖਤਾਂ ਅਗਰ ਪਾਠਕਾਂ ਦੀ ਸੋਚ ਨੂੰ ਤਰਕਸ਼ੀਲ ਬਨਾਉਣ 'ਚ ਸਹਾਇਤਾ ਕਰਦੀਆਂ ਹਨ ਤਾਂ ਇਹ ਮੇਰੀ ਪ੍ਰਾਪਤੀ ਹੋਵੇਗੀ

- ***ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ***

ਇੰਗਲੈਂਡ ਯੂ. ਕੇ.

ਜੂਨ 2010

# ਡਾ. ਹਰੀਸ਼ ਮਲਹੋਤਰਾ ਨਾਲ
# ਅਮਨਪਾਲ ਸਾਰਾ (ਕੈਨੇਡਾ) ਦੀਆਂ ਖੁੱਲ੍ਹੀਆਂ ਗੱਲਾਂ

ਹਰੀਸ਼ ਮਲਹੋਤਰਾ 1972 'ਚ ਬੀ. ਐਸ. ਸੀ. ਜਲੰਧਰ ਦੇ ਡੀ. ਏ. ਵੀ. ਕਾਲਜ ਤੋਂ ਪਾਸ ਕਰਕੇ 1973 'ਚ ਬਰਤਾਨੀਆਂ ਜਾਅਲੀ ਤੌਰ ਤੇ ਆਇਆ ਸੀ। ਪਿੰਡ ਲੱਲੀਆਂ ਕਲਾਂ ਜ਼ਿਲ੍ਹਾ ਜਲੰਧਰ ਦੇ ਜੰਮਪਲ ਹਰੀਸ਼ ਨੇ ਪੰਜਾਬੀ 'ਚ 1980 'ਚ ਲਿਖਣਾ ਸ਼ੁਰੂ ਕੀਤਾ ਸੀ ਅਤੇ ਪੰਜਾਬੀ ਦਾ ਕੋਈ ਐਸਾ ਪਰਚਾ ਜਾਂ ਅਖ਼ਬਾਰ ਨਹੀਂ ਜਿਥੇ ਉਹ ਨਾਂ ਛਪਿਆ ਹੋਵੇ ਜਾਂ ਛਪਦਾ ਨਹੀਂ ਹੈ। ਹੁਣ ਤੱਕ ਉਹ ਜਾਅਲੀ ਦੁਨੀਆਂ, ਵੱਖਰੀ ਨਸਲ, ਮਸਲੇ ਪਰਵਾਸ ਦੇ, ਗੋਰੀ ਧਰਤੀ ਮੇਰੇ ਲੋਕ, ਨੈਤਿਕਤਾ ਅਤੇ ਤਰਕਸ਼ੀਲਤਾ, ਬਰਤਾਨਵੀ ਤੇ ਭਾਰਤੀ ਸਮਾਜ, ਰਿਸ਼ਤਿਆਂ ਦਾ ਕਤਲ ਅਤੇ ਝਮੇਲਾ ਰੱਬ ਦਾ ਪੰਜਾਬੀ 'ਚ ਲਿਖ ਚੁੱਕਾ ਹੈ। ਉਹਦੀਆਂ ਅੰਗਰੇਜ਼ੀ ਦੀਆਂ ਕਿਤਾਬਾਂ RACISM IN BRITAIN, RACISM IN EDUCATION ਅਤੇ DREAMLAND ਬੜੇ ਅਹਿਮ ਨੁਕਤਿਆਂ ਤੋਂ ਇਲਾਵਾ ਨਸਲਵਾਦ ਦਾ ਖੁਰਾ ਖੋਜ ਵੀ ਫਰੋਲਦੀਆਂ ਹਨ। ਉਹਦੇ ਅੰਗਰੇਜ਼ੀ ਪ੍ਰੈਸ ਵਿਚ ਦੋ ਆਰਟੀਕਲ ਛਪ ਚੁੱਕੇ ਹਨ (i) FAITH AND RATIONALISM ਅਤੇ EXCLUSION OF CHILDREN ਉਹਦਾ ਹੋਰ ਅਹਿਮ ਆਰਟੀਕਲ ਬਰਤਾਨੀਆਂ ਤੋਂ ਛਪੀ ਟੈਕਸਟ ਬੁੱਕ 'ਚ ਵੀ ਛਪਿਆ ਹੈ : Residential Care of Ethnic Minority Children. ਇਹ ਕਿਤਾਬ ਸੋਸ਼ਲ ਵਰਕਰਾਂ, ਕਾਉਂਸਲਰਾਂ, ਥੈਰਾਪਿਸਟਾਂ ਅਤੇ ਅਕੈਡਮਿਕਸ ਲਈ ਵਰਤੀ ਜਾਂਦੀ ਹੈ।

ਹਰੀਸ਼ ਬਰਮਿੰਘਮ ਸਿਟੀ ਕਾਉਂਸਲ ਵਿਚ ਇਕ ਉਚ-ਸਰਕਾਰੀ ਅਫਸਰ ਹੈ ਅਤੇ ਪੜ੍ਹਾਈ ਦੇ ਮਹਿਕਮੇ ਵਿਚ ਬਰਾਬਰ ਦੇ ਹੱਕਾਂ ਲਈ ਨੀਤੀਆਂ ਵਿਚ ਅਹਿਮ ਰੋਲ ਅਦਾ ਕਰਦਾ ਹੈ। ਟਰੇਨਿੰਗ ਦਿੰਦਾ ਹੈ ਅਤੇ ਪੌਲਸੀਆਂ ਤਿਆਰ ਕਰਦਾ ਹੈ। ਉਹਨੇ ਵਾਰਿਕ ਯੂਨੀਵਰਸਿਟੀ ਤੋਂ ਐਮ. ਏ. ਕੀਤੀ ਸੀ ਅਤੇ 1998 'ਚ ਡਾਕਟਰੇਟ ਦੀ ਪੜ੍ਹਾਈ ਬਰਮਿੰਘਮ ਯੂਨੀਵਰਸਿਟੀ ਤੋਂ ਮੁਕੰਮਲ ਕਰ ਲਈ ਸੀ। ਉਹਦੀ ਡਾਕਟਰੇਟ ਦੀ ਪੜ੍ਹਾਈ ਦਾ ਵਿਸ਼ਾ ਵੀ ਨਿਵੇਕਲਾ ਹੈ : EXCLUSION OF ASIAN CHILDREN FROM SECONDARY SCHOOLS IN BIRMINGHAM. ਇਸ ਵਿਸ਼ੇ ਤੇ ਬਰਤਾਨੀਆਂ ਵਿਚ ਅੱਜ ਤੱਕ ਕਿਸੇ ਨੇ ਕੋਈ ਰੀਸਰਚ ਨਹੀਂ ਕੀਤੀ। ਇਸ ਤੋਂ ਇਲਾਵਾ ਹਰੀਸ਼ ਨੇ 1984 ਵਿਚ ਬਰਮਿੰਘਮ ਸਿਟੀ ਯੂਨੀਵਰਸਿਟੀ ਤੋਂ ਸੋਸ਼ਲ ਵਰਕਰ ਦਾ ਡਿਪਲੋਮਾ ਪਾਸ ਕੀਤਾ ਸੀ ਅਤੇ ਮੈਰਿਜ ਗਾਈਡੈਂਸ ਕਾਉਂਸਲਰ ਉਹ ਦੋ ਸਾਲਾਂ ਦੀ ਪੜ੍ਹਾਈ ਤੋਂ ਬਾਅਦ 1986 'ਚ ਬਣਿਆ ਸੀ। ਉਹਨੇ ਅਰੋਮਾਥੈਰੇਪੀ, ਬੌਡੀ ਮਸਾਜ਼ ਅਤੇ ਹੈੱਡ ਮਸਾਜ਼ ਵਿਚ ਵੀ ਡਿਪਲੋਮੇ ਕੀਤੇ ਹਨ ਅਤੇ ਪਾਰਟ ਟਾਈਮ

ਯੂਨੀਵਰਸਿਟੀ 'ਚ ਸੀਨੀਅਰ ਲੈਕਚਰਾਰ ਹੈ। ਹਰੀਸ਼ ਦੀ ਲੇਖਣੀ ਸਾਦੀ ਅਤੇ ਤਰਕ ਭਰਪੂਰ ਹੈ। ਉਹ ਆਮ ਲੋਕਾਂ ਨੂੰ ਸਮਝ ਆਉਣ ਵਾਲੀ ਬੋਲੀ 'ਚ ਲਿਖਦਾ ਹੈ ਅਤੇ ਮਹਿਸੂਸ ਕਰਦਾ ਕਿ ਅਗਰ ਤੁਹਾਡੀ ਗੱਲ ਪਾਠਕ ਸਮਝ ਹੀ ਨਾ ਸਕਣ ਤਾਂ ਫਿਰ ਲਿਖਣ ਦਾ ਕੀ ਮਕਸਦ। ਬਰਤਾਨੀਆਂ ਦੀ ਬਣੀ ਤਰਕਸ਼ੀਲ ਸੁਸਾਇਟੀ ਦਾ ਉਹ ਕਈ ਸਾਲ ਨੈਸ਼ਨਲ ਸਕੱਤਰ ਰਹਿ ਚੁੱਕਾ ਹੈ। ਹਾਜ਼ਰ ਹੈ ਹਰੀਸ਼ ਨਾਲ ਕੀਤੀ ਇੰਟਰਵਿਊ, ਯਾਦ ਰਹੇ ਡਾਕਟਰ ਹਰੀਸ਼ ਮਲਹੋਤਰਾ ਨੂੰ ਈਸਟ ਮਿਡਲੈਂਡ ਆਰਟਸ ਕੌਂਸਲ ਅਤੇ ਪੰਜਾਬੀ ਸੱਥ ਲਾਂਬੜਾ, ਸੈਂਟਰਲ ਐਸੋਸੀਏਸ਼ਨ ਔਫ ਪੰਜਾਬੀ ਰਾਈਟਰਜ਼ ਔਫ ਨੌਰਥ ਅਮਰੀਕਾ ਅਤੇ ਤਰਕਸ਼ੀਲ ਕਲਚਰਲ ਸੁਸਾਇਟੀ ਔਫ ਕੈਨੇਡਾ ਵੱਲੋਂ ਸਾਹਿਤਕ ਇਨਾਮ ਵੀ ਮਿਲ ਚੁੱਕੇ ਹਨ। ਹਰੀਸ਼ ਦੀਆਂ ਕਿਤਾਬਾਂ 'ਏ' ਲੇਵਲ ਅਤੇ ਯੂਨੀਵਰਸਿਟੀਆਂ ਵਿਚ ਵੀ ਪੜ੍ਹਾਈਆਂ ਜਾਂਦੀਆਂ ਹਨ ਅਤੇ ਉਹਦੀਆਂ ਲਿਖਤਾਂ ਤੇ ਵਿਦਿਆਰਥੀ ਡਾਕਟਰੇਟ ਕਰ ਰਹੇ ਹਨ।

*ਪ੍ਰਸ਼ਨ : ਬਰਤਾਨੀਆਂ ਵਿਚ ਤਰਕਸ਼ੀਲ ਸੁਸਾਇਟੀ ਬਨਾਉਣ ਦੀ ਲੋੜ ਕਦੋਂ ਮਹਿਸੂਸ ਹੋਈ? ਇਹ ਵੀ ਦੱਸੋ ਕਿ ਤੁਸੀਂ ਤਰਕਸ਼ੀਲ ਕਿਵੇਂ ਬਣੇ?*

ਉੱਤਰ : ਤਰਕਸ਼ੀਲ ਵਿਚਾਰਾਂ ਅਤੇ ਸਾਹਿਤ ਨਾਲ ਤਾਂ ਮੈਂ ਉਸ ਵੇਲੇ ਹੀ ਜੁੜ ਗਿਆ ਸਾਂ ਜਦੋਂ ਡੀ. ਏ. ਵੀ. ਕਾਲਜ ਜਲੰਧਰ ਪ੍ਰੀਮੈਡੀਕਲ ਕਰਦਿਆਂ ਲਾਲਾ ਹਰਦਿਆਲ ਦੀ ਕਿਤਾਬ HINTS FOR SELF CULTURE ਪੜ੍ਹੀ ਸੀ। ਲਾਲਾ ਜੀ ਦੀ ਇਸ ਕਿਤਾਬ ਨੇ ਮੇਰੇ ਦਿਮਾਗ 'ਚੋਂ ਧਰਮ ਦੀਆਂ ਜੜ੍ਹਾਂ ਵੱਢ ਕੇ ਰੱਖ ਦਿੱਤੀਆਂ ਅਤੇ ਮੇਰੀ ਸੋਚਣੀ ਨੂੰ ਇਕ ਨਵਾਂ ਮੋੜ ਦੇ ਦਿੱਤਾ। ਇਹ ਗੱਲ 1970 ਦੀ ਹੈ। 1973 ਵਿਚ ਬਰਤਾਨੀਆਂ ਆ ਕੇ ਮੈਂ ਬਰਟਰੰਡ ਰਸਲ, ਬੁੱਧ, ਵੋਲਟੇਅਰ, ਸਾਰਤਰ ਅਤੇ ਡਾਕਟਰ ਅਬਰਾਹਮ ਕਵੂਰ ਦੀਆਂ ਕਿਤਾਬਾਂ ਪੜ੍ਹੀਆਂ ਜਿਹਨਾਂ ਰੱਬ ਬਾਰੇ ਹੋਰ ਵੀ ਵਿਚਾਰ ਸਾਫ਼ ਕਰ ਦਿੱਤੇ। ਗੋਰਕੀ, ਕਾਰਲ ਮਾਰਕਸ, ਏਂਗਲਜ਼ ਦੇ ਸਾਹਿਤ ਨੇ ਜਿਥੇ ਮੇਰੀ ਸੋਚਣੀ ਪਰਪੱਕ ਕੀਤੀ, ਉਥੇ ਲੈਨਿਨ, ਸਟਾਲਿਨ ਅਤੇ ਮਾਓ ਸੇ ਤੁੰਗ ਦੀਆਂ ਲਿਖਤਾਂ ਵੀ ਮੈਂ ਤਪ ਕਰਨ ਵਾਂਗ ਪੜ੍ਹੀਆਂ। ਦੇਸੀ ਅਤੇ ਵਿਦੇਸੀ ਸਾਹਿਤ ਮੈਂ ਜ਼ਿਆਦਾ ਕਰਕੇ ਬਰਤਾਨੀਆਂ ਆ ਕੇ ਪੜ੍ਹਿਆ। ਚਾਰਲਿਸ ਡਾਰਵਿਨ ਦੇ ਸਿਧਾਂਤ ਨੇ ਮੈਨੂੰ ਬੜਾ ਹੌਂਸਲਾ ਦਿੱਤਾ ਕਿ ਇਹ ਸਾਰਾ ਝਮੇਲਾ ਹੈ ਕੀ? ਇਹ ਪੜ੍ਹ ਕੇ ਵੀ ਮਨ ਖੁਸ਼ ਹੋਇਆ ਸੀ ਕਿ ਪ੍ਰੇਮਚੰਦ ਅਤੇ ਨਹਿਰੂ ਰੱਬ 'ਚ ਯਕੀਨ ਨਹੀਂ ਸਨ ਕਰਦੇ। ਬਰਤਾਨੀਆਂ ਆ ਕੇ ਜਦ ਮੈਂ ਲਿਖਣਾ ਸ਼ੁਰੂ ਕੀਤਾ ਅਤੇ ਫਿਰ 1984 ਵਿਚ ਸੋਸ਼ਲ ਵਰਕਰ ਦਾ ਡਿਪਲੋਮਾ ਪਾਸ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਨਾਲ ਵਾਸਤਾ ਪਿਆ ਤਾਂ ਮਨ ਤਰਲੋਮੱਛੀ ਹੋਣ ਲੱਗਾ ਕਿ ਆਪਣੇ ਲੋਕਾਂ ਨੂੰ ਇਸ ਚੁੰਗਲ ਵਿਚੋਂ ਕਿਵੇਂ ਕੱਢਿਆ ਜਾਵੇ। ਮੈਂ ਲਿਖਣ ਲੱਗ ਪਿਆ ਅਤੇ ਮੇਰੀ ਪੜ੍ਹਾਈ ਅਤੇ ਕੰਮ ਨੇ ਇਕ ਕਿਸਮ ਦੀ ਮੱਤ ਮਾਰ ਲਈ। ਰਹਿੰਦੀ ਖੂੰਹਦੀ ਕਸਰ ਮੇਰੇ ਘਰਦਿਆਂ ਵੱਲੋਂ ਚੰਬੇੜੀਆਂ ਬੀਮਾਰੀਆਂ ਨੇ ਕੱਢ ਦਿੱਤੀ। ਹੁਣ ਜਦ ਮੈਂ ਇਥੋਂ ਐਮ. ਏ. ਅਤੇ ਫਿਰ ਡਾਕਟਰੇਟ ਕਰ ਲਈ ਤਾਂ ਕੁੱਝ ਸਾਹ ਆਇਆ। ਇਹ ਸਬੱਬ ਹੀ ਸੀ ਕਿ ਜਦ ਜੁਲਾਈ 1997 ਵਿਚ ਬਲਵਿੰਦਰ ਬਰਨਾਲਾ ਪੰਜਾਬ ਤੋਂ ਇਥੇ ਆਇਆ ਤਾਂ ਸੁਸਾਇਟੀ ਬਨਾਉਣ ਬਾਰੇ ਵਿਚਾਰਾਂ ਹੋਈਆਂ। ਮੈਂ ਅਤੇ ਕੁੱਝ ਹੋਰ ਸਾਥੀ ਜਿਨ੍ਹਾਂ ਵਿਚ ਅੱਛਰ ਸਿੰਘ ਖਰਲਵੀਰ (ਪ੍ਰਧਾਨ) ਵੀ ਮੇਰੇ ਨਾਲ ਸੀ, ਬਲਵਿੰਦਰ ਨਾਲ ਗਲਾਸਗੋ ਤੱਕ ਗਏ ਅਤੇ ਬਲਵਿੰਦਰ ਨੇ ਕਈ ਸ਼ਹਿਰਾਂ ਵਿਚ ਭਾਸ਼ਣ

ਦਿੱਤੇ। ਬਾਬਿਆਂ ਸਾਧਾਂ ਦਾ ਖੁਰਾ ਖੋਜ ਮਿਟਾਉਣ ਲਈ ਬਰਤਾਨੀਆਂ ਦੀ ਏਸ਼ੀਅਨ ਤਰਕਸ਼ੀਲ ਸੁਸਾਇਟੀ ਕਾਇਮ ਕਰ ਲਈ। ਇਸ ਦੀ ਅਗਵਾਈ ਬਲਵਿੰਦਰ ਨੇ ਹੀ ਦਿੱਤੀ ਸੀ। ਸੋ ਬੜੀ ਦੇਰ ਤੋਂ ਧੁਖਦੀ ਸੋਚਣੀ ਨੇ ਸੁਸਾਇਟੀ ਦਾ ਰੂਪ ਧਾਰਨ ਕਰ ਲਿਆ ਤਾਂ ਕਿ ਬਰਤਾਨੀਆ ਆਏ ਦੇਸੀ ਲੋਕਾਂ ਨੂੰ ਬਾਬਿਆਂ ਬਾਰੇ ਜਾਗ੍ਰਤ ਕੀਤਾ ਜਾ ਸਕੇ। ਮੈਨੂੰ ਐਹੋ ਜੇਹੇ ਕਈ ਕੇਸਾਂ ਦਾ ਪਤਾ ਹੈ ਜਿਥੇ ਇਨ੍ਹਾਂ ਬਾਬਿਆਂ ਨੇ ਭੋਲੀਆਂ ਭਾਲੀਆਂ ਔਰਤਾਂ ਨਾਲ ਖਿਲਵਾੜ ਕੀਤਾ ਸੀ। ਉਨ੍ਹਾਂ ਦਾ ਪੈਸੇ ਵੱਲੋਂ ਵੀ ਸੋਸ਼ਣ ਕੀਤਾ। ਮੇਰੇ ਮਨ 'ਚ ਭਾਂਬੜ ਬਲ ਰਿਹੈ। ਅਗਰ ਕਾਨੂੰਨ ਮੇਰੇ ਹੱਥ ਹੋਵੇ ਤਾਂ ਮੈਂ ਇਨ੍ਹਾਂ ਪਾਖੰਡੀ ਬਾਬਿਆਂ ਨੂੰ ਮਸੰਦਾਂ ਵਾਂਗ ਸਾੜ-ਸਾੜ ਮਾਰਾਂ। ਇਹ ਸਮਾਜ ਤੇ ਕਲੰਕ ਹਨ। ਇਨ੍ਹਾਂ ਨੂੰ ਜੇਲ੍ਹਾਂ 'ਚ ਡੱਕਣਾ ਚਾਹੀਦਾ ਹੈ ਜਾਂ ਮਾਨਸਿਕ ਰੋਗੀਆਂ ਦੇ ਹਸਪਤਾਲਾਂ ਵਿਚ ਸਦਾ ਲਈ ਬੰਦ ਕਰ ਦੇਣਾ ਚਾਹੀਦਾ ਹੈ। ਸਾਡੇ ਪੰਜਾਬੀ 'ਚ ਛਪਦੇ ਪਰਚਿਆਂ ਵਿਚ ਇਨ੍ਹਾਂ ਪਾਖੰਡੀ ਬਾਬਿਆਂ, ਸਾਧਾਂ, ਸੁਆਮੀਆਂ, ਪੰਡਤਾਂ ਦੇ ਹਰ ਰੋਜ਼ ਇਸ਼ਤਿਹਾਰ ਛਪਦੇ ਹਨ ਕਿ ਅਸੀਂ ਤੁਹਾਡੀਆਂ ਸਮੱਸਿਆਵਾਂ ਅਤੇ ਬੀਮਾਰੀਆਂ ਦਾ ਇਲਾਜ ਕਰ ਦੇਵਾਂਗੇ। 21ਵੀਂ ਸਦੀ ਵਿੱਚ ਵੀ ਸਾਡੀ ਮੂਰਖ ਜਨਤਾ, ਅਖੌਤੀ ਪੜ੍ਹੀ-ਲਿਖੀ ਅਤੇ ਅਨਪੜ੍ਹ ਅਜੇ ਵੀ ਇਨ੍ਹਾਂ ਜਾਹਲਸਾਜ਼ਾਂ ਤੋਂ ਆਪਣਾ ਕੰਘਾ ਕਰਾਈ ਜਾਂਦੀ ਹੈ। ਜੇਕਰ ਇਨ੍ਹਾਂ ਵਿਚ ਕੋਈ ਸ਼ਕਤੀ ਹੈ ਤਾਂ ਫਿਰ ਹਸਪਤਾਲਾਂ ਜਾਂ ਸੋਸ਼ਲ ਸਰਵਿਸਜ਼ ਵਰਗੇ ਮਹਿਕਮਿਆਂ ਦੀ ਕੀ ਲੋੜ ਹੈ? ਇਨ੍ਹਾਂ ਪਾਖੰਡੀਆਂ ਨੂੰ ਕੋਈ ਪੁੱਛੇ ਕਿ ਤੁਸੀਂ ਫਨ ਚੁੱਕ ਕੇ ਵਲੈਤ ਕਿਉਂ ਆਉਂਦੇ ਹੋ ਜਦੋਂ ਕਿ ਭਾਰਤ ਵਿਚ ਨੰਗ ਭੁੱਖ, ਕੰਗਾਲੀ, ਗਰੀਬੀ, ਬਦਮਾਸ਼ੀ, ਧੋਖੇਬਾਜ਼ੀ ਅਤੇ ਹੋਰ ਐਨਾ ਗੰਦ ਹੈ, ਉਹਦਾ ਕਿਉਂ ਨਹੀਂ ਸਫਾਇਆ ਕਰਦੇ? ਇਸ ਸਾਰੇ ਪਿੱਛੇ ਸਾਡੀ ਨਲਾਇਕ ਵਿੱਦਿਆ ਪ੍ਰਣਾਲੀ ਅਤੇ ਗਈ ਗੁਜ਼ਰੀ ਲੀਡਰਸ਼ਿਪ ਦਾ ਹੱਥ ਹੈ। ਲੋਕਾਂ ਨੂੰ ਮੂਰਖ ਬਣਾਉਣ ਅਤੇ ਆਪਣੇ ਵਸ ਵਿਚ ਰੱਖਣ ਦਾ ਬਹੁਤ ਵਧੀਆ ਹਥਿਆਰ ਧਰਮ ਅਤੇ ਵਹਿਮ ਭਰਮ ਹਨ ਤਾਂ ਕਿ ਲੋਕ ਜਾਗਰੂਕ ਹੋ ਕੇ ਵਿਗਿਆਨਕ ਸੋਚ ਵਿਚ ਨਾ ਪਰਨਾਏ ਜਾਣ। ਲਾਹਣਤ ਹੈ ਐਹੋ ਜੇਹੇ ਲੋਕ-ਦੋਖੀਆਂ ਦੇ ਜਿਹੜੇ ਸਮਾਜ ਤੇ ਧੱਬਾ ਅਤੇ ਜੋਕਾਂ ਹਨ!

ਮੈਂ ਇਹ ਵੀ ਮਹਿਸੂਸ ਕਰਦਾਂ ਕਿ ਏਸ਼ੀਆਈ ਲੋਕਾਂ ਦੀ ਪਾਲਣਾ ਪੋਸ਼ਣਾ ਵੀ ਧਾਰਮਿਕ ਚਾਸ਼ਣੀ ਵਿਚ ਹੁੰਦੀ ਹੈ ਜਿਸ ਕਰਕੇ ਉਨ੍ਹਾਂ ਦੀਆਂ ਸ਼ਖਸ਼ੀਅਤਾਂ ਧਾਰਮਿਕ ਅਤੇ ਅਤਰਕਸ਼ੀਲ ਬਣ ਜਾਂਦੀਆਂ ਹਨ। ਫਿਰ ਇਸ ਗੱਲ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ ਕਿ ਕਿਸੇ ਨੇ ਕੋਈ ਸਕੂਲੀ, ਕਾਲਜੀ ਪੜ੍ਹਾਈ ਕੀਤੀ ਹੈ ਜਾਂ ਨਹੀਂ, ਉਹਦਾ ਧਾਰਮਿਕ ਰਵੱਈਆ ਨਹੀਂ ਬਦਲਦਾ। ਮੈਂ ਐਹੋ ਜਿਹੇ ਲੋਕਾਂ ਦਾ ਵਾਕਿਫ਼ ਹਾਂ ਜੇਹਨਾਂ ਨੇ ਡਾਕਟਰੇਟ ਲੇਵਲ ਤੱਕ ਵਿੱਦਿਆ ਪ੍ਰਾਪਤ ਕੀਤੀ ਹੈ ਪਰ ਉਹ ਬੁਰੀ ਤਰ੍ਹਾਂ ਅੰਧ-ਵਿਸ਼ਵਾਸਾਂ ਵਿਚ ਜਕੜੇ ਪਏ ਹਨ ਅਤੇ ਧਾਰਮਿਕ ਕਰਮ ਕਾਂਡ ਉਨ੍ਹਾਂ ਦੀਆਂ ਜ਼ਿੰਦਗੀਆਂ ਚਲਾਉਂਦੇ ਹਨ।

**ਪ੍ਰਸ਼ਨ : ਇਹ ਦੱਸੋ ਕਿ ਇਹ ਸਾਧ, ਬਾਬੇ ਵਧੀ ਫੁੱਲੀ ਕਿਵੇਂ ਜਾਂਦੇ ਆ?**

ਉੱਤਰ : ਸਾਰਾ ਜੀ, ਜਿਵੇਂ ਮੈਂ ਪਹਿਲਾਂ ਕਿਹਾ ਹੈ ਕਿ ਸਾਡੀ ਵਿੱਦਿਆ ਪ੍ਰਣਾਲੀ ਅਤੇ ਰਾਜਨੀਤਕ ਲੀਡਰਸ਼ਿਪ ਲੋਕ-ਦੋਖੀ ਹੈ। ਇਹ ਲੋਕਾਂ ਨੂੰ ਜਾਗ੍ਰਿਤ ਨਹੀਂ ਕਰਨਾ ਚਾਹੁੰਦੇ ਕਿਉਂਕਿ ਲੋਕਾਂ ਨੂੰ ਅਗਰ ਅਕਲ ਆ ਗਈ ਤਾਂ ਇਨ੍ਹਾਂ ਦਾ ਤੋਰੀ ਫੁਲਕਾ ਜਾਂਦਾ ਲੱਗੇਗਾ। ਹਰ ਪਿੰਡ ਸ਼ਹਿਰ ਵਿਚ ਕਈ ਕਈ ਧਾਰਮਿਕ ਸਥਾਨ ਹਨ

ਜੋ ਤੜਕੇ ਹੀ ਕਲਿਆਣ ਕਰਨਾ ਸ਼ੁਰੂ ਕਰ ਦਿੰਦੇ ਹਨ। ਕਿਤੇ ਮੰਦਰਾਂ ਵਾਲੇ ਤੇ ਕਿਤੇ ਗੁਰਦੁਆਰੇ ਅਤੇ ਮਸੀਤਾਂ ਵਾਲਿਆਂ ਖੌਰੂ ਪਾਇਆ ਪਿਆ। ਤ੍ਰਿਕਾਲਾਂ ਨੂੰ ਫਿਰ ਇਹ ਕੰਮ ਵਿੱਢ ਲਿਆ ਜਾਂਦਾ। ਦਿਨ ਵੇਲੇ ਸਾਧਾਂ, ਬਾਬਿਆਂ ਦੀਆਂ ਧਾੜਾਂ, ਦਨਦਨਾਉਂਦੀਆਂ ਫਿਰਦੀਆਂ ਅਤੇ ਪੰਡਤ ਟੇਵੇ ਲਾਉਂਦੇ ਫਿਰਦੇ ਹਨ। ਕੋਈ ਤੋਤੇ ਅਤੇ ਹੋਰ ਪੰਛੀ ਲੈ ਕੇ ਸੜਕਾਂ ਤੇ ਬੈਠਾ ਭਵਿੱਖ ਦੱਸ ਰਿਹਾ, ਕੋਈ ਗਾਂ ਜਾਂ ਸਾਹਨ ਲੈ ਕੇ ਪਿੰਡਾਂ ਵਿਚ ਗੇੜਾ ਕੱਢਦਾ ਫਿਰਦਾ। ਰੇਡੀਓ, ਟੀ. ਵੀ. ਐਹੋ ਜੇਹਾ ਹੀ ਕੂੜ ਪਰਚਾਰ ਕਰੀ ਜਾਂਦੇ ਹਨ ਕਿ ਕੋਈ ਬੱਚਾ, ਜੁਆਨ, ਬੁੱਢਾ ਬਿਨਾਂ ਕਿਸੇ ਲੱਗ ਲਗਾਅ ਦੇ ਸੋਚ ਹੀ ਨਹੀਂ ਸਕਦਾ। ਭਾਰਤ ਦਾ ਸਾਰਾ ਮਾਹੌਲ, ਦਾਰੋਮਦਾਰ ਧਰਮ ਦੁਆਲੇ ਚਰਖੜੀ ਵਾਂਗ ਦਿਨ ਰਾਤ ਘੁੰਮਦਾ ਹੈ ਅਤੇ ਇਹਦਾ ਫਾਇਦਾ ਵੇਹਲੜ ਸਾਧਾਂ, ਬਾਬਿਆਂ ਨੂੰ ਹੁੰਦਾ ਹੈ। ਉਹ ਕੈਂਸਰ ਵਾਂਗ ਵੱਧ ਰਹੇ ਹਨ ਕਿਉਂਕਿ ਉਨ੍ਹਾਂ ਲਈ ਮਾਹੌਲ ਬੜਾ ਸੁਖਾਵਾਂ ਹੈ। ਉਨ੍ਹਾਂ ਦੇ ਨੱਥ ਪਾਉਣ ਵਾਲਾ ਕੋਈ ਨਹੀਂ। ਸਾਰਾ ਜੀ, ਤੁਹਾਨੂੰ ਪਤਾ ਹੈ ਕਿ ਰਾਜਨੀਤਕ ਤਬਦੀਲੀਆਂ ਤਾਂ ਕਾਨੂੰਨਾਂ ਨਾਲ ਲਿਆਂਦੀਆਂ ਜਾ ਸਕਦੀਆਂ ਹਨ ਪਰ ਪਰੰਪਰਾਵਾਂ ਅਤੇ ਸੰਸਕਾਰਾਂ ਵਿਚ ਕ੍ਰਾਂਤੀ ਲਿਆਉਣ ਨੂੰ ਸੈਂਕੜੇ ਵਰ੍ਹੇ ਲੰਘ ਜਾਂਦੇ ਹਨ।

ਜਿਥੇ ਸਕੂਲਾਂ ਦੀ ਪੜ੍ਹਾਈ ਵੀ ਰੱਬ ਦੀਆਂ ਅਰਦਾਸਾਂ ਨਾਲ ਸ਼ੁਰੂ ਹੁੰਦੀ ਹੋਵੇ, ਉਥੇ ਬੱਚਾ ਰੱਬ ਵਰਗੇ ਖੋਖਲੇ ਵਿਚਾਰ ਤੋਂ ਕਿਵੇਂ ਅਣਭਿੱਜ ਰਹਿ ਸਕਦਾ? ਤੁਹਾਨੂੰ ਪਤਾ ਕਿ ਜਪਾਨ ਵਿਚਲੇ ਸਕੂਲਾਂ ਵਿਚ ਧਾਰਮਿਕ ਪੜ੍ਹਾਈ 1947 ਤੋਂ ਬੰਦ ਕੀਤੀ ਹੋਈ ਹੈ ਅਤੇ ਹੁਣ ਬਰਤਾਨੀਆਂ ਵਿਚ ਵੀ ਇਸ ਗੱਲ ਤੇ ਵਿਚਾਰਾਂ ਹੋ ਰਹੀਆਂ ਹਨ ਕਿ ਧਾਰਮਿਕ ਪੜ੍ਹਾਈ ਦੇ ਵਿਸ਼ੇ ਨੂੰ ਸਕੂਲਾਂ ਦੇ ਸਿਲੇਬਸਾਂ ਵਿਚੋਂ ਖਾਰਜ ਕਰ ਦਿੱਤਾ ਜਾਵੇ। ਸਾਡੇ ਤਾਂ ਇਕ ਪਾਸੜ ਹੀ ਸਿੱਖਿਆ ਦਿੱਤੀ ਜਾਂਦੀ ਹੈ, ਅਗਰ ਉਹਨੂੰ ਮੈਂ ਸਿੱਖਿਆ ਮੰਨ ਲਵਾਂ ਤਾਂ। ਚਾਰਵਾਕ ਦੀ ਫਿਲਾਸਫੀ ਅਤੇ ਬੁੱਧ ਦੀ ਨਾਸਤਿਕ ਫਿਲਾਸਫੀ ਨੂੰ ਉਹ ਥਾਂ ਨਹੀਂ ਦਿੱਤੀ ਜਾਂਦੀ। ਨਾਸਤਿਕ ਵਿਦਵਾਨਾਂ ਦੀਆਂ ਕਿਤਾਬਾਂ ਨੂੰ ਵੀ ਪੜ੍ਹਾਈ ਦਾ ਇਕ ਜ਼ਰੂਰੀ ਅੰਗ ਬਨਣਾ ਚਾਹੀਦਾ ਹੈ। ਪੱਛਮੀ ਮੁਲਕਾਂ ਵਿਚ ਇਸੇ ਕਰਕੇ ਲੋਕੀ ਰੱਬ ਦੀ ਹੋਂਦ ਤੋਂ ਮੁਨਕਰ ਹੋ ਗਏ ਕਿਉਂਕਿ ਇਥੇ ਦੇ ਲੇਖਕਾਂ, ਵਿਦਵਾਨਾਂ ਨੇ ਇਸ ਬਾਰੇ ਭਰਵੀਂ ਬਹਿਸ ਕੀਤੀ, ਪਰ ਸਾਡੇ ਅਜੇ ਤੱਕ ਕਿਸੇ ਵੀ ਧਰਮ ਬਾਰੇ ਨਿਰਪੱਖ ਖੋਜ ਨਹੀਂ ਹੋਣ ਦਿੱਤੀ ਜਾਂਦੀ। ਵਲੈਤ ਵਿਚ ਮਸੀਂ 3-4 ਪ੍ਰਤੀਸ਼ਤ ਲੋਕ ਹੀ ਐਤਵਾਰ ਨੂੰ ਚਰਚ ਜਾਂਦੇ ਹਨ ਤੇ ਇਹ ਲੋਕ ਵੀ ਬੁੱਢੇ ਬੁੱਢੀਆਂ ਹੀ ਹਨ। ਹੁਣ ਚਰਚ ਵਿਕ ਰਹੇ ਹਨ ਅਤੇ ਏਸ਼ੀਅਨ ਲੋਕ ਉਨ੍ਹਾਂ ਨੂੰ ਖਰੀਦ ਕੇ ਗੁਰਦੁਆਰੇ, ਮੰਦਰ, ਮਸੀਤਾਂ ਬਣਾ ਲਏ ਹਨ। ਲੱਖਾਂ ਪੌਂਡ ਉਨ੍ਹਾਂ ਇਮਾਰਤਾਂ ਤੇ ਲਾ ਕੇ ਪੈਸਾ ਬਰਬਾਦ ਕਰ ਦਿੱਤਾ ਹੈ। ਸਾਡੇ ਬੱਚੇ ਜਦ ਧਾਰਮਿਕ ਆਗੂਆਂ ਨੂੰ ਕਈ ਗੱਲਾਂ ਬਾਰੇ ਪੁੱਛਦੇ ਹਨ ਤਾਂ ਉਨ੍ਹਾਂ ਕੋਲ ਕੋਈ ਜੁਆਬ ਨਹੀਂ ਹੁੰਦਾ। ਇਸ ਕਰਕੇ ਬੱਚੇ ਮੰਦਰ, ਗੁਰਦੁਆਰੇ ਅਤੇ ਮਸੀਤਾਂ ਵਿਚ ਜਾ ਕੇ ਰਾਜ਼ੀ ਨਹੀਂ। ਮੈਨੂੰ ਇਉ ਲਗਦੈ ਕਿ ਅਗਲੇ 15-20 ਸਾਲਾਂ ਵਿਚ ਇਨ੍ਹਾਂ ਧਾਰਮਿਕ ਅਸਥਾਨਾਂ ਵਿਚ ਕੋਈ ਨਹੀਂ ਜਾਵੇਗਾ ਅਤੇ ਇਨ੍ਹਾਂ ਇਮਾਰਤਾਂ ਨੂੰ ਖਰੀਦਣ ਵਾਲਾ ਵੀ ਕੋਈ ਨਹੀਂ ਹੋਵੇਗਾ। ਇਹ ਅੰਨ੍ਹੇਵਾਹ ਖਰਚਿਆ ਪੈਸਾ ਭੰਗ ਦੇ ਭਾੜੇ ਚਲੇ ਜਾਵੇਗਾ ਜਾਂ ਇਹ ਇਮਾਰਤਾਂ ਕਮਿਊਨਿਟੀ ਸੈਂਟਰਾਂ 'ਚ ਬਦਲ ਜਾਣਗੀਆਂ। ਇਹ ਆਪਣੇ ਲਈ ਚੰਗੀ ਗੱਲ ਹੈ ਪਰ ਭਾਰਤ ਵਿਚ ਬਾਬਿਆਂ

ਨੂੰ ਹੁੰਝਾ ਫਿਰ ਜਾਵੇ ਇਹ ਮੈਨੂੰ ਨਜ਼ਰ ਨਹੀਂ ਆ ਰਿਹਾ। ਥਾਂ-ਥਾਂ ਗੁਰਦੁਆਰਿਆਂ, ਮੰਦਰਾਂ, ਮਸੀਤਾਂ ਦੀ ਭਰਮਾਰ ਅਤੇ ਫਿਰ ਲਾਊਂਡ ਸਪੀਕਰਾਂ ਦਾ ਖੌਰੂ, ਰਾਜਨੀਤਕ ਨਪੁੰਸਕਤਾ, ਸਕੂਲੀ, ਕਾਲਜੀ ਪੜ੍ਹਾਈ ਦਾ ਗੰਧਲਾਪਣ ਇੰਨਾ ਜ਼ਿਆਦਾ ਹੈ ਕਿ ਹੇਰਾਫੇਰੀਆਂ ਵੀ ਧਾਰਮਿਕ ਰਸਮਾਂ ਨਾਲ ਸ਼ੁਰੂ ਕੀਤੀਆਂ ਜਾਂਦੀਆਂ ਹਨ। ਤਰਕਸ਼ੀਲ ਲੋਕਾਂ ਅਤੇ ਤਰਕਸ਼ੀਲ ਸੁਸਾਇਟੀਆਂ ਅਤੇ ਤਰਕਸ਼ੀਲ ਸਾਹਿਤ ਨੇ ਕੁੱਝ ਆਸ ਤਾਂ ਪੈਦਾ ਕੀਤੀ ਹੈ ਪਰ ਇਹ ਕੰਮ ਪਹਾੜ ਜਿੱਡਾ ਹੈ। ਲੋਕਾਂ ਦੀ ਮਾਨਸਿਕਤਾ ਨੂੰ ਬਦਲਣ ਲਈ ਪੜ੍ਹੇ ਲਿਖੇ ਲੋਕਾਂ, ਲੇਖਕਾਂ ਅਤੇ ਵਿਦਵਾਨਾਂ ਦਾ ਵੀ ਭਰਵਾਂ ਰੋਲ ਹੁੰਦਾ ਹੈ ਪਰ ਮੈਨੂੰ ਇਉਂ ਲੱਗਦਾ ਹੈ ਕਿ ਭਾਰਤ ਵਿਚਲੀ ਲੁੱਟ ਚੋਂਘ ਅਤੇ ਧੱਕੜਸ਼ਾਹੀ ਵਿਚ ਜਿਥੇ ਸਿਆਸਤਦਾਨਾਂ ਦਾ ਘਟੀਆ ਰੋਲ ਹੈ ਉਥੇ ਸਰਕਾਰੀ ਬਾਬੂਆਂ ਅਤੇ ਪੜ੍ਹੇ ਲਿਖੇ ਲੋਕਾਂ ਦਾ ਵੀ ਕੋਈ ਵਧੀਆ ਰੋਲ ਨਹੀਂ ਹੈ। ਇਹ ਲੋਕ ਸਭ ਕਾਸੇ ਦਾ ਨਜ਼ਲਾ ਵਧਦੀ ਆਬਾਦੀ ਅਤੇ ਸਰਕਾਰੀ ਢਾਂਚੇ ਉਪਰ ਸੁੱਟੀ ਜਾਂਦੇ ਹਨ ਜਦੋਂ ਕਿ ਇਨ੍ਹਾਂ ਦੀਆਂ ਆਪਣੀਆਂ ਕਦਰਾਂ ਕੀਮਤਾਂ ਅਤੇ ਸੋਚਣੀ ਵੀ ਪਿਛਾਂਹ ਖਿੱਚੂ ਹੈ। ਜਿੰਨੀ ਦੇਰ ਇਨ੍ਹਾਂ ਸਾਰੀਆਂ ਗੱਲਾਂ ਵੱਲ ਗੰਭੀਰਤਾ ਨਾਲ ਧਿਆਨ ਨਾ ਦਿੱਤਾ, ਬਾਬੇ ਸਾਧ ਖੁੰਭਾਂ ਵਾਂਗ ਉੱਗਦੇ ਰਹਿਣਗੇ।

ਹਾਂ, ਬਰਤਾਨੀਆਂ ਵਿਚ ਸਾਲ 2004 ਤੋਂ ਇਹ ਮੰਨ ਲਿਆ ਗਿਆ ਹੈ ਕਿ ਸਕੂਲਾਂ ਵਿਚ ਜਦ ਧਾਰਮਿਕ ਵਿਸ਼ਿਆਂ ਬਾਰੇ ਪੜ੍ਹਾਇਆ ਜਾਵੇਗਾ ਤਾਂ "ਨਾਸਤਿਕਤਾ" ਬਾਰੇ ਵੀ ਪੜ੍ਹਾਇਆ ਜਾਵੇਗਾ ਜਦੋਂ ਕਿ ਇਹ ਗੱਲ ਪਹਿਲਾਂ ਨਹੀਂ ਸੀ। ਇਹ ਇਨ੍ਹਾਂ ਦੀ ਅਣਸਰਦੀ ਜ਼ਰੂਰਤ ਹੈ ਕਿਉਂਕਿ ਜਦ 2001 ਦੀ ਜਨਗਣਨਾ ਕੀਤੀ ਗਈ ਤਾਂ ਤਕਰੀਬਨ 20 ਪ੍ਰਤੀਸ਼ਤ ਲੋਕਾਂ ਕਿਹਾ ਕਿ ਅਸੀਂ ਕਿਸੇ ਧਰਮ ਵਿਚ ਯਕੀਨ ਨਹੀਂ ਕਰਦੇ। ਇਹ ਗਿਣਤੀ ਇਥੇ ਦਿਨੋਂ ਦਿਨ ਵੱਧ ਰਹੀ ਹੈ ਅਤੇ ਇਹ ਬੜੀ ਖੁਸ਼ੀ ਵਾਲੀ ਗੱਲ ਹੈ।

**ਪ੍ਰਸ਼ਨ : ਹਰੀਸ਼ ਜੀ, ਪੈਸੇ ਦਾ ਪਸਾਰ ਤਾਂ ਹੋਇਆ ਹੈ ਪਰ ਲੋਕਾਂ ਦੀ ਮਾਨਸਿਕਤਾ ਵਿਚ ਕੋਈ ਬਹੁਤੀ ਤਬਦੀਲੀ ਨਹੀਂ ਆਈ, ਖਾਸ ਕਰਕੇ ਤਰਕਸ਼ੀਲ ਸੋਚਣੀ ਜ਼ਿਆਦਾ ਨਹੀਂ ਵਧੀ?**

ਉੱਤਰ : ਇਹਦੇ 'ਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿਚ ਅਤੇ ਬਾਹਰਲੇ ਮੁਲਕਾਂ ਵਿਚ ਆਏ ਪੰਜਾਬੀਆਂ ਕੋਲ ਹੁਣ ਪੈਸਾ ਕਾਫੀ ਹੈ, ਰੋਜ਼ਮਰਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਜ਼ਿਆਦਾ ਤਰੱਦਦ ਨਹੀਂ ਕਰਨਾ ਪੈ ਰਿਹਾ। ਪਰ ਦੂਜੇ ਪਾਸੇ ਇਹ ਵੀ ਸਚਾਈ ਹੈ ਕਿ ਪੈਸੇ ਨਾਲ ਅਕਲ ਦਾ ਜ਼ਿਆਦਾ ਤਅਲੁਕ ਨਹੀਂ ਹੁੰਦਾ। ਮੈਂ ਕਈ ਜਾਹਲ ਲੋਕਾਂ ਨੂੰ ਜਾਣਦਾ ਹਾਂ ਜਿਨ੍ਹਾਂ ਕੋਲ ਕਾਫੀ ਪੈਸਾ ਹੈ ਪਰ ਉਨ੍ਹਾਂ ਦੀ ਸੋਚਣੀ, ਕਦਰਾਂ ਕੀਮਤਾਂ ਬੜੀਆਂ ਪਿਛਾਂਹ ਖਿੱਚੂ ਅਤੇ ਜਗੀਰੂ ਕਿਸਮ ਦੀਆਂ ਹਨ। ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਵਰਗੇ ਮੁਲਕਾਂ ਵਿਚ ਆਏ ਆਪਣੇ ਲੋਕਾਂ ਦੀ ਸੋਚਣੀ 'ਚ ਇਸੇ ਕਰਕੇ ਬਹੁਤਾ ਫਰਕ ਨਹੀਂ ਪਿਆ ਕਿ ਉਨ੍ਹਾਂ ਤਰਕਸ਼ੀਲ ਸੋਚਣੀ ਨੂੰ ਅਪਣਾਇਆ ਨਹੀਂ ਅਤੇ ਨਾ ਹੀ ਇਸ ਬਾਰੇ ਕਿਸੇ ਉਨ੍ਹਾਂ ਨੂੰ ਸਿੱਖਿਆ ਦਿੱਤੀ ਸੀ। ਜੋ ਕਿਸੇ ਨੂੰ ਪਤਾ ਹੁੰਦਾ ਹੈ ਜਾਂ ਜੋ ਉਨ੍ਹਾਂ ਦੇ ਪਿਉ ਦਾਦੇ ਕਰਦੇ ਆਏ ਹੁੰਦੇ ਹਨ, ਉਹ ਹੀ ਉਹ ਕਰਦੇ ਹਨ। ਮੈਂ ਐਹੋ ਜੇਹੇ ਲੋਕਾਂ ਨੂੰ ਜਾਣਦਾ ਹਾਂ ਜਿਹਨਾਂ ਮਸੀਂ ਖਿੱਚ ਧੂਹ ਕਰਕੇ ਪ੍ਰਾਇਮਰੀ ਸਕੂਲ ਤੱਕ ਹੀ ਪੜ੍ਹਾਈ ਕੀਤੀ ਸੀ ਅਤੇ ਜਦ ਉਹ ਮਿਡਲ ਈਸਟ ਦੇ

ਮੁਲਕਾਂ ਜਾਂ ਇੰਗਲੈਂਡ, ਕਨੇਡਾ, ਅਮਰੀਕਾ ਪਹੁੰਚੇ ਤਾਂ ਸਭ ਤੋਂ ਪਹਿਲਾਂ ਕੰਮ ਇਹ ਹੀ ਕੀਤਾ ਕਿ ਪਿੰਡ ਦੀ ਮਟੀ, ਮਸੀਤ, ਗੁਰਦੁਆਰੇ ਨੂੰ ਪੈਸੇ ਘੱਲੇ ਕਿ ਬਾਬੇ ਦੀ ਮੇਹਰ ਨਾਲ ਉਹ ਬਾਹਰਲੇ ਮੁਲਕਾਂ 'ਚ ਆ ਕੇ ਪੈਸੇ ਵੱਲੋਂ ਸੌਖਾ ਹੋ ਗਿਆ। ਪੰਜਾਬ ਦੇ ਪਿੰਡਾਂ 'ਚ ਜੁਆਕ ਪੜ੍ਹ ਨਹੀਂ ਰਹੇ ਕਿਉਂਕਿ ਉਹ ਦੇਖ ਰਹੇ ਹਨ ਕਿ ਜਦ ਫਲਾਣਾ ਅਨਪੜ੍ਹ, ਅਧਪੜ੍ਹਿਆ ਐਨਾ ਪੈਸਾ ਕਮਾ ਸਕਦਾ ਤਾਂ ਸਕੂਲ, ਕਾਲਜ ਪੜ੍ਹਨ ਦਾ ਕੀ ਮਤਲਬ? ਕਨੇਡਾ, ਇੰਗਲੈਂਡ, ਅਮਰੀਕਾ ਅਤੇ ਹੋਰ ਪੱਛਮੀ ਮੁਲਕਾਂ ਵਿਚ ਆ ਕੇ ਆਪਣੇ ਲੋਕਾਂ ਕਾਫ਼ੀ ਗੁੱਲ ਖੁਲਾਏ ਹਨ। ਧਾਰਮਿਕ ਅਸਥਾਨਾਂ ਵਿਚ ਚੌਧਰ ਅਤੇ ਪੈਸੇ ਪਿੱਛੇ ਕਿਰਪਾਨਾਂ ਚੱਲੀਆਂ ਹਨ ਅਤੇ ਚੱਲ ਰਹੀਆਂ ਹਨ। ਇਹ ਇਕ ਕਿਸਮ ਦਾ ਬੜੇ ਫ਼ਾਇਦੇ ਵਾਲਾ ਵਿਉਪਾਰ ਬਣ ਗਿਆ ਹੈ। ਜਿਥੇ ਕਿਸੇ ਦੀ ਹਿੰਗ ਲੱਗੇ ਨਾ ਫੜਕੜੀ, ਲੋਕਾਂ ਦੀ ਮਾਨਸਿਕਤਾ ਨਾਲ ਐਹੋ ਜੇਹਾ ਖਿਲਵਾੜ ਕਦੇ ਹੋਰ ਕਿਤੇ ਦੇਖਣ 'ਚ ਨਹੀਂ ਆਇਆ।

ਜਿਥੋਂ ਤੱਕ ਅਕਲ ਦਾ ਸੁਆਲ ਹੈ, ਅਕਲ ਨਾਲ ਨੈਤਿਕਤਾ ਵਧਣੀ ਚਾਹੀਦੀ ਹੈ ਪਰ ਨੈਤਿਕਤਾ ਦੀ ਇਹ ਗੱਲ ਹੈ ਕਿ ਸਾਡੇ ਲੋਕਾਂ ਨੇ ਬਾਹਰਲੇ ਮੁਲਕਾਂ 'ਚ ਪਹੁੰਚਣ ਲਈ ਗੋਰੀਆਂ ਨਾਲ ਝੂਠੇ ਵਿਆਹ ਕਰਾਏ, ਭੈਣਾਂ ਨੇ ਭਰਾਵਾਂ ਨਾਲ ਵਿਆਹ ਕਰਾਏ ਅਤੇ ਦਿਉਰਾਂ ਨੇ ਆਪਣੀਆਂ ਭਾਬੀਆਂ ਨਾਲ ਵਿਆਹ ਕਰਾਏ ਤਾਂ ਕਿ ਉਹ ਕਿਸੇ ਤਰ੍ਹਾਂ ਪੱਕੇ ਹੋ ਕੇ ਇਨ੍ਹਾਂ ਮੁਲਕਾਂ ਵਿਚ ਰਹਿ ਸਕਣ। ਇਧਰ ਆਉਣ ਲਈ ਸਾਧਾਂ ਬਾਬਿਆਂ ਅਤੇ ਗਵੱਈਆਂ ਨੇ ਵੀ ਟੋਲੇ ਦੇ ਟੋਲੇ ਇਸ ਝੂਠ ਵਿਚ ਵਹਾ ਦਿੱਤੇ ਅਤੇ ਕਾਫੀ ਪੈਸੇ ਕਮਾਏ। ਸੋ ਜਦ ਐਹੋ ਜੇਹੀ ਮਾਨਸਿਕਤਾ ਹੋਵੇ ਤਾਂ ਫਿਰ ਤਰਕਸ਼ੀਲ ਸੋਚਣੀਂ ਕਿਵੇਂ ਵਧ ਸਕਦੀ ਹੈ। ਥੋੜ੍ਹੀ ਆਸ ਹੁਣ ਇਸ ਗੱਲ ਤੇ ਬੱਝ ਰਹੀ ਹੈ ਕਿ ਸਾਡੇ ਇਥੇ ਜੰਮੇ ਪਲੇ ਬੱਚੇ ਵੱਡੇ ਹੋ ਕੇ ਸਾਡੀਆਂ ਜਗੀਰੂ ਰੁਚੀਆਂ ਅਤੇ ਇਸ ਪਿਛਾਂਹ-ਖਿੱਚੂ ਮਾਨਸਿਕਤਾ ਨੂੰ ਸੱਟ ਮਾਰਨਗੇ। ਇਸ ਗੱਲ ਦੀ ਵੀ ਆਸ ਬੱਝ ਰਹੀ ਹੈ ਕਿ ਬਾਹਰਲੇ ਮੁਲਕਾਂ ਵਿਚ ਪੈਦਾ ਹੋਏ ਬੱਚੇ ਜਦ ਆਪਣੇ ਮਾਂ ਪਿਉ ਤੋਂ ਧਾਰਮਿਕ ਰਸਮਾਂ ਰਿਵਾਜਾਂ ਬਾਰੇ ਕੋਈ ਪ੍ਰਸ਼ਨ ਪੁੱਛਦੇ ਹਨ ਤਾਂ ਉਨ੍ਹਾਂ ਨੂੰ ਕੋਈ ਤਰਕਸ਼ੀਲ ਜੁਆਬ ਨਹੀਂ ਆਉਂਦਾ ਅਤੇ ਉਹ ਬੱਚਿਆਂ ਦੀ ਤਸੱਲੀ ਨਹੀਂ ਕਰਵਾ ਸਕਦੇ। ਇਸ ਨਾਲ ਬੱਚੇ ਰੱਬ ਅਤੇ ਧਰਮ ਤੇ ਕਿੰਤੂ ਕਰਨ ਲੱਗ ਪਏ ਹਨ। ਦੂਸਰਾ ਇਹ ਵੀ ਹੈ ਕਿ ਜਦ ਉਹ ਧਾਰਮਿਕ ਸੰਸਥਾਵਾਂ ਵਿਚ ਲੜਾਈਆਂ ਹੁੰਦੀਆਂ ਦੇਖਦੇ ਹਨ ਤਾਂ ਉਨ੍ਹਾਂ ਦਾ ਮਨ ਕਈ ਤਰ੍ਹਾਂ ਦੇ ਸੁਆਲ ਖੜ੍ਹੇ ਕਰਦਾ ਹੈ। ਇਕ ਹੋਰ ਗੱਲ ਵੀ ਸਾਡੇ ਲਈ ਅਤੇ ਆਉਣ ਵਾਲੀ ਨਸਲ ਲਈ ਫਾਇਦੇਮੰਦ ਹੋ ਰਹੀ ਹੈ ਕਿ ਬਹੁਤੇ ਗ੍ਰੰਥੀ, ਭਾਈ, ਮੌਲਵੀ ਅਤੇ ਪੰਡਤ ਜ਼ਿਆਦਾ ਪੜ੍ਹੇ ਲਿਖੇ ਨਹੀਂ ਹਨ ਅਤੇ ਉਨ੍ਹਾਂ ਦਾ ਅੰਗਰੇਜ਼ੀ ਵਿਚ ਹੱਥ ਤੰਗ ਹੋਣ ਕਰਕੇ ਬੱਚਿਆਂ ਨੂੰ ਕੁਝ ਸਮਝਾ ਨਹੀਂ ਸਕਦੇ। ਇਹ ਗੱਲ ਵੀ ਬੱਚਿਆਂ ਨੂੰ ਧਰਮ ਅਤੇ ਅੰਧਵਿਸ਼ਵਾਸ ਤੋਂ ਦੂਰ ਲਿਜਾ ਰਹੀ ਹੈ।

**ਪ੍ਰਸ਼ਨ : ਹਰੀਸ਼ ਜੀ, ਇਹ ਦੱਸੋ ਕਿ ਔਰਤਾਂ ਵਿਚ ਬਾਬਿਆਂ, ਸਾਧਾਂ ਬਾਰੇ ਸ਼ਰਧਾ ਕਿਉਂ ਹੈ?**

ਉੱਤਰ : ਭਾਰਤੀ ਸਮਾਜ ਬਾਕੀ ਦੁਨੀਆਂ ਦੇ ਸਮਾਜਾਂ ਨਾਲੋਂ ਕੁਝ ਜ਼ਿਆਦਾ ਹੀ ਮਰਦ-ਪ੍ਰਧਾਨ ਸਮਾਜ ਹੈ। ਕਰਵਾ-ਚੌਥ, ਲੋਹੜੀ ਅਤੇ ਰੱਖੜੀ ਵਰਗੇ ਤਿਉਹਾਰ ਸਾਡੀ ਇਸ ਪੁੱਠੀ ਮੱਤ ਤੇ ਹਰ ਸਾਲ ਦੋਹਰ ਪਾਉਂਦੇ ਹਨ। ਕੁੜੀ ਜੰਮਣ ਨੂੰ ਬਦਸ਼ਗਨੀ

ਮੰਨਿਆ ਜਾਂਦਾ ਅਤੇ ਮੁੰਡੇ ਜੰਮਣ ਤੇ ਪਾਰਟੀਆਂ ਅਤੇ ਮਠਿਆਈਆਂ ਵੰਡੀਆਂ ਜਾਂਦੀਆਂ ਹਨ। ਸਭ ਤੋਂ ਜ਼ਿਆਦਾ ਜਹਾਲਤ ਤਾਂ ਸਾਡੀ ਇਸ ਵਿਚ ਹੈ ਕਿ ਕੁੜੀ ਜਾਂ ਮੁੰਡੇ ਦਾ ਪੈਦਾ ਹੋਣ ਦਾ ਸੇਹਰਾ ਆਦਮੀ ਦੇ ਜੀਵਾਣੂਆਂ (SPERMS) ਤੇ ਨਿਰਭਰ ਕਰਦਾ ਹੈ ਪਰ ਸਾਡਾ ਬੁੱਧੂ ਲਾਣਾ ਸਦਾ ਔਰਤਾਂ ਨੂੰ ਦੋਸ਼ੀ ਠਹਿਰਾਉਂਦਾ ਹੈ। ਸਾਡੀਆਂ ਧਾਰਮਿਕ ਪੁਸਤਕਾਂ ਰਮਾਇਣ, ਮਹਾਂਭਾਰਤ ਔਰਤਾਂ ਨੂੰ ਅਪਮਾਨਤ ਕਰਨ ਅਤੇ ਘਟੀਆ ਦਿਖਾਉਣ ਦੀਆਂ ਪ੍ਰਤੱਖ ਉਦਾਹਰਣਾਂ ਹਨ। ਸਿੱਖਾਂ ਦੇ ਅਸੂਲਨ ਸਿਧਾਂਤ ਭਾਵੇਂ ਬਰਾਬਰੀ ਦੀ ਗੱਲ ਕਰਦੇ ਹਨ ਪਰ ਪਰੈਕਟਿਸ ਵਿਚ ਇਹ ਲਾਗੇ ਚਾਗੇ ਵੀ ਨਹੀਂ ਹਨ। ਵਿਆਹ ਵੇਲੇ ਕੁੜੀ ਦਾ ਪੱਲਾ ਮੁੰਡੇ ਨਾਲ ਬੰਨਿਆ ਜਾਂਦਾ ਅਤੇ 'ਪੱਲੇ ਤੈਂਡੇ ਲਾਗੀ' ਦਾ ਸ਼ਬਦ ਗਾਇਨ ਕੀਤਾ ਜਾਂਦਾ ਜਿਵੇਂ ਕਿੱਲੇ ਨਾਲੋਂ ਖੋਹਲ ਕੇ ਗਾਂ ਫੜਾ ਦਈਦੀ ਹੈ। ਇਸ ਸਾਰੇ ਮਾਹੌਲ ਵਿਚ ਔਰਤ ਇਕ ਵਸਤੂ ਵਾਂਗ ਹੋ ਕੇ ਰਹਿ ਜਾਂਦੀ ਹੈ। ਇਹ ਹੀ ਕਾਰਨ ਹੈ ਕਿ ਉਹ ਆਪਣੀ ਹੋਂਦ ਕਾਇਮ ਰੱਖਣ ਲਈ ਕੋਈ ਢੋਆ ਲੱਭਦੀ ਹੈ ਅਤੇ ਇਨ੍ਹਾਂ ਬਾਬਿਆਂ, ਸਾਧਾਂ ਦੇ ਪੰਜਿਆਂ ਵਿਚ ਜਕੜੀ ਜਾਂਦੀ ਹੈ। ਅਸੀਂ ਤਾਂ ਇਨ੍ਹੇ ਮੂਰਖ ਹਾਂ ਕਿ ਦੇਸ਼ ਦੀ 50 ਪ੍ਰਤੀਸ਼ਤ ਤੋਂ ਜ਼ਿਆਦਾ ਆਬਾਦੀ ਦੀ ਕਦਰ ਨਹੀਂ ਕਰਦੇ, ਉਨ੍ਹਾਂ ਦਾ ਦਿਮਾਗ ਨਹੀਂ ਵਰਤਦੇ, ਸਗੋਂ ਗੁਲਾਮਾਂ ਵਾਂਗ ਦਬਾ ਕੇ ਰੱਖਦੇ ਹਾਂ। ਪੱਛਮੀ ਮੁਲਕਾਂ ਦੀ ਤਰੱਕੀ ਦਾ ਇਕ ਕਾਰਨ ਇਹ ਵੀ ਹੈ ਕਿ ਇਥੇ ਔਰਤਾਂ, ਆਦਮੀਆਂ ਨਾਲ ਹਰ ਕੰਮ 'ਚ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀਆਂ ਹਨ। ਇਨ੍ਹਾਂ ਮਾਅਰਕੇ ਦੀਆਂ ਸਾਇੰਸਦਾਨ, ਲੇਖਕ ਅਤੇ ਵਿਦਵਾਨ ਔਰਤਾਂ ਪੈਦਾ ਕੀਤੀਆਂ ਹਨ। ਅੱਜ ਕੱਲ੍ਹ ਬਰਤਾਨੀਆਂ ਦੇ ਪੜ੍ਹਾਈ ਦੇ ਅੰਕੜੇ ਦੱਸਦੇ ਹਨ ਕਿ ਮੁੰਡਿਆਂ ਨਾਲੋਂ ਕੁੜੀਆਂ ਪੜ੍ਹਾਈ ਵਿਚ ਜ਼ਿਆਦਾ ਹੁਸ਼ਿਆਰ ਹਨ।

ਇਕ ਗੱਲ ਇਥੇ ਮੈਂ ਹੋਰ ਵੀ ਕਰਨੀ ਚਾਹੁੰਦਾ ਕਿ ਬਹੁਤੇ ਭਾਰਤੀਆਂ ਨੂੰ ਇਹ ਭੁਲੇਖਾ ਹੈ ਕਿ ਭਾਰਤੀ, ਪੰਜਾਬੀ ਸਭਿਆਚਾਰ ਦੁਨੀਆਂ ਭਰ 'ਚੋਂ ਵਧੀਆ ਹੈ ਜਦੋਂ ਕਿ ਗੱਲ ਇਸ ਤੋਂ ਬਿਲਕੁਲ ਉਲਟ ਹੈ। ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਕੁੱਝ ਕਦਰਾਂ ਕੀਮਤਾਂ ਚੰਗੀਆਂ ਹਨ ਪਰ ਪੱਛਮੀ ਸਭਿਆਚਾਰ ਨੂੰ ਇਕਪਾਸੜ ਹੂੰਝਾ ਫੇਰ ਢੰਗ ਨਾਲ ਨਿਕਾਰਨਾ ਤਰਕ ਦੇ ਅਧਾਰ ਤੇ ਬਿਲਕੁਲ ਠੀਕ ਨਹੀਂ ਬੈਠਦਾ। ਸਾਡੇ ਅੱਜ ਕੱਲ੍ਹ ਦੇ ਦੰਗੜਾ ਮਾਰਕਾ ਗੀਤ ਅਤੇ ਸਾਡੇ ਬਹੁਤੇ ਲੋਕ-ਗੀਤ ਵੀ ਔਰਤਾਂ ਨੂੰ ਘਟੀਆ ਦਿਖਾਉਣ ਵਿਚ ਹਿੱਸਾ ਪਾਉਂਦੇ ਹਨ। ਕਈ ਵਾਰ ਤਾਂ ਇਉਂ ਲੱਗਦਾ ਕਿ ਔਰਤਾਂ ਨੂੰ ਹਰ ਗੱਲ ਤੇ ਨਿਸ਼ਾਨਾ ਬਣਾਇਆ ਜਾਂਦਾ। ਉਨ੍ਹਾਂ ਨੂੰ ਪੈਰ-ਪੈਰ ਤੇ ਜ਼ਲੀਲ ਕੀਤਾ ਜਾਂਦਾ ਹੈ। ਇਹ ਗੱਲਾਂ ਕੋਈ ਨਵੀਆਂ ਨਹੀਂ ਹਨ ਸਗੋਂ ਸਦੀਆਂ ਤੋਂ ਚੱਲੀਆਂ ਆ ਰਹੀਆਂ ਹਨ। ਇਸ ਕਰਕੇ ਔਰਤਾਂ, ਔਰਤਾਂ ਤੇ ਜ਼ੁਲਮ ਢਾਹੁੰਦੀਆਂ ਹਨ ਕਿਉਂਕਿ ਇਸ ਵਿਚ ਸਾਰਾ ਕਸੂਰ ਮਰਦ ਦਾ ਹੈ ਅਤੇ ਉਹਨਾਂ ਸਮਾਜਿਕ ਕਦਰਾਂ ਕੀਮਤਾਂ ਦਾ ਹੈ ਜਿਹੜੀਆਂ ਮਰਦ ਨੇ ਘੜੀਆਂ ਹਨ। ਅੰਗਰੇਜ਼ੀ ਵਿਚ ਇਹਨੂੰ INTERNALISED OPPRESSION ਕਹਿੰਦੇ ਹਨ। ਇਸੇ ਕਰਕੇ ਕਿਸਮਤਾਂ, ਕਰਮਾਂ ਅਤੇ ਭਾਗਾਂ ਦਾ ਚੱਕਰ ਸ਼ੁਰੂ ਹੁੰਦਾ ਹੈ। ਇਸ ਤਰ੍ਹਾਂ ਦੇ ਹਾਲਾਤ ਵਿਚ ਔਰਤਾਂ ਕੋਈ ਆਸਰਾ ਲੱਭਦੀਆਂ ਅਤੇ ਇਹ ਆਸਰਾ ਬਾਬਿਆਂ ਦੇ ਚੁੰਗਲ 'ਚ ਫਸ ਕੇ ਲੱਭਦਾ ਹੈ। ਸਾਡੀਆਂ ਝੂਠੀਆਂ ਇੱਜ਼ਤਾਂ ਦੇ ਉਸ ਵੇਲੇ ਪਰਖਚੇ ਉੱਡ ਜਾਂਦੇ ਹਨ ਜਦ ਲੁੱਚੇ ਬਾਬਿਆਂ, ਸਾਧਾਂ, ਸੁਆਮੀਆਂ ਦੀਆਂ ਬਦਮਾਸ਼ੀਆਂ ਸਾਡੇ ਸਾਹਮਣੇ ਆਉਂਦੀਆਂ ਹਨ। ਮੈਂ ਕਈ ਕੇਸਾਂ

ਦਾ ਵਾਕਿਫ਼ ਹਾਂ ਜਿੱਥੇ ਬਦਮਾਸ਼ ਬਾਬਿਆਂ ਦੀਆਂ ਲੁੱਚੀਆਂ ਹਰਕਤਾਂ ਤੇ ਇਸੇ ਕਰਕੇ ਪਰਦਾ ਪਾਇਆ ਗਿਆ ਜਾਂ ਉਨ੍ਹਾਂ ਦੇ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ ਕਿਉਂਕਿ ਸਾਡੀ ਇੱਜ਼ਤ ਦੇ ਤਿੜਕਣ ਦਾ ਖਤਰਾ ਸੀ। ਕਈ ਕੇਸ ਤਾਂ ਘੋਰ-ਉਦਾਸੀ (Chronic-Depression) ਵਿਚ ਬਦਲ ਜਾਂਦੇ ਹਨ ਅਤੇ ਕਈ ਔਰਤਾਂ ਆਤਮ-ਹੱਤਿਆ ਕਰ ਬੈਠਦੀਆਂ ਹਨ। ਇਹ ਸਾਰਾ ਜ਼ੁਲਮ ਅਸੀਂ ਆਪਣੀਆਂ ਮਾਵਾਂ ਅਤੇ ਭੈਣਾਂ ਉਪਰ ਕਰਦੇ ਹਾਂ। ਸਿਤਮ ਤਾਂ ਇਸ ਗੱਲ ਦਾ ਹੈ ਕਿ ਇਸ ਸਭ ਦੇ ਬਾਵਜੂਦ ਇਸ ਪੰਜਾਬੀ ਭਾਰਤੀ ਸਭਿਆਚਾਰ ਜੋ ਅਵਿਗਿਆਨਕ ਹੈ, ਨੂੰ ਅਸੀਂ ਉੱਤਮ ਕਹਿੰਦੇ ਹਾਂ। ਕੀ ਇਹ ਸਾਡੀ ਜਹਾਲਤ ਦਾ ਜਲੂਸ ਨਹੀਂ?

ਜਿੰਨੀਆਂ ਗਾਲਾਂ, ਮੰਦਾ ਬੋਲਣਾ ਹੈ, ਉਹ ਸਾਡੇ ਸਭਿਆਚਾਰ ਵਿਚ ਔਰਤਾਂ ਨੂੰ ਜੋੜ ਕੇ ਕੀਤਾ ਜਾਂਦਾ ਹੈ। ਮੁਸਲਮਾਨਾਂ ਵਿਚ ਦੇਖ ਲਉ ਕਿੰਨਾ ਜ਼ੁਲਮ ਹੁੰਦਾ ਕਿ ਔਰਤਾਂ ਮਰਦਾਂ ਨਾਲ ਇਨ੍ਹਾਂ ਦੇ "ਰੱਬ" ਦੇ ਘਰ ਵੀ ਨਹੀਂ ਜਾ ਸਕਦੀਆਂ। ਦੂਜੇ ਪਾਸੇ ਇਹ ਪਾਖੰਡੀ ਇਨ੍ਹੇ ਹਨ ਕਿ "ਜਨਤ" ਨੂੰ ਮਾਂ ਦੇ ਕਦਮਾਂ ਵਿਚ ਕਹਿੰਦੇ ਹਨ। ਹਿੰਦੂ ਮਿਥਿਹਾਸ ਵਿਚ ਦੇਵਤੇ ਥਾਂ-ਥਾਂ ਔਰਤਾਂ ਨਾਲ ਬਦਮਾਸ਼ੀਆਂ ਕਰਦੇ ਹਨ। ਇਹ ਦੋਹਰੇ ਮਾਪਦੰਡ, ਔਰਤਾਂ ਦਾ ਸੁਧਾਰ ਨਹੀਂ ਕਰ ਸਕਦੇ। ਇਨ੍ਹਾਂ ਸਭ ਗੱਲਾਂ ਤੇ ਆਲੋਚਨਾਤਮਿਕ ਵਿਸ਼ਲੇਸ਼ਣ ਹੋਣਾ ਚਾਹੀਦਾ। ਇਸ ਬਾਰੇ ਅਖ਼ਬਾਰਾਂ, ਰੇਡੀਉ, ਟੀ. ਵੀ. ਅਤੇ ਆਮ ਮੀਟਿੰਗਾਂ ਵਿਚ ਲਗਾਤਾਰ ਬਹਿਸਾਂ ਹੋਣੀਆਂ ਚਾਹੀਦੀਆਂ ਅਤੇ ਸਰਕਾਰਾਂ ਨੂੰ ਸਖ਼ਤੀ ਵਾਲੇ ਕਾਨੂੰਨ ਬਣਾ ਕੇ ਲਾਗੂ ਕਰਨੇ ਚਾਹੀਦੇ ਹਨ। ਪੱਛਮੀ ਸਮਾਜ ਵਿਚ ਈਸਾ ਮਸੀਹ ਬਾਰੇ ਬਹਿਸਾਂ ਹੁੰਦੀਆਂ, ਉਹਨੂੰ ਲੋਕ ਪਾਗਲ ਤੱਕ ਕਹਿ ਰਹੇ ਹਨ ਅਤੇ ਇਸ ਗੱਲ ਤੇ ਸੁਆਲੀਆ ਨਿਸ਼ਾਨ ਲੱਗ ਗਿਆ ਹੈ ਕਿ "ਕੱਚੀ ਕੁਆਰੀ ਉਹਦੀ ਮਾਂ ਮੇਰੀ" ਨੂੰ ਈਸਾ ਮਸੀਹ ਕਿਵੇਂ ਪੈਦਾ ਹੋ ਸਕਦਾ ਸੀ? ਪਰ ਸਾਡੇ ਕਈ ਮਾਤਾ ਬਾਬੇ ਹਨ ਜਿਹਨਾਂ ਦੇ ਪੈਦਾ ਹੋਣ ਬਾਰੇ, ਉਨ੍ਹਾਂ ਨੇ ਲੋਕਾਂ ਲਈ ਕੀ ਕੀਤਾ, ਉਨ੍ਹਾਂ ਦੀ ਫਿਲਾਸਫੀ ਕੀ ਸੀ, ਕੋਈ ਕਿੰਤੂ ਕਰਨ ਦਾ ਹੀਆ ਤੱਕ ਨਹੀਂ ਕਰਦਾ। ਇਸੇ ਕਰਕੇ ਦੁਨੀਆਂ ਨੂੰ ਸੁੱਖ ਦੇਣ ਵਾਲੀਆਂ ਬਹੁਤੀਆਂ ਕਾਢਾਂ ਪੱਛਮ ਵਿਚ ਹੋਈਆਂ ਹਨ ਅਤੇ ਅਸੀਂ ਸੰਖ, ਟੱਲੀਆਂ ਅਤੇ ਘੜਿਆਲ ਹੀ ਵਜਾਉਂਦੇ ਰਹੇ ਅਤੇ ਵਜਾ ਰਹੇ ਹਾਂ। ਦਿਮਾਗ ਨੂੰ ਖੁੱਲ੍ਹੀਆਂ ਉਡਾਰੀਆਂ ਨਹੀਂ ਮਾਰਨ ਦਿੱਤੀਆਂ ਜਾਂਦੀਆਂ। ਔਰਤਾਂ ਦੇ ਮਾਮਲੇ ਵਿਚ ਤਾਂ ਇਹ ਗੱਲ ਕਿਆਸੀ ਵੀ ਨਹੀਂ ਜਾ ਸਕਦੀ। ਇੱਕਾ ਦੁੱਕਾ ਔਰਤਾਂ ਦਾ ਨਾਂ ਲੈ ਕੇ ਅਸੀਂ ਆਪਣੀਆਂ ਮੂਰਖਤਾਵਾਂ ਤੇ ਪਰਦਾ ਨਹੀਂ ਪਾ ਸਕਦੇ।

ਟੂਣੇ, ਜਾਦੂ, ਬੱਚਿਆਂ ਦੀਆਂ ਬਲੀਆਂ ਆਦਿ ਦਾ ਸਾਰਾ ਕਸੂਰ ਸਾਡੀਆਂ ਸਮਾਜਿਕ ਕਦਰਾਂ ਕੀਮਤਾਂ ਹਨ ਅਤੇ ਔਰਤਾਂ ਤਾਂ ਇਸ ਕੰਮ ਦਾ ਇਕ ਜਰੀਆ ਬਣਾ ਲਿਆ ਜਾਂਦਾ ਹੈ। ਰੌਸ਼ਨ ਦਿਮਾਗ਼ ਇਸ ਭੰਬਲਭੂਸੇ ਵਿਚ ਨਹੀਂ ਪੈਂਦਾ। ਬੱਚਾ ਬਹੁਤਾ ਸਮਾਂ ਔਰਤ ਯਾਨਿ ਮਾਂ ਜਾਂ ਭੈਣ ਕੋਲ ਘਰ ਰਹਿੰਦਾ ਹੈ। ਜਿਹੜੀ ਔਰਤ ਖੁਦ ਦਬਾਅ ਹੇਠ ਹੈ, ਉਹ ਬੱਚੇ ਨੂੰ ਖੁੱਲ੍ਹ ਜਾਂ ਤਰਕਸ਼ੀਲਤਾ ਬਾਰੇ ਕੀ ਦੱਸ ਸਕਦੀ ਹੈ? ਆਰਥਿਕ ਅਜ਼ਾਦੀ ਸਾਨੂੰ ਹੌਸਲਾ ਵੀ ਦਿੰਦੀ ਹੈ ਅਤੇ ਆਤਮ ਵਿਸ਼ਵਾਸ ਵੀ ਵਧਾਉਂਦੀ ਹੈ। ਪਰ ਜਦ ਔਰਤ ਨੂੰ ਘਰੋਂ ਬਾਹਰ ਕੰਮ ਹੀ ਨਹੀਂ ਕਰਨ ਦਿੱਤਾ ਜਾਂਦਾ ਜਾਂ ਜੇਕਰ ਕੋਈ ਉਹ ਮਾੜਾ ਮੋਟਾ ਕੰਮ ਵੀ ਕਰਦੀ ਹੈ ਤਾਂ ਉਹਦੇ ਪੈਸੇ ਲੈ ਲਏ ਜਾਂਦੇ ਹਨ ਉਹ ਖੁੱਲ੍ਹ ਕੇ ਕਿਵੇਂ ਸੋਚ ਸਕਦੀ ਹੈ? ਸਮਾਜਿਕ ਰੀਤੀ ਰਿਵਾਜ਼ ਔਰਤ ਤੇ ਚਾਰੇ ਪਾਸਿਉਂ ਦਬਾਅ

ਪਾਉਂਦੇ ਹਨ। ਉਹਨੂੰ ਰਾਹਤ ਦਾ ਸੁਰਾਖ ਸਿਰਫ਼ ਇਸੇ ਕਰਕੇ ਸਾਧ ਬਾਬੇ ਨਜ਼ਰ ਆਉਂਦੇ ਹਨ ਕਿਉਂਕਿ ਉਨ੍ਹਾਂ ਨਾਲ ਧਾਰਮਿਕ ਰੰਗਤ ਜੁੜਦੀ ਹੈ।

ਪ੍ਰਸ਼ਨ : ਬਰਤਾਨੀਆਂ ਦੀ ਤਰਕਸ਼ੀਲ ਸੁਸਾਇਟੀ ਨੇ ਹੋਂਦ ਵਿਚ ਆਉਣ ਤੋਂ ਬਾਦ ਕੀ-ਕੀ ਕਦਮ ਉਠਾਏ ਹਨ ਅਤੇ ਅਗਾਂਹ ਦੇ ਪ੍ਰੋਗਰਾਮ ਬਾਰੇ ਵੀ ਦੱਸੋ?

ਉੱਤਰ : ਬਰਤਾਨੀਆਂ ਵਿਚ ਬੜਾ ਕੁੱਝ ਕਰਨ ਵਾਲਾ ਹੈ। ਸਾਡਾ ਭਾਰਤ ਨਾਲੋਂ ਇਹ ਫਰਕ ਹੈ ਕਿ ਇਥੇ ਕਾਨੂੰਨ ਦੀ ਮੱਦਦ ਨਾਲ ਕਈਆਂ ਗੱਲਾਂ ਤੇ ਨੱਥ ਪਾਈ ਜਾ ਸਕਦੀ ਹੈ। ਮੇਰਾ ਖਿਆਲ ਹੈ ਕਿ ਇਹ ਗੱਲ ਅਮਰੀਕਾ, ਕੈਨੇਡਾ ਤੇ ਵੀ ਲਾਗੂ ਹੁੰਦੀ ਹੈ। ਬੀ. ਬੀ. ਸੀ. ਰੇਡੀਉ ਅਤੇ ਐਕਸ ਐਲ ਰੇਡੀਓ ਤੋਂ ਅਸੀਂ ਪ੍ਰਸਾਰਤ ਹੁੰਦਾ ਰਾਸ਼ੀਫਲ ਬੰਦ ਕਰਵਾ ਦਿੱਤਾ ਹੈ। ਹੁਣ ਅਸੀਂ ਜੀ. ਟੀ. ਵੀ. ਅਤੇ ਏਸ਼ੀਆ ਟਾਈਮਜ਼ ਅੰਗਰੇਜ਼ੀ ਦੇ ਦੇਸੀ ਪਰਚੇ ਨੂੰ ਵੀ ਇਸ ਬਾਰੇ ਲਿਖ ਰਹੇ ਹਾਂ। ਇਥੇ ਦੇ ਸਰਕਾਰੀ ਮਹਿਕਮੇ Tradings Standard ਨੂੰ ਮਿਲ ਕੇ ਵੀ ਕੋਸ਼ਿਸ਼ ਕਰ ਰਹੇ ਹਾਂ ਕਿ ਇਨ੍ਹਾਂ ਸਾਧਾਂ ਬਾਬਿਆਂ ਦੇ ਨਕੇਲ ਪਾਈ ਜਾਵੇ ਜੋ ਹਰ ਬੀਮਾਰੀ ਦਾ ਇਲਾਜ ਕਰਨ ਦਾ ਦਾਅਵਾ ਕਰਦੇ ਹਨ। ਲੋਕਲ ਕੌਂਸਲਰਾਂ ਅਤੇ ਐਮਪੀਜ਼ ਨੂੰ ਵੀ ਇਸ ਸਿਲਸਿਲੇ ਵਿਚ ਅਸੀਂ ਮਿਲ ਰਹੇ ਹਾਂ। ਐਡਵਰਟਾਈਜ਼ਿੰਗ ਏਜੰਸੀ ਨੂੰ ਵੀ ਅਸੀਂ ਸੰਪਰਕ ਕਰਕੇ, ਬਾਬਿਆਂ, ਸਾਧਾਂ ਦੀਆਂ ਕਰਾਮਾਤੀ ਗੱਲਾਂ ਨੂੰ ਨੱਥ ਪਾ ਰਹੇ ਹਾਂ। ਟੈਕਸ ਮਹਿਕਮੇ ਨੂੰ ਅਤੇ ਇਮੀਗਰੇਸ਼ਨ ਵਾਲਿਆਂ ਨੂੰ ਵੀ ਪਹੁੰਚ ਕੀਤੀ ਜਾ ਰਹੀ ਹੈ। ਜਿਸ ਤਰ੍ਹਾਂ ਮੈਂ ਪਹਿਲਾਂ ਵੀ ਦੱਸਿਆ ਹੈ ਕਿ ਬੜਾ ਕੁੱਝ ਕਰਨ ਵਾਲਾ ਹੈ ਅਤੇ ਅਸੀਂ ਸਫਲ ਹੋ ਵੀ ਰਹੇ ਹਾਂ। ਇੱਕ ਸਾਧ ਨੂੰ ਅਸੀਂ 18 ਮਹੀਨਿਆਂ ਲਈ ਸੀਖਾਂ ਪਿੱਛੇ ਬੰਦ ਵੀ ਕਰਵਾਇਆ ਹੈ। ਸਾਡੀ ਮਜ਼ਬੂਰੀ ਇਹ ਹੈ ਕਿ ਅਸੀਂ ਸਾਰੇ ਹੀ ਪੂਰਾ ਸਮਾਂ ਕੰਮ ਕਰਦੇ ਹਾਂ। ਸਾਡੇ ਪਰਿਵਾਰ ਹਨ। ਸਾਡੀਆਂ ਆਪਣੀਆਂ ਘਰੇਲੂ ਜ਼ਿੰਮੇਵਾਰੀਆਂ ਹਨ ਅਤੇ ਇਹ ਕੰਮ ਬਿਨਾਂ ਕਿਸੇ ਲਾਲਚ ਦੇ ਅਤੇ ਬਿਨਾਂ ਕਿਸੇ ਆਰਥਿਕ ਲਾਭ ਦੇ ਕੀਤਾ ਜਾਂਦਾ ਹੈ। ਅਸੀਂ ਵੀ ਪੱਬਾਂ ਕਲੱਬਾਂ ਵਿਚ ਸਮਾਂ ਗੁਜਾਰ ਸਕਦੇ ਹਾਂ ਜਾਂ ਆਪਣੇ ਬੱਚਿਆਂ ਨਾਲ ਬੈਠੇ ਆਰਾਮ ਕਰ ਸਕਦੇ ਹਾਂ, ਪਰ ਇਸ ਘੋਰ ਅਨਿਆਂ ਅਤੇ ਲੁੱਟ ਨੂੰ ਜਰ ਨਹੀਂ ਹੁੰਦਾ।

ਪੁਲੀਸ ਨਾਲ ਵੀ ਸੰਪਰਕ ਕਰਕੇ ਇਨ੍ਹਾਂ ਸਾਧਾਂ ਦਾ ਮੱਕੂ ਬੰਨਣ ਦੀ ਕੋਸ਼ਿਸ਼ ਕਰ ਰਹੇ ਹਾਂ, ਪਰ ਤੁਹਾਨੂੰ ਪਤਾ ਹੀ ਹੈ ਕਿ ਇਥੇ ਦਾ ਸਾਰਾ ਸਰਕਾਰੀ ਢਾਂਚਾ ਨਸਲਵਾਦੀ ਹੈ ਅਤੇ ਸਰਮਾਏਦਾਰੀ ਹੈ, ਸੋ ਰੰਗ ਚਿੱਟਾ ਨਾ ਹੋਣ ਕਰਕੇ, ਕਈ ਵਾਰ ਸਾਡੀ ਗੱਲ ਸੁਣੀ ਵੀ ਨਹੀਂ ਜਾਂਦੀ। ਕੰਮ ਦੀ ਤੋਰ ਮੱਠੀ ਹੋਣ ਦਾ ਇਕ ਕਾਰਨ ਇਹ ਵੀ ਹੈ। ਇਸ ਤੋਰ ਨੂੰ ਤਿੱਖੀ ਕਰਨ ਲਈ ਅਸੀਂ ਬਰਤਾਨੀਆਂ ਦੀ ਗੋਰਿਆਂ ਦੀ Humanist Society ਨਾਲ ਤਾਲਮੇਲ ਕਰ ਲਿਆ ਹੈ। ਉਨ੍ਹਾਂ ਕੋਲੋਂ ਕਈ ਗੱਲਾਂ ਅਸੀਂ ਸਿੱਖ ਵੀ ਰਹੇ ਹਾਂ ਅਤੇ ਕਈ ਗੱਲਾਂ ਵਿਚ ਉਨ੍ਹਾਂ ਦੀ ਮੱਦਦ ਵੀ ਕਾਰਗਰ ਸਾਬਤ ਹੋ ਰਹੀ ਹੈ। ਤਰਕਸ਼ੀਲ ਪਰਚੇ ਦੀ ਗਿਣਤੀ ਦਿਨ-ਬ-ਦਿਨ ਵੱਧ ਰਹੀ ਹੈ। ਹੁਣ ਇਕੱਲੇ ਬਰਮਿੰਘਮ ਸ਼ਹਿਰ ਵਿਚ 200 ਤੋਂ ਉਪਰ ਪਰਚੇ ਲੱਗਦੇ ਹਨ। ਗਰਮੀਆਂ ਵਿਚ ਸੜਕਾਂ ਤੇ ਸਟਾਲ ਲਾ ਕੇ ਲੋਕਾਂ ਨੂੰ ਪਰਚੇ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਤਰਕਸ਼ੀਲ ਸਾਹਿਤ ਵੇਚਿਆ ਜਾਂਦਾ ਹੈ। ਬਾਕੀ ਸ਼ਹਿਰਾਂ ਵਿਚ ਵੀ ਬਰਾਂਚਾਂ ਬਣਾ ਲਈਆਂ ਹਨ। ਤਰਕਸ਼ੀਲ ਸਾਹਿਤ ਵੀ ਵੇਚ ਰਹੇ ਹਾਂ। ਲਾਇਬ੍ਰੇਰੀਆਂ ਵਿਚ ਤਰਕਸ਼ੀਲ ਸਾਹਿਤ ਪਹੁੰਚਾ ਦਿੱਤਾ ਹੈ। ਭਾਰਤੀ ਮਜ਼ਦੂਰ ਸਭਾ ਅਤੇ ਬੋਧੀ ਸੰਸਥਾਵਾਂ ਨਾਲ ਮਿਲ ਕੇ ਵੀ ਕੰਮ

ਕਰ ਰਹੇ ਹਾਂ। ਇਸ ਤੋਂ ਬਿਨਾਂ ਸਰਕਾਰੀ ਮਹਿਕਮੇ ਸੋਸ਼ਲ ਸਰਵਿਸਜ਼ ਅਤੇ ਹੈਲਥ ਸਰਵਿਸ ਨਾਲ ਵੀ ਰਲ ਕੇ ਕੰਮ ਕੀਤਾ ਜਾ ਰਿਹਾ ਹੈ। ਰੇਡੀਓ ਤੇ ਮੇਰੀਆਂ ਕਈ ਇੰਟਰਵਿਊ ਹੋ ਚੁੱਕੀਆਂ ਹਨ ਅਤੇ ਅਸੀਂ ਰੱਬ ਦੀ ਹੋਂਦ ਬਾਰੇ, ਵਹਿਮਾਂ ਭਰਮਾਂ ਬਾਰੇ, ਬਾਬਿਆਂ ਸਾਧਾਂ ਦੀ ਲੁੱਟ ਬਾਰੇ ਖੁੱਲ੍ਹ ਕੇ ਗੱਲਾਂ ਕੀਤੀਆਂ ਹਨ। ਸ਼ਰੇਆਮ 100000 ਪੌਂਡ ਦਾ ਇਨਾਮ ਦੇਣ ਦੀ ਵੀ ਗੱਲ ਕੀਤੀ ਹੈ ਕਿ ਸਾਨੂੰ ਕੋਈ ਕਰਾਮਾਤ ਕਰਕੇ ਦਿਖਾਵੇ। ਹਰ ਰੋਜ਼ ਲੋਕ ਸਾਡੇ ਨਾਲ ਜੁੜ ਰਹੇ ਹਨ। ਕਈ ਧਾਰਮਿਕ ਬੰਦੇ ਅਤੇ ਧਾਰਮਿਕ ਅਦਾਰੇ ਵੀ ਸਾਡੀਆਂ ਗੱਲਾਂ ਨਾਲ ਸਹਿਮਤੀ ਪ੍ਰਗਟਾ ਰਹੇ ਹਨ ਕਿ ਬਾਬਿਆਂ, ਸੁਆਮੀਆਂ ਦੀ ਲੁੱਟ ਬੰਦ ਹੋਣੀ ਚਾਹੀਦੀ ਹੈ। ਗੋਰਿਆਂ ਦੀ Humanist Society ਨਾਲ ਮਿਲ ਕੇ ਅਸੀਂ ਕੁੱਝ ਸੈਮੀਨਾਰਾਂ ਦਾ ਵੀ ਪ੍ਰਬੰਧ ਕਰ ਰਹੇ ਹਾਂ ਜਿਥੇ ਕਈ ਗੱਲਾਂ ਦੀ ਸਮਝ ਬਾਰੇ ਨਿਤਾਰਾ ਹੋਵੇਗਾ ਅਤੇ ਵਿਚਾਰਾਂ ਦਾ ਆਦਾਨ ਪ੍ਰਦਾਨ ਹੋਵੇਗਾ। ਪੰਜਾਬ ਦੀਆਂ ਤਰਕਸ਼ੀਲ ਸੁਸਾਇਟੀਆਂ ਨਾਲ ਸਾਡਾ ਬੜਾ ਡੂੰਘਾ ਤਾਲਮੇਲ ਹੈ। ਅਸੀਂ ਆਪਣਾ ਸੰਵਿਧਾਨ ਬਣਾ ਕੇ ਇਹਨੂੰ Charity Registered ਕਰਵਾ ਲਿਆ ਹੈ। ਸਾਡੇ ਕੁੱਝ ਸਾਥੀ ਟ੍ਰਿੱਕਾਂ ਬਾਰੇ ਮੁਹਾਰਤ ਹਾਸਲ ਕਰਕੇ, ਲੋਕਾਂ ਨੂੰ ਬਾਬਿਆਂ ਦੇ ਟ੍ਰਿੱਕਾਂ ਬਾਰੇ ਵੀ ਜਾਣੂ ਕਰਵਾ ਰਹੇ ਹਨ ਅਤੇ ਅਸੀਂ ਪਬਲਿਕ ਫੰਕਸ਼ਨ ਵੀ ਕਰਦੇ ਹਾਂ ਤਾਂਕਿ ਲੋਕਾਂ ਦੀ ਜਾਣਕਾਰੀ ਵਿਚ ਵਾਧਾ ਹੋ ਸਕੇ।

ਰੇਡੀਓ ਤੇ ਕਈ ਤਰ੍ਹਾਂ ਦੀਆਂ ਚੱਲਦੀਆਂ ਬਹਿਸਾਂ ਵਿਚ ਅਸੀਂ ਹਿੱਸਾ ਲੈਂਦੇ ਹਾਂ ਅਤੇ ਇਕ ਦੂਜੇ ਨਾਲ ਤਾਲਮੇਲ ਪੈਦਾ ਕਰਕੇ ਇਕ ਦੂਜੇ ਨੂੰ ਇਹਦੇ ਬਾਰੇ ਜਾਣੂ ਕਰਵਾ ਰਹੇ ਹਾਂ।

ਪਿੱਛੇ ਜਿਹੇ ਸਾਡੇ ਸਾਥੀ ਸ੍ਰੀ ਸਚਦੇਵ ਵਿਰਦੀ ਜੀ ਨੇ ਆਪਣੇ ਲੜਕੇ ਦਾ ਵਿਆਹ ਪੰਜਾਬ ਜਾ ਕੇ ਬਿਨਾਂ ਰਸਮਾਂ (ਧਾਰਮਿਕ) ਤੋਂ ਤਰਕਸ਼ੀਲ ਢੰਗ ਨਾਲ ਕੀਤਾ। ਅਸੀਂ ਇਹਨੂੰ ਆਪਣੀ ਬੜੀ ਵੱਡੀ ਪ੍ਰਾਪਤੀ ਸਮਝਦੇ ਹਾਂ। ਅਸੀਂ ਕੈਨੇਡਾ ਵਿਚ ਵੀ ਤਰਕਸ਼ੀਲ ਸਾਹਿਤ ਵੇਚਿਆ ਹੈ ਅਤੇ ਕਈ ਨਵੇਂ ਪਾਠਕ ਬਣਾਏ ਹਨ। ਮੈਂ ਚਾਹੁੰਦਾਂ ਹਾਂ ਕਿ ਤੁਸੀਂ ਖੁਦ ਇਸ ਬਾਰੇ ਕੈਨੇਡਾ 'ਚ ਹੋਰ ਉਪਰਾਲੇ ਕਰੋ ਅਤੇ ਤਰਕਸ਼ੀਲ ਸੁਸਾਇਟੀ 'ਚ ਵਧ ਚੜ੍ਹ ਕੇ ਕੰਮ ਕਰੋ। ਮੈਂ ਖੁਦ ਹਰ ਸਾਲ 160 ਪੌਂਡ ਦੀਆਂ ਕਿਤਾਬਾਂ ਬੱਚਿਆਂ ਨੂੰ ਦੇਣ ਦਾ ਇਨਾਮ ਸ਼ੁਰੂ ਕੀਤਾ ਹੈ! ਇਹ ਕਿਤਾਬਾਂ ਨਰਸਰੀ ਤੋਂ ਲੈ ਕੇ 10+2 ਦੇ ਉਨ੍ਹਾਂ ਬੱਚਿਆਂ ਨੂੰ ਦਿੱਤੀਆਂ ਜਾਂਦੀਆਂ ਹਨ ਜੋ ਕਲਾਸ ਵਿਚੋਂ ਪਹਿਲੇ, ਦੂਜੇ ਅਤੇ ਤੀਜੇ ਨੰਬਰ ਤੇ ਆਉਂਦੇ ਹਨ। ਇਹ ਕਿਤਾਬਾਂ ਪੰਜਾਬੀ ਦੀਆਂ ਹਨ। ਜਿਨ੍ਹਾਂ ਵਿਚ ਅਗਾਂਹਵਧੂ ਸਾਹਿਤ, ਤਰਕਸ਼ੀਲ ਕਿਤਾਬਾਂ, ਸਿਹਤ ਨਾਲ ਸਬੰਧਤ, ਗ਼ਦਰੀ ਬਾਬਿਆਂ ਦਾ ਸਾਹਿਤ ਅਤੇ ਇਨਵਾਇਰਮੈਂਟ ਨਾਲ ਰਾਬਤਾ ਰੱਖਦੀਆਂ ਕਿਤਾਬਾਂ ਹੁੰਦੀਆਂ ਹਨ। ਮੇਰਾ ਇਕ ਮਕਸਦ ਇਹ ਵੀ ਹੈ ਕਿ ਸਾਨੂੰ ਕਿਤਾਬਾਂ ਪੜ੍ਹਨ ਦੀ ਆਦਤ ਨਹੀਂ। ਇਹਦੇ ਨਾਲ 'ਕਿਤਾਬ ਸਭਿਆਚਾਰ' ਪੈਦਾ ਕਰਨ ਵੱਲ ਇਕ ਕਦਮ ਹੈ ਅਤੇ ਤਰਕਸ਼ੀਲ ਸਾਹਿਤ ਦਾ ਵੀ ਪਸਾਰਾ ਹੋਵੇਗਾ।

ਬਰਤਾਨੀਆਂ ਦੇ ਟੈਲੀਵਿਜ਼ਨ ਤੇ ਦਿਖਾਈ ਗਈ ਫਿਲਮ Guru Buster ਅਸੀਂ ਕਈ ਲੋਕਾਂ ਨੂੰ ਦਿਖਾਈ ਹੈ। ਇਹਦੇ ਵਿਚ ਦੇਸੀ ਸਾਧਾਂ, ਬਾਬਿਆਂ ਨੂੰ ਖੂਬ ਨੰਗਾ ਕੀਤਾ ਗਿਆ ਹੈ। ਸਾਂਈ ਬਾਬੇ ਦੀ ਹੇਰਾਫੇਰੀ ਦਾ ਪਰਦਾਫਾਸ਼ ਕੀਤਾ ਗਿਆ ਹੈ। ਕਈ ਜਾਦੂ ਕਿਵੇਂ ਕੀਤੇ ਜਾਂਦੇ ਹਨ, ਇਸ ਬਾਰੇ ਵੀ ਇਥੇ ਟੈਲੀਵਿਜ਼ਨ ਤੇ ਫਿਲਮ ਦਿਖਾਈ

ਗਈ ਸੀ। ਸੋ ਅਸੀਂ ਤਰਕਸ਼ੀਲ ਸਾਹਿਤ ਅਤੇ ਫਿਲਮਾਂ ਵੀ ਇਕੱਠੀਆਂ ਕਰ ਰਹੇ ਹਾਂ ਤਾਂ ਕਿ ਲੋਕਾਂ ਨੂੰ ਜਾਗ੍ਰਿਤ ਕੀਤਾ ਜਾ ਸਕੇ। ਅਗਿਆਨਤਾ ਸਿਰਫ਼ ਅਨਪੜ੍ਹਾਂ ਜਾਂ ਅਧਪੜ੍ਹਿਆਂ ਵਿਚ ਹੀ ਨਹੀਂ ਹੈ ਸਗੋਂ ਉਨ੍ਹਾਂ ਲੋਕਾਂ ਵਿਚ ਵੀ ਹੈ ਜਿਹਨਾਂ ਟੋਕਰਾ ਜਮਾਤਾਂ ਦਾ ਵੀ ਪੜ੍ਹਿਆ ਹੋਇਆ ਹੈ। ਕਈ ਡਾਕਟਰ, ਪ੍ਰੋਫੈਸਰ, ਵਕੀਲ, ਅਕਾਊਟੈਂਟ ਅਤੇ ਹੋਰ ਕਈ ਸੀਨੀਅਰ ਅਹੁਦੇਦਾਰ ਵੀ ਇਸ ਦਲਦਲ ਵਿਚ ਫਸੇ ਪਏ ਹਨ। ਸੋ ਕੰਮ ਇਨ੍ਹਾਂ ਸੌਖਾ ਨਹੀਂ ਹੈ, ਪਰ ਅਸੀਂ ਦ੍ਰਿੜ ਹਾਂ ਕਿ ਇਨ੍ਹਾਂ ਬਾਬਿਆਂ ਦੇ ਦਿਨ ਹੁਣ ਪੁੱਗਣ ਵਾਲੇ ਹਨ। ਅਗਾਂਹ ਦੇ 15-20 ਸਾਲ ਬਹੁਤ ਅਹਿਮ ਹਨ। ਜਿਥੇ ਇਨ੍ਹਾਂ ਸਾਲਾਂ ਵਿਚ ਧਾਰਮਿਕ ਅਦਾਰੇ ਤਿੜਕ ਜਾਣਗੇ, ਉਥੇ ਇਨ੍ਹਾਂ ਬਾਬਿਆਂ ਦਾ ਵੀ ਫਸਤਾ ਵੱਢਿਆ ਜਾਵੇਗਾ। ਤੁਹਾਡੇ ਕੈਨੇਡਾ ਵਿਚ ਬਾਬਿਆਂ ਦਾ ਕੰਮ ਹੁਣ ਸ਼ੁਰੂ ਹੋ ਗਿਆ ਹੈ ਅਤੇ ਬਾਬੇ ਹੁਣ ਕੈਨੇਡਾ ਆ ਕੇ ਗੰਦ ਪਾਇਆ ਕਰਨਗੇ। ਮੈਨੂੰ ਪਤਾ ਲੱਗਾ ਹੈ ਕਿ ਕੁੱਝ ਬਾਬੇ ਅਤੇ ਮਾਤਾ ਪਹਿਲਾਂ ਹੀ ਇਥੇ ਕਾਫ਼ੀ ਲੁੱਟ ਕਰ ਰਹੇ ਹਨ। ਮੈਂ ਮਹਿਸੂਸ ਕਰਦਾਂ ਕਿ ਪੰਜਾਬੀ ਲੇਖਕਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਇਨ੍ਹਾਂ ਸਾਧਾਂ ਬਾਬਿਆਂ ਦੇ ਪਾਖੰਡਾਂ ਬਾਰੇ ਡੱਟ ਕੇ ਆਪਣੀਆਂ ਲਿਖਤਾਂ ਵਿਚ ਲਿਖਣ। ਮੈਨੂੰ ਪਤਾ ਹੈ ਕਿ ਤੁਸੀਂ ਇਨ੍ਹਾਂ ਬਾਬਿਆਂ ਦੇ ਖਿਲਾਫ ਪੰਜਾਬੀ ਵਿਚ ਇਕ ਫ਼ਿਲਮ ਵੀ ਬਣਾਈ ਹੈ, ਪਰ ਬਾਕੀ ਦੇ ਲੇਖਕ (ਬਾਹਰ ਬੈਠੇ ਅਤੇ ਪੰਜਾਬ ਬੈਠੇ) ਇਨ੍ਹਾਂ ਬਾਰੇ ਕਿਉਂ ਨਹੀਂ ਲਿਖ ਰਹੇ? ਕੀ ਇਹ ਸਾਹਿਤ ਨਾਲ, ਇਨਸਾਨੀਅਤ ਨਾਲ ਅਤੇ ਆਪਣੇ ਆਪ ਨਾਲ ਗਦਾਰੀ ਨਹੀਂ?

ਫਿਲਮਾਂ ਵਾਲੇ ਵੀ ਇਸ ਕੰਮ ਵਿਚ ਬੜਾ ਵੱਡਾ ਯੋਗਦਾਨ ਪਾ ਸਕਦੇ ਹਨ ਪਰ ਅਜੇ ਤੱਕ ਉਨ੍ਹਾਂ ਇਸ ਗੰਦ ਬਾਰੇ ਕੁਝ ਨਹੀਂ ਕੀਤਾ। ਹਾਂ, ਇਸ ਸਮੱਸਿਆ ਨੂੰ ਵਧਾਉਣ ਵਿਚ ਅਤੇ ਪ੍ਰਚਾਰ ਕਰਨ ਵਿਚ ਕਾਫੀ ਵੱਡਾ ਰੋਲ ਅਦਾ ਕੀਤਾ ਹੈ। ਬਹੁਤੇ ਫ਼ਿਲਮਾਂ ਬਨਾਉਣ ਵਾਲੇ ਵੀ ਅਤਰਕਸ਼ੀਲ ਹਨ ਅਤੇ ਧਰਮ ਦੀ ਦਲਦਲ ਵਿਚ ਫਸੇ ਪਏ ਹਨ। ਧਾਰਮਿਕ ਸੀਰੀਅਲ ਵੀ ਇਸ ਕੰਮ ਨੂੰ ਦਿਨ-ਬ-ਦਿਨ ਗੰਧਲਾ ਕਰ ਰਹੇ ਹਨ। ਮਾਡਰਨ ਤਕਨੌਲਜੀ ਇਥੇ ਉਲਟ ਕੰਮ ਕਰ ਰਹੀ ਹੈ।

ਪ੍ਰਸ਼ਨ : ਆਖਿਰ ਵਿਚ, ਤੁਸੀਂ ਕੁੱਝ ਹੋਰ ਕਹਿਣਾ ਚਾਹੋਗੇ?

ਉੱਤਰ : ਮੇਰਾ ਇਕ ਸੁਪਨਾ ਹੈ ਕਿ ਦੁਨੀਆਂ ਭਰ ਦੇ ਲੋਕੀ ਸੁਖੀ ਵਸਣ, ਨਫ਼ਰਤਾਂ ਦੂਰ ਹੋਵਣ, ਪਾੜੇ ਘਟਣ ਅਤੇ ਉਹ ਦਿਨ ਵੀ ਆਵੇ ਜਦ ਲੋਕੀ ਸਾਇੰਸ ਦੇ ਤਰੀਕੇ ਨਾਲ ਸੋਚਣ ਅਤੇ ਸਾਧਾਂ ਬਾਬਿਆਂ ਦੀ ਲੁੱਟ ਨੂੰ ਪੂਰੀ ਤਰ੍ਹਾਂ ਹੂੰਝਾ ਫਿਰ ਜਾਵੇ। ਅਸੀਂ ਭਾਰਤੀ, ਪੰਜਾਬੀ ਲੋਕਾਂ ਅਜੇ ਬੜਾ ਕੁੱਝ ਸਿੱਖਣਾ ਹੈ। ਮੈਂ ਇਹ ਨਹੀਂ ਕਹਿੰਦਾ ਕਿ ਪੱਛਮੀ ਮੁਲਕਾਂ ਵਿਚ ਸਭ ਕੁੱਝ ਹੀ ਚੰਗਾ ਹੈ ਪਰ ਇਨ੍ਹਾਂ ਦੀਆਂ ਚੰਗੀਆਂ ਗੱਲਾਂ ਅਪਨਾਈਆਂ ਜਾ ਸਕਦੀਆਂ ਹਨ। ਬਰਤਾਨੀਆਂ ਦੀ ਕਰੰਸੀ ਤੇ ਜਦ ਮੈਂ ਸਾਇੰਸਦਾਨਾਂ ਅਤੇ ਲੇਖਕਾਂ ਦੀਆਂ ਤਸਵੀਰਾਂ ਦੇਖਦਾਂ ਤਾਂ ਮਨ 'ਚ ਲੂਰੀਆਂ ਉੱਠਦੀਆਂ ਕਿ ਕੀ ਕਦੇ ਸਾਨੂੰ ਵੀ ਆਪਣੇ ਸਾਇੰਸਦਾਨਾਂ ਅਤੇ ਲੇਖਕਾਂ ਦੀ ਕਦਰ ਕਰਨੀ ਆਵੇਗੀ? ਚਾਰਲਸ ਡਿੰਕਨਜ਼, ਫੈਰਾਡੇਅ (ਸਾਇੰਸਦਾਨ) ਨਿਊਟਨ, ਸ਼ੈਕਸਪੀਅਰ ਅਤੇ ਹੋਰ ਲੇਖਕਾਂ, ਸਾਇੰਸਦਾਨਾਂ ਦੀ ਇਹ ਬੜੀ ਕਦਰ ਕਰਦੇ ਹਨ। ਸ਼ੈਕਸਪੀਅਰ ਜਿਸ ਇਲਾਕੇ 'ਚ ਪੈਦਾ ਹੋਇਆ ਸੀ ਉਸ ਕਾਂਉਟੀ (ਪ੍ਰਾਂਤ) ਦਾ ਨਾਂ ਹੀ ਇਨ੍ਹਾਂ ਸ਼ੈਕਸਪੀਅਰ ਕਾਂਉਟੀ ਰੱਖ ਦਿੱਤਾ ਹੈ। ਥਾਂ-ਥਾਂ ਉਸ ਬਾਰੇ ਬੋਰਡ ਲੱਗੇ ਹਨ। ਅਸੀਂ

ਮਟੀਆਂ ਪੂਜਣ ਅਤੇ ਟੱਲ ਖੜਕਾਉਣ ਲੱਗੇ ਹੋਏ ਹਾਂ ਅਤੇ ਇਨ੍ਹਾਂ ਅਕਾਸ਼ ਅਤੇ ਪਾਤਾਲ ਗਾਹ ਮਾਰੇ ਹਨ। ਕੀ ਇਹ ਹੈਰਾਨਗੀ ਨਹੀਂ ਕਿ ਇਨਾਂ ਮੁਲਕਾਂ 'ਚ ਬਾਬੇ, ਸਾਧੂ, ਮਾਤਾ ਪੈਦਾ ਹੀ ਨਹੀਂ ਹੁੰਦੇ। ਜਿੰਨਾ ਪੈਸਾ ਸਾਡੇ ਧਾਰਮਿਕ ਅਦਾਰਿਆਂ ਕੋਲ ਹੈ। ਉਹਦੇ ਨਾਲ ਉਥੇ ਬਹੁਤ ਵਧੀਆ ਵਿਲਫੇਅਰ ਸਟੇਟ ਚਲਾਈ ਜਾ ਸਕਦੀ ਹੈ, ਪਰ ਇਹ ਅਕਲ ਸਾਨੂੰ ਕਦ ਆਵੇਗੀ? ਸਾਡੇ ਵਿਦਵਾਨਾਂ ਅਤੇ ਲੇਖਕਾਂ ਵਿਚ ਵੀ ਕੁਰੱਪਸ਼ਨ ਹੈ, ਅਸੀਂ ਇਸੇ ਕਰਕੇ ਪੱਖਪਾਤ ਕਰਦੇ ਹਾਂ। ਸਾਡੇ ਮਨਾਂ 'ਚ ਮੈਲ ਹੈ। ਜਦ ਸੇਧ ਦੇਣ ਵਾਲੇ ਹੀ ਇਖਲਾਕੀ ਤੌਰ ਤੇ ਗਿਰੇ ਹੋਏ ਹੋਣ, ਫਿਰ ਆਮ ਲੋਕਾਂ ਤੋਂ ਕੀ ਆਸ ਰੱਖੀ ਜਾ ਸਕਦੀ ਹੈ? ਭਾਰਤ ਵਿਚ ਅੱਜ ਕੱਲ੍ਹ ਬਹੁਤੇ ਸਿਆਸਤਦਾਨ ਐਹੋ ਜੇਹੇ ਹਨ ਜਿਹਨਾਂ ਤੇ ਕਈ-ਕਈ ਮੁਕੱਦਮੇ ਚੱਲ ਚੁੱਕੇ ਹਨ, ਦੋਸ਼ ਲੱਗ ਚੁੱਕੇ ਹਨ। ਸ਼ਾਇਦ ਪੰਜਾਬੀ ਦੀ ਕਹਾਵਤ 'ਚੋਰ ਉਚੱਕਾ ਚੌਧਰੀ' ਸਾਡੇ ਸਿਆਸੀ ਨੇਤਾਵਾਂ ਤੇ ਠੀਕ ਢੁਕਦੀ ਹੈ। ਮੈਨੂੰ ਉਸ ਵੇਲੇ ਹੋਰ ਵੀ ਦੁੱਖ ਹੁੰਦਾ ਜਦ ਸਾਡੇ ਕਾਮਰੇਡ ਵੀਰ ਅਸਲੀ ਨਿਸ਼ਾਨੇ ਤੇ ਸੱਟ ਮਾਰਨ ਦੀ ਬਜਾਏ ਆਪਸ ਵਿਚ ਸਿੰਗ ਫਸਾ ਕੇ ਕੀਮਤੀ ਸ਼ਕਤੀ ਬਰਬਾਦ ਕਰਦੇ ਹਨ। ਇਸ ਸਭ ਦੇ ਬਾਵਜੂਦ ਮੈਂ ਆਸ਼ਾਵਾਦੀ ਹਾਂ ਅਤੇ ਯਕੀਨ ਕਰਦਾਂ ਕਿ ਭਵਿੱਖ ਸਾਡਾ ਹੈ।

ਇਕ ਹੋਰ ਸਾਡੀ ਪ੍ਰਾਪਤੀ ਇਹ ਵੀ ਹੈ ਕਿ ਬਰਤਾਨੀਆਂ ਵਿਚ ਅਸੀਂ ਆਪਣੀ ਸੁਸਾਇਟੀ ਦਾ ਦਫ਼ਤਰ ਖੋਹਲ ਲਿਆ ਹੈ ਅਤੇ ਮੁਫ਼ਤ ਵਿਚ ਸਲਾਹ ਮਸ਼ਵਰਾ ਦਿੱਤਾ ਜਾਂਦਾ ਹੈ। ਕੋਈ ਵੀ ਸਾਨੂੰ 0121-554-0077 ਤੇ ਸੰਪਰਕ ਕਰਕੇ ਕਿਸੇ ਵੀ ਤਰ੍ਹਾਂ ਦੀ ਕਾਂਉਸਲਿੰਗ ਅਤੇ ਸਲਾਹ ਲੈ ਸਕਦਾ ਹੈ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਮਰਦ ਕਾਉਂਸਲਰਾਂ ਦੇ ਨਾਲ ਨਾਲ ਔਰਤ ਕਾਉਂਸਲਰ ਵੀ ਭਰਤੀ ਕਰ ਸਕੀਏ ਅਤੇ ਇਸ ਸਰਵਿਸ ਨੂੰ ਵਧਾ ਸਕੀਏ।

# ਤਤਕਰਾ

1. ਧਰਮ ਦੇ ਸਰੀਰਕ ਅਤੇ ਮਾਨਸਿਕ ਨੁਕਸਾਨ
2. ਧਾਰਮਿਕ ਅਸਥਾਨਾਂ ਅੰਦਰ ਜਾਣਾ ਤੁਹਾਡੇ ਲਈ ਜਾਨਲੇਵਾ ਹੋ ਸਕਦਾ ਹੈ
3. ਧਰਮ ਦੇ ਨਾਂ ਤੇ ਦਰਿੰਦਗੀ
4. ਝਮੇਲਾ ਰੱਬ ਦਾ
5. ਕਿਸਮਤ ਅਤੇ ਕਰਮਾਂ ਦਾ ਫਲ
6. ਜੋਤਿਸ਼ ਦਾ ਧੋਖਾ
7. ਮੁਸਲਿਮ ਬੱਚੀਆਂ ਦੀ ਸੁਨਤ
8. ਧਾਰਮਿਕ ਟਿੱਪਣੀਆਂ ਅਤੇ ਜ਼ੀਨ ਥਿਊਰੀ
9. "ਤੇਰਾ ਨਾਮ ਤਾਂ ਹਰ ਕੋਈ ਜਪਦਾ ਪਰ ਅੰਦਰੋਂ ਜਪਦਾ ਕੋਈ ਕੋਈ"
10. ਏਸ਼ੀਅਨ ਔਰਤਾਂ ਅਤੇ ਮਾਨਸਿਕ ਰੋਗ
11. ਰੱਬ ਦੀ ਹੋਂਦ ਬਾਰੇ ਆਸਤਿਕ ਅਤੇ ਨਾਸਤਿਕ ਵੱਖੋ-ਵੱਖਰੇ ਈਸ਼ਵਰ ਜਾਂ ਖ਼ੁਦਾ
12. ਸੱਚੇ ਅਤੇ ਕਲਪਿਤ ਵਜੂਦ ਦੇ ਪਰਖਣ ਦੀ ਕਸੌਟੀ
13. ਈਸ਼ਵਰ ਦੇ ਗੁਣ ਅਤੇ ਸਰਬ ਸ਼ਕਤੀਮਾਨ ਦੀ ਪ੍ਰੀਖਿਆ
14. ਈਸ਼ਵਰ ਦੇ ਸਰਵ-ਸ਼ਕਤੀਮਾਨ ਹੋਣ ਦੀ ਪ੍ਰੀਖਿਆ
15. ਈਸ਼ਵਰ ਦੇ ਦਿਆਲੂ ਹੋਣ ਦੀ ਪ੍ਰੀਖਿਆ
16. ਈਸ਼ਵਰ ਦਾ ਮਹਾਂ-ਵਿਨਾਸ਼ਕਾਰੀ ਅਤੇ ਅਤਿਆਚਾਰੀ ਰੂਪ
17. ਈਸ਼ਵਰ ਦੇ ਮਿਥਿਆ ਵਿਸ਼ਵਾਸ ਦੀਆਂ ਹਾਨੀਆਂ
18. ਈਸ਼ਵਰ, ਖ਼ੁਦਾ ਦੇ ਪਾਪਾਂ ਭਰੇ ਆਦੇਸ਼
19. ਨਾਸਤਿਕਾਂ ਦੇ ਇਸ਼ਤਹਾਰ ਅਤੇ ਆਸਤਿਕਾਂ ਦੇ ਮੁਆਫੀਨਾਮੇ
20. ਸੁਨਾਮੀ ਲਹਿਰਾਂ ਦਾ ਦੁਖਾਂਤ
21. ਹੁਣ ਤਾਂਤਰਿਕਾਂ ਜੋਤਸ਼ੀਆਂ ਅਤੇ ਬਾਬਿਆਂ ਦੀ ਖੈਰ ਨਹੀਂ
22. ਅਰਦਾਸ
23. ਲਾਲਾ ਹਰਦਿਆਲ ਅਤੇ ਤਰਕਸ਼ੀਲਤਾ
24. ਰੱਬ ਅਤੇ ਆਇਨ ਸਟਾਇਨ

# ਧਰਮ ਦੇ ਸਰੀਰਕ ਅਤੇ ਮਾਨਸਿਕ ਨੁਕਸਾਨ

ਧਰਮ ਦੀ ਲੰਬੀ ਚੌੜੀ ਪਰਿਭਾਸ਼ਾ ਵਿਚ ਨਾ ਜਾਂਦਾ ਹੋਇਆ 'ਮਰਿਆਦਾ ਬੱਝੇ ਸੂਤਰਾਂ' ਵਿਚ ਰਹਿਣ ਵਾਲੀ ਗੱਲ ਨੂੰ ਹੀ ਅਗਰ ਲੈ ਕੇ ਗੱਲ ਅੱਗੇ ਤੋਰੀ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਇਹਨਾਂ ਬੱਝੇ ਸੂਤਰਾਂ ਵਿਚ ਲਚਕੀਲਾਪਣ ਨਹੀਂ ਹੈ ਅਤੇ ਇਹ ਗੱਲ ਇੱਕ ਤਰ੍ਹਾਂ ਪੱਥਰ ਤੇ ਲਕੀਰ ਵਾਂਗ ਹੈ। ਗੱਲ ਇਥੇ ਹੀ ਖਤਮ ਹੋ ਜਾਂਦੀ ਹੈ ਕਿ, "ਇਹ ਸੂਤਰ ਗਿਆਨ ਦੀ ਹੱਦ ਹੈ।" ਕੋਈ ਵੀ ਤਰਕਸ਼ੀਲ ਸੋਚ ਰੱਖਣ ਵਾਲਾ ਨਾਰੀ, ਪੁਰਸ਼ ਇਸ ਗੱਲ ਨੂੰ ਮੰਨਣ ਤੋਂ ਇਨਕਾਰ ਕਰੇਗਾ ਕਿਉਂਕਿ ਗਿਆਨ ਦੀ ਕੋਈ ਹੱਦ ਨਹੀਂ ਹੈ ਅਤੇ ਇਹ ਦਿਨ-ਬ-ਦਿਨ ਵੱਧ ਰਿਹਾ ਹੈ।

"ਧਰਮ" ਨੇ ਲੋਕਾਂ ਨੂੰ ਸੂਤਰਾਂ ਵਿਚ ਬੰਨ੍ਹ ਕੇ ਮਾਨਸਿਕ ਪ੍ਰਫੁੱਲਤਾ ਤੇ ਰੋਕਾਂ ਲਾ ਦਿੱਤੀਆਂ ਹਨ ਕਿ, "ਇਹ ਹੀ ਅੰਤਲਾ ਗਿਆਨ ਹੈ।" ਇਸ ਗੱਲ ਦਾ ਬਾਰ-ਬਾਰ ਪ੍ਰਾਪੇਗੰਡਾ ਕਰਕੇ ਦਿਮਾਗਾਂ ਵਿਚ ਗੱਲ ਨੂੰ ਕਿੱਲਾਂ ਵਾਂਗ ਠੋਕ ਦਿੱਤਾ, ਕਿ, "ਬਸ ਜੋ ਇਹ ਧਰਮ ਕਹਿੰਦਾ ਹੈ ਉਹ ਹੀ ਠੀਕ ਹੈ।" ਥੋੜ੍ਹਾ ਬਹੁਤ ਹੇਰ ਫੇਰ ਤੋਂ ਬਿਨਾਂ ਇਹ ਗੱਲ ਅਜੋਕੇ ਸੰਦਰਭ ਵਿਚ ਸਾਰੇ ਹੀ ਧਰਮਾਂ ਤੇ ਲਾਗੂ ਹੁੰਦੀ ਹੈ। ਕਾਬਜ਼ ਜਮਾਤ ਨੇ ਸ਼ੁਰੂ ਤੋਂ ਹੀ "ਧਰਮ" ਨੂੰ ਇਕ ਹਥਿਆਰ ਵਜੋਂ ਵਰਤ ਕੇ ਆਮ ਲੋਕਾਂ ਨੂੰ ਕਬਜ਼ੇ ਵਿਚ ਕੀਤਾ ਹੈ ਅਤੇ ਇਸ ਕੰਮ ਲਈ ਧਰਮ ਦੇ ਚਾਲਕਾਂ ਦੀਆਂ ਧਾੜਾਂ ਪੈਦਾ ਕੀਤੀਆਂ। ਲੋਕਾਂ ਵਿਚ ਨਰਕ ਸਵਰਗ, ਦਾ ਡਰ ਪੈਦਾ ਕੀਤਾ। ਭੂਤ ਪ੍ਰੇਤ ਅਤੇ 'ਗਤੀ' ਵਰਗੇ ਖੋਖਲੇ ਸਿਧਾਂਤ ਪੈਦਾ ਕੀਤੇ। 'ਕਰਮਾਂ ਦਾ ਫਲ' ਅਤੇ 'ਕਿਸਮਤ' ਵਰਗੇ ਤਰਕ ਵਿਹੂਣੇ ਵਿਚਾਰਾਂ ਨੂੰ ਜ਼ੋਰਾਂ-ਸ਼ੋਰਾਂ ਨਾਲ ਪਰਚਾਰਿਆ ਤਾਂ ਕਿ ਲੋਕ ਡਰੇ ਰਹਿਣ।

ਵੱਖ-ਵੱਖ ਧਰਮ, ਜਿਥੇ ਲੋਕਾਂ ਵਿਚ ਵੰਡੀਆਂ ਪਾਉਂਦੇ ਹਨ, ਉਥੇ ਇਕ ਦੂਜੇ ਲਈ ਨਫ਼ਰਤ ਵੀ ਫੈਲਾਉਂਦੇ ਹਨ ਅਤੇ ਇਹ ਗੱਲ ਕਾਬਜ਼ ਜਮਾਤਾਂ ਦੇ ਬੜੀ ਫਿੱਟ ਬੈਠਦੀ ਹੈ। ਲੋਕਾਂ ਨੂੰ ਮਾਨਸਿਕ ਤੌਰ 'ਤੇ ਨਿਪੁੰਸਕ ਬਣਾਉਣ ਵਿਚ ਧਰਮ ਦਾ ਅਹਿਮ ਰੋਲ ਰਿਹਾ ਹੈ ਅਤੇ ਇਸ ਕਰਕੇ 'ਕਰਨ ਕਰਾਵਣ ਹਾਰ ਸੁਆਮੀ' ਅਤੇ ਕਿਸਮਤ, ਕਰਮਾਂ ਦੇ ਫਲ ਵਰਗੇ ਸਿਧਾਂਤ ਬੜੇ ਕਾਰਗਰ ਸਾਬਤ ਹੁੰਦੇ ਹਨ। ਗੈਬੀ-ਸ਼ਕਤੀਆਂ ਦਾ ਰੋਲ, ਭੂਤ ਪ੍ਰੇਤਾਂ ਨੂੰ, ਸਰੀਰਕ ਕਸ਼ਟ ਦੇ ਕੇ ਬਾਹਰ ਕੱਢਣਾ, ਇੱਕ ਤਰ੍ਹਾਂ ਨਾਲ ਗਿਣੀ ਮਿਥੀ ਚਾਲ ਹੈ ਤਾਂ ਕਿ ਲੋਕ ਕਾਬੂ (ਕੰਟਰੋਲ ਵਿਚ) ਰਹਿਣ, ਲੋਕ ਡਰੇ ਰਹਿਣ ਅਤੇ ਹਾਕਮ ਜਮਾਤ ਦੇ ਖਿਲਾਫ ਨਾ ਖੜ੍ਹੇ ਹੋ ਜਾਣ।

ਧਰਮਾਂ ਦੇ ਰਾਹੀਂ ਇਸ ਕਰਕੇ ਹੀ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ, "ਨਾਸਤਿਕ ਲੋਕ ਬੜੇ ਮਾੜੇ ਹਨ, ਇਹਨਾਂ ਨੂੰ ਮੌਤ ਤੋਂ ਬਾਦ ਭਾਰੀਆਂ ਸਜ਼ਾਵਾਂ ਦਿੱਤੀਆਂ ਜਾਣਗੀਆਂ ਅਤੇ ਨਾਸਤਿਕ ਲੋਕ ਮਨਮੁੱਖੀਏ ਹਨ, ਹੰਕਾਰੀ ਹਨ।" ਇਹ ਗੱਲਾਂ ਆਪਣੇ ਖਿਲਾਫ਼ ਵਿਰੋਧ ਨੂੰ ਰੋਕਣ ਵਾਸਤੇ ਕਾਬਜ਼ ਜਮਾਤਾਂ ਧਰਮ ਦੇ ਠੇਕੇਦਾਰਾਂ ਰਾਹੀਂ ਕਹਾਉਂਦੀਆਂ ਹਨ। ਨਾਸਤਿਕ ਲੋਕ ਕਦੀ ਨਹੀਂ ਕਹਿੰਦੇ ਕਿ "ਧਰਮੀ" ਬੰਦਿਆਂ ਨਾਲ ਮੇਲ ਜੋਲ ਨਾ ਕਰੋ ਸਗੋਂ ਉਹ ਤਾਂ ਇਨ੍ਹਾਂ ਸਾਰੇ ਸਿਧਾਂਤਾਂ ਦਾ ਤਰਕ ਨਾਲ ਵਿਸ਼ਲੇਸ਼ਣ ਕਰਕੇ ਲੋਕਾਈ ਨੂੰ ਸਮਝਾਉਂਦੇ ਹਨ ਕਿ ਅਸਲ ਮਾਜਰਾ ਕੀ ਹੈ। ਪ੍ਰੇਮ ਪਿਆਰ ਦੀ ਭਾਵਨਾ ਨਾਸਤਿਕ ਲੋਕ ਪੈਦਾ ਕਰਦੇ ਹਨ ਨਾ ਕਿ ਕੱਟੜ ਧਰਮੀ।

ਸਚਾਈ ਨੂੰ ਤਿਲਾਂਜਲੀ "ਧਰਮੀ ਲੋਕ" ਦਿੰਦੇ ਹਨ ਨਾ ਕਿ ਨਾਸਤਿਕ ਲੋਕ। ਬਿਨਾਂ ਕਿਸੇ ਵਿਤਕਰੇ ਦੇ ਸਾਰੀ ਲੋਕਾਈ ਦਾ ਭਲਾ ਕਰਨ ਅਤੇ ਚਾਹੁਣ ਵਾਲੇ ਨਾਸਤਿਕ ਲੋਕ ਹਨ ਨਾ ਕਿ ਧਰਮੀ। ਸਾਧਾਰਨ ਲੋਕਾਂ ਦਾ ਮਾਨਸਿਕ, ਸਰੀਰਕ ਅਤੇ ਆਰਥਿਕ ਸ਼ੋਸ਼ਣ ਕਰਨ ਵਾਲੇ ਧਾਰਮਿਕ ਲੋਕ ਹਨ ਨਾ ਕਿ, ਨਾਸਤਿਕ। ਨਾਸਤਿਕ ਲੋਕ, ਢੋਂਗ ਅਤੇ ਖੇਖਣ ਬਾਜ਼ੀਆਂ ਨਹੀਂ ਕਰਦੇ ਅਤੇ ਪਾਖੰਡਾਂ ਤੋਂ ਦੂਰ ਰਹਿੰਦੇ ਹਨ। ਨਾਸਤਿਕ ਲੋਕ ਕਿਸੇ ਅਣਹੋਂਦ ਗੈਬੀ-ਸ਼ਕਤੀ ਦਾ ਡਰਾਵਾ ਨਹੀਂ ਦਿੰਦੇ। ਧਾਰਮਿਕ ਲੋਕ ਇਹ ਕੰਮ ਸਦਾ ਕਰਦੇ ਹਨ ਅਤੇ ਆਪਣੇ ਸਿਧਾਂਤਾਂ ਦੀ ਸਰਦਾਰੀ ਲਈ ਲੜਾਈਆਂ, ਝਗੜੇ ਅਤੇ ਕਤਲੋਗਾਰਤ ਕਰਦੇ ਹਨ। ਨਾਸਤਿਕ ਇਹ ਯਕੀਨ ਨਹੀਂ ਕਰਦੇ ਕਿ, "ਮੌਤ ਤੋਂ ਬਾਦ ਕੋਈ ਚੰਗੇ ਮਾੜੇ ਕਰਮਾਂ ਦਾ ਫਲ ਮਿਲੇਗਾ, ਉਹ ਮੌਤ ਨੂੰ ਆਖਰੀ ਗੱਲ ਮੰਨਦੇ ਹਨ ਕਿ ਇਸ ਤੋਂ ਬਾਦ ਕੁਝ ਨਹੀਂ ਹੈ।" ਧਾਰਮਿਕ ਲੋਕ, ਲਾਰੇ ਲਾਉਂਦੇ ਹਨ ਕਿ, 'ਮੌਤ ਤੋਂ ਬਾਦ ਹੀ ਅਸਲੀ ਜ਼ਿੰਦਗੀ ਸ਼ੁਰੂ ਹੋਣੀ ਹੈ' ਅਤੇ ਇਸ ਬਾਰੇ ਉਹ ਕੋਈ ਤਰਕਸ਼ੀਲ ਸਬੂਤ ਵੀ ਨਹੀਂ ਪੇਸ਼ ਕਰਦੇ। ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣ ਦਾ ਕੰਮ ਇਹ ਧਾਰਮਿਕ ਲੋਕ ਮਨਘੜਤ ਕਹਾਣੀਆਂ ਬਣਾ ਕੇ ਕਰਦੇ ਹਨ, ਪਰ ਨਾਸਤਿਕ ਲੋਕ ਇਹਨਾਂ ਕਹਾਣੀਆਂ ਅਤੇ ਸਿਧਾਂਤਾਂ ਦਾ ਪਰਦਾਫ਼ਾਸ ਕਰਦੇ ਹਨ।

ਨਾਸਤਿਕ ਲੋਕ, ਔਰਤਾਂ ਨੂੰ ਬਰਾਬਰੀ ਦੇ ਹੱਕ ਦਿਵਾਉਣ ਵਿਚ ਜੱਦੋ-ਜਹਿਦ ਕਰਦੇ ਅਤੇ ਔਰਤਾਂ ਉਪਰ ਹੋ ਰਹੇ ਜ਼ੁਲਮਾਂ ਖਿਲਾਫ ਧਰਮ ਦੇ ਸਿਧਾਂਤਾਂ ਦੀ ਨੁਕਤਾਚੀਨੀ ਕਰਦੇ ਹਨ। ਪਰ ਧਰਮ, ਔਰਤਾਂ ਨੂੰ ਘਟੀਆ ਕਰਾਰ ਦੇ ਉਹਨਾਂ ਦਾ ਮਾਨਸਿਕ ਸ਼ੋਸ਼ਣ ਕਰਦਾ ਹੈ। ਔਰਤਾਂ ਨੂੰ ਕੱਪੜਿਆਂ ਵਿਚ ਸਿਰ ਤੋਂ ਪੈਰਾਂ ਤੱਕ ਨੂੜ ਕੇ ਰੱਖਣ ਵਿਚ ਧਰਮਾਂ ਨੇ ਹਿੱਸਾ ਪਾਇਆ ਹੈ ਅਤੇ ਇਹ ਗੱਲ ਸਰੀਰਕ ਪ੍ਰਫੁਲਤਾ ਲਈ ਨੁਕਸਾਨਦੇਹ ਸਾਬਤ ਹੁੰਦੀ ਹੈ। ਕੀ ਖਾਣਾ ਜਾਂ ਪਹਿਨਣਾ, ਜ਼ਾਤੀ ਆਜ਼ਾਦੀ ਹੈ, ਪਰ ਧਰਮਾਂ ਨੇ ਜ਼ਾਤੀ ਆਜ਼ਾਦੀ ਤੇ ਰੋਕਾਂ ਲਾਈਆਂ ਹਨ। ਨਾਸਤਿਕ ਲੋਕ, ਵਿਗਿਆਨ ਦੇ ਅਧਾਰ ਤੇ ਪ੍ਰਚਾਰ ਕਰਦੇ ਹਨ ਕਿ ਕਿਹੜਾ ਖਾਣਾ ਜਾਂ ਕਿਹੋ ਜੇਹੇ ਕੱਪੜੇ ਸਿਹਤ ਲਈ ਠੀਕ ਅਤੇ ਗ਼ਲਤ ਹਨ।

ਜਮਾਂਦਰੂ ਅਪਾਹਜ਼ ਜਾਂ ਕਿਸੇ ਦੁਰਘਟਨਾ ਕਰਕੇ ਅਪਾਹਜ਼ ਹੋ ਗਏ ਲੋਕਾਂ ਨੂੰ, "ਧਰਮ" ਉਹਨਾਂ ਦੇ ਮਾੜੇ ਕੀਤੇ ਪਿਛਲੇ ਕਰਮਾਂ ਦਾ ਫਲ ਕਹਿ ਕੇ ਤਿੱਖਾ ਮਾਨਸਿਕ ਕਸ਼ਟ ਦਿੰਦੇ ਹਨ ਪਰ ਨਾਸਤਿਕ ਲੋਕ ਇਹਨਾਂ ਤਰਕਵਿਹੂਣੇ ਵਿਚਾਰਾਂ ਦਾ ਵਿਰੋਧ ਕਰਕੇ ਉਹਨਾਂ ਲਈ ਹਰ ਇੱਕ ਤਰ੍ਹਾਂ ਦੀ ਬਰਾਬਰੀ ਲਈ ਜ਼ੋਰ ਲਾਉਂਦੇ ਹਨ।

ਧਰਮਾਂ ਦੇ ਨਾਂ ਤੇ ਦਿੱਤੇ ਜਾਂਦੇ ਮਾਨਸਿਕ ਅਤੇ ਸਰੀਰਕ ਕਸ਼ਟਾਂ ਦੇ ਸ਼ਿਕਾਰ ਜ਼ਿਆਦਾ ਕਰਕੇ ਗਰੀਬ ਲੋਕ, ਔਰਤਾਂ, ਬੱਚੇ ਅਤੇ ਅਪਾਹਜ਼ ਨਾਰੀ ਪੁਰਸ਼ ਹਨ। ਦੱਬੇ ਕੁਚਲੇ ਲੋਕਾਂ ਦਾ ਕੋਈ ਸਹਾਰਾ ਨਹੀਂ ਹੈ, ਸਗੋਂ ਇਹ ਉਹਨਾਂ ਵਿਚ ਸਵੈਹੀਣਤਾ ਪੈਦਾ ਕਰਦਾ ਹੈ, ਜਦੋਂ ਕਿ ਨਾਸਤਿਕਤਾ, ਆਤਮ ਵਿਸ਼ਵਾਸ ਅਤੇ ਸਵੈਮਾਣਤਾ ਪੈਦਾ ਕਰਕੇ, ਸਰੀਰਕ ਅਤੇ ਮਾਨਸਿਕ ਕਸ਼ਟਾਂ ਤੋਂ ਬਚਾਉਂਦੀ ਹੈ।

# ਧਾਰਮਿਕ ਅਸਥਾਨਾਂ ਅੰਦਰ ਜਾਣਾ ਤੁਹਾਡੇ ਲਈ ਜਾਨਲੇਵਾ ਹੋ ਸਕਦਾ ਹੈ

ਭਾਰਤੀ ਲੋਕ ਕਈ ਗੱਲਾਂ ਬਸ ਪੀੜ੍ਹੀ ਦਰ ਪੀੜ੍ਹੀ ਬਿਨਾਂ ਘੋਖ ਪੜਤਾਲ ਕੀਤਿਆਂ ਕਰੀ ਜਾਂਦੇ ਹਨ। ਜਿਵੇਂ ਅੱਖਾਂ ਵਿੱਚ ਸੁਰਮਾਂ ਪਾਉਣ ਵਾਲੀ ਹੀ ਗੱਲ ਲੈ ਲਵੋ। ਇਹ ਕਦੇ ਕਿਸੇ ਨੇ ਜਾਨਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਇਹ ਸੁਰਮਾਂ ਅੱਖਾਂ ਨੂੰ ਨੁਕਸਾਨ ਵੀ ਪਹੁੰਚਾ ਸਕਦਾ ਹੈ। ਵਿਆਹ ਵੇਲੇ ਭਰਜਾਈ ਵੱਲੋਂ ਦਿਉਰ ਦੇ ਅੱਖਾਂ ਵਿਚ ਸੁਰਮਾਂ ਪਾਉਣ ਵਾਲੀ ਰੀਤ ਇਕ ਅਨਿਖੜਵਾਂ ਅੰਗ ਬਣ ਚੁੱਕੀ ਹੈ। ਸਾਡੇ ਸਭਿਆਚਾਰ ਵਿਚ ਸ਼ੌਕੀਨੀ ਲਈ ਵੀ ਸੁਰਮਾਂ ਵਰਤਿਆ ਜਾਂਦਾ ਹੈ ਜਦੋਂ ਕਿ ਵਿਗਿਆਨਕ ਤੌਰ 'ਤੇ ਇਹ ਸਿੱਧ ਹੋ ਚੁੱਕਾ ਹੈ ਕਿ ਸੁਰਮੇ ਵਿਚ ਸੀਸਾ (LEAD) ਯਾਨੀ ਸਿੱਕਾ ਹੁੰਦਾ ਹੈ ਅਤੇ ਇਹ ਸਿੱਕਾ ਅੱਖਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ।

ਹੁਣ ਅਗਰ ਕੋਈ ਰਸਮ, ਧਰਮ ਜਾਂ ਧਾਰਮਿਕ ਰਹੁਰੀਤ ਨਾਲ ਜੁੜੀ ਹੋਈ ਹੋਵੇ ਉਸ ਬਾਰੇ ਤਾਂ ਕੋਈ ਕਿੰਤੂ-ਪ੍ਰੰਤੂ ਕੀਤਾ ਹੀ ਨਹੀਂ ਜਾ ਸਕਦਾ। ਹਿੰਦੂ, ਸਿੱਖ, ਬੁੱਧਿਸਟ, ਈਸਾਈ ਅਤੇ ਕਈ ਮੁਸਲਮਾਨ ਵੀ ਧੂਫਾਂ, ਅਗਰਬੱਤੀਆਂ ਦੀ ਵਰਤੋਂ ਕਰਦੇ ਹਨ। ਚੜ੍ਹਦੇ ਦਿਨ ਨਾਲ ਹੀ ਦੁਕਾਨਦਾਰ ਅਤੇ ਆਮ ਧਾਰਮਿਕ ਬਿਰਤੀ ਵਾਲੇ ਲੋਕ ਥਾਂ-ਥਾਂ ਧੂਫਾਂ ਅਗਰਬੱਤੀਆਂ ਜਲਾ ਕੇ ਆਪਣੇ ਇਸ਼ਟ ਨੂੰ ਮਨਾਉਣ ਦੀ ਕੋਸ਼ਿਸ਼ ਵਿਚ ਰੁੱਝ ਜਾਂਦੇ ਹਨ। ਇਹਨਾਂ ਰੱਬ ਦੇ ਭਗਤਾਂ ਨੂੰ ਇਸ ਗੱਲ ਦਾ ਬਿੱਲਕੁਲ ਗਿਆਨ ਨਹੀਂ ਕਿ ਧੂਫਾਂ ਅਤੇ ਅਗਰਬੱਤੀਆਂ ਦਾ ਧੂੰਆਂ, ਤੰਬਾਕੂ ਦੇ ਧੂਏਂ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੈ ਅਤੇ ਸਾਡੀ ਸਿਹਤ ਦਾ ਬੁਰੀ ਤਰ੍ਹਾਂ ਨੁਕਸਾਨ ਕਰਦਾ ਹੈ।

ਤਾਇਵਾਨ ਦੀ ਨੈਸ਼ਨਲ ਚਿੰਗ ਕੁੰਗ ਯੂਨੀਵਰਸਿਟੀ (National Cheng Kung University) ਦੇ 'ਤਾ ਚੈਂਗ ਲਿੰਨ' (Ta Chang Lin) ਨੇ ਖੋਜ ਤੋਂ ਬਾਦ ਪਤਾ ਲਾਇਆ ਹੈ ਕਿ ਜਿਸ ਇਕ ਰਸਾਇਣਕ ਪਦਾਰਥ ਨਾਲ ਕੈਂਸਰ ਹੁੰਦਾ ਹੈ, ਉਹਦੀ ਮਾਤਰਾ ਘੱਟ ਹਵਾ ਹਾਰੇ ਮੰਦਰ ਵਿਚ, ਇਕ ਸਿਗਰਟ ਬੀੜੀ ਪੀਣ ਵਾਲੇ ਘਰ ਨਾਲੋਂ, 40 ਗੁਣਾਂ ਜ਼ਿਆਦਾ ਹੁੰਦੀ ਹੈ ਕਿਉਂਕਿ ਉਥੇ ਧੂਫਾਂ, ਅਗਰਬੱਤੀਆਂ ਦਾ ਧੂੰਆਂ ਹੁੰਦਾ ਹੈ। ਦੋ ਅਗਸਤ 2001 ਦੇ ਨਿਉ ਸਾਇਨਟਿਸਟ New Scientist ਮੈਗਜ਼ੀਨ ਮੁਤਾਬਕ ਧੂਫਾਂ ਅਗਰਬੱਤੀਆਂ ਦੇ ਬਲਣ ਨਾਲ, ਸੜਕ ਤੇ ਚੱਲ ਰਹੇ ਟਰੱਕਾਂ, ਬੱਸਾਂ ਅਤੇ ਮੋਟਰ ਕਾਰਾਂ ਨਾਲੋਂ ਜ਼ਿਆਦਾ ਪ੍ਰਦੂਸ਼ਣ ਪੈਦਾ ਹੁੰਦਾ ਹੈ। ਡਾਕਟਰ 'ਤਾ ਚੈਂਗ ਲਿੰਨ' ਨੇ ਸਥਾਨਿਕ ਮੰਦਰ ਦੇ ਅੰਦਰੋਂ ਅਤੇ ਬਾਹਰੋਂ ਹਵਾ ਦੇ ਸੈਂਪਲ ਇੱਕਠੇ ਕੀਤੇ ਤੇ ਇਹਨਾਂ ਸੈਂਪਲਾਂ ਦਾ ਸੜਕ ਵਾਲੀ ਹਵਾ ਨਾਲ ਮੁਕਾਬਲਾ ਕੀਤਾ। ਡਾਕਟਰ ਲਿੰਨ ਨੇ ਦੇਖਿਆ ਕਿ ਮੰਦਰ ਵਾਲੀ ਹਵਾ ਵਿਚ ਬਹੁਤ ਜ਼ਿਆਦਾ ਮਾਤਰਾ ਵਿਚ ਕਾਰਸੀਨੋਜੈਨਿਕ ਗਰੁੱਪ (Carcinogenic Group) ਦੇ ਰਸਾਇਣਕ ਪਦਾਰਥ ਸਨ, ਇਹਨਾਂ ਰਸਾਇਣਕ ਪਦਰਾਥਾਂ ਨੂੰ ਪੋਲੀਸਈਕਲਕ ਐਰੋਮਟਿਕ ਹਾਈਡ੍ਰੋਕਾਰਬਨਜ਼ (Polycylic Aromatic Hydrocarbons) ਦੇ ਨਾਂ ਨਾਲ ਜਾਣਿਆਂ ਜਾਂਦਾ ਹੈ ਜੋ ਕਿ ਆਮ ਕਰਕੇ ਕਿਸੇ ਚੀਜ਼ ਦੇ ਸਾੜਣ ਨਾਲ ਪੈਦਾ ਹੁੰਦੇ ਹਨ। ਡਾਕਟਰ ਲਿੰਨ ਦੇ ਇਸ ਤਜ਼ਰਬੇ ਵਿਚ ਇਹਨਾਂ ਹਾਨੀਕਾਰਕ ਰਸਾਇਣਕ ਪਦਾਰਥਾਂ ਦੀ ਮਾਤਰਾ ਮੰਦਰ ਵਿਚ, ਬਾਹਰ ਨਾਲੋਂ 19 ਗੁਣਾਂ

ਜ਼ਿਆਦਾ ਸੀ ਅਤੇ ਸੜਕ ਦੀ ਹਵਾ ਜਿਥੇ ਮੋਟਰਾਂ, ਕਾਰਾਂ ਦਾ ਧੂੰਆਂ ਸੀ, ਨਾਲੋਂ ਵੀ ਬਹੁਤਾਤ ਵਿਚ ਸੀ। ਇਹਨਾਂ ਖਤਰਨਾਕ ਰਸਾਇਣਕ ਪਦਾਰਥਾਂ ਵਿਚੋਂ ਬੈਂਜ਼ੋਪਾਈਰੀਨ (Benzopyrene) ਦੀ ਮੰਦਰ ਵਿਚਲੇ ਧੂੰਏਂ ਵਿਚ ਮਾਤਰਾ ਇਕ ਸਿਗਰਟ ਬੀੜੀ ਪੀਣ ਵਾਲੇ ਦੇ ਘਰ ਦੀ ਹਵਾ ਨਾਲੋਂ 45 ਗੁਣਾਂ ਜ਼ਿਆਦਾ ਸੀ ਅਤੇ ਇਕ ਸਿਗਰਟ ਬੀੜੀ ਨਾਂ ਪੀਣ ਵਾਲੇ ਘਰ ਦੇ ਹਵਾ ਨਾਲੋਂ 118 ਗੁਣਾਂ ਬਹੁਤਾਤ ਵਿਚ ਸੀ।

ਡਾਕਟਰ ਲਿੰਨ ਨੇ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਕਿ "ਮੈਨੂੰ ਮੰਦਰ ਵਿਚ ਜਾਣ ਵਾਲੇ ਭਗਤਾਂ ਦੀ ਸਿਹਤ ਦਾ ਤਾਂ ਫਿਕਰ ਹੈ ਹੀ ਪਰ ਸਭ ਤੋਂ ਜ਼ਿਆਦਾ ਉਹਨਾਂ ਲੋਕਾਂ ਦੀ ਸੇਹਤ ਦੀ ਚਿੰਤਾ ਹੈ ਜੋ ਮੰਦਰਾਂ ਵਿਚ ਕੰਮ ਕਰਦੇ ਹਨ ਅਤੇ ਜਿੱਥੇ ਵੱਡੀਆਂ ਰਸਮਾਂ ਅਤੇ ਸਮਾਰੋਹਾਂ ਵੇਲੇ ਸੈਂਕੜਿਆਂ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਅਗਰਬੱਤੀਆਂ ਜਲਾਈਆਂ ਜਾਂਦੀਆਂ ਹਨ।" ਡਾਕਟਰ ਲਿੰਨ ਨੇ ਹੋਰ ਜ਼ੋਰ ਦੇ ਕੇ ਕਿਹਾ ਕਿ "ਇਹਨਾਂ ਰੱਬ ਦੇ ਭਗਤਾਂ ਅਤੇ ਸ਼ਰਧਾਲੂਆਂ ਨੂੰ ਇਸ ਗੱਲ ਦਾ ਬਿਲਕੁਲ ਗਿਆਨ ਨਹੀਂ ਕਿ ਧੂਫਾਂ ਅਤੇ ਅਗਰਬੱਤੀਆਂ ਦੇ ਧੂੰਏਂ ਨਾਲ ਉਹਨਾਂ ਨੂੰ ਕੈਂਸਰ, ਜਾਨਲੇਵਾ ਰੋਗ ਲੱਗ ਸਕਦਾ ਹੈ।

ਕਈ ਅਨਪੜ੍ਹ ਅਤੇ ਆਪਣੇ ਆਪ ਨੂੰ ਅਕਲ ਵਾਲੇ ਅਤੇ ਪੜ੍ਹੇ ਲਿਖੇ ਹੋਣ ਦਾ ਦਾਅਵਾ ਕਰਨ ਵਾਲੇ ਭਾਰਤੀ, ਅਗਰਬੱਤੀਆਂ ਅਤੇ ਧੂਫਾਂ ਦੀ ਵਕਾਲਤ ਕਰਦੇ ਕਹਿੰਦੇ ਸੁਣੇ ਗਏ ਹਨ ਕਿ "ਇਹਨਾਂ ਦੇ ਧੂੰਏਂ ਨਾਲ ਵਾਤਾਵਰਣ ਦੀ ਸਫਾਈ ਹੁੰਦੀ ਹੈ।" ਇਹਨਾਂ ਰੱਬ ਦੇ ਭਗਤਾਂ ਨੇ ਇਸ ਧੂੰਏਂ ਦਾ ਕਦੇ ਵਿਸ਼ਲੇਸ਼ਣ ਨਹੀਂ ਕੀਤਾ ਹੁੰਦਾ। ਗਰਮੀਆਂ ਦੇ ਦਿਨਾਂ ਵਿਚ ਜਿੱਥੇ ਥਾਂ-ਥਾਂ ਟੇਬਲ ਫੈਨ, ਸੀਲਿੰਗ ਫੈਨ ਚੱਲ ਰਹੇ ਹੁੰਦੇ ਹਨ, ਦੁਕਾਨਦਾਰ ਧੂਫਾਂ ਅਤੇ ਅਗਰਬੱਤੀਆਂ ਜਲਾ ਕੇ ਪੱਖੇ ਦੀ ਹਵਾ ਦੇ ਸਾਹਮਣੇ ਰੱਖ ਦਿੰਦੇ ਹਨ ਤਾਂ ਕਿ ਆਪਣੇ ਭਗਤ ਹੋਣ ਦਾ ਭਰਮ ਆਪ ਵੀ ਪਾਲ ਸਕਣ ਅਤੇ ਗਾਹਕਾਂ ਨੂੰ ਵੀ ਮੂਰਖ ਬਣਾ ਸਕਣ। ਉਹਨਾਂ ਦੀ ਮਨੋ ਬਿਰਤੀ ਇਹ ਹੀ ਹੁੰਦੀ ਹੈ ਕਿ ਅਗਰਬੱਤੀਆਂ ਅਤੇ ਧੂਫਾਂ ਨੂੰ ਅਖੌਤੀ ਭਗਵਾਨ ਦੀਆਂ ਮੂਰਤੀਆਂ ਮੂਹਰੇ ਜਲਾ ਕੇ ਆਪਣੇ ਇਸ਼ਟ ਨੂੰ ਖੁਸ਼ ਕਰ ਸਕਣ ਅਤੇ ਲੋਕਾਂ ਦੀ ਲੁਟਾਈ ਇਸ ਆੜ ਵਿਚ ਸੁਖਾਲਿਆਂ ਹੀ ਕੀਤੀ ਜਾ ਸਕੇ।

ਬਾਬਿਆਂ, ਸਾਧਾਂ ਅਤੇ ਚੇਲਿਆਂ ਦਾ ਵੀ ਇਹ ਹੀ ਰਵੱਈਆ ਹੁੰਦਾ ਹੈ ਅਤੇ ਉਹ ਅਗਰਬੱਤੀਆਂ, ਧੂਫਾਂ ਅਤੇ ਗੁੱਗਲ ਆਦਿ ਵਰਗੇ ਪਦਾਰਥਾਂ ਨੂੰ ਜ਼ੋਰਾਂ-ਸ਼ੋਰਾਂ ਨਾਲ, ਘੱਟ ਹਵਾ-ਹਾਰੇ ਕਮਰੇ ਵਿਚ ਜਲਾ ਕੇ ਮਾਨਸਿਕ ਰੋਗੀਆਂ ਦਾ ਸਰੀਰਕ, ਮਾਨਸਿਕ ਅਤੇ ਆਰਥਿਕ ਸ਼ੋਸ਼ਣ ਕਰਦੇ ਹਨ। ਇਹ ਹਾਲ ਹੀ ਪਾਂਡਿਆਂ, ਜੋਤਸ਼ੀਆਂ ਅਤੇ ਰੇਖ ਵਿਚ ਮੇਖ ਮਾਰਨ ਵਾਲੇ ਵਿਹਲੜਾਂ ਅਤੇ ਲੁਟੇਰਿਆਂ ਦਾ ਵੀ ਹੈ।

ਧਾਰਮਿਕ ਅਸਥਾਨਾਂ ਵਿਚ ਜਾ ਕੇ ਸਾਡੀ ਸੇਹਤ ਸਿਰਫ਼ ਅਗਰਬੱਤੀਆਂ ਅਤੇ ਧੂਫਾਂ ਨਾਲ ਹੀ ਖਰਾਬ ਨਹੀਂ ਹੁੰਦੀ ਸਗੋਂ ਉਥੇ ਮਿਲਦੇ ਕੜਾਹ ਪ੍ਰਸਾਦ ਨਾਲ ਵੀ ਹੁੰਦੀ ਹੈ। ਜਿਸ ਵਿਚ ਲਾਪਰਵਾਹੀ ਨਾਲ ਘਿਓ, ਮੱਖਣ, ਖੰਡ ਅਤੇ ਮਿਰਚ ਮਸਾਲਿਆਂ ਦੀ ਵਰਤੋਂ ਕੀਤੀ ਗਈ ਹੁੰਦੀ ਹੈ। ਇਸ ਸਭ ਕਾਸੇ ਨੂੰ ਧਿਆਨ 'ਚ ਰੱਖਦਿਆ ਕਿ ਅਸੀਂ ਸਿਗਰਟਾਂ ਦੀ ਡੱਬੀ ਉਪਰ ਲਿਖੀ ਚੇਤਾਵਨੀ ਵਾਂਗ ਧਾਰਮਿਕ ਅਸਥਾਨਾਂ ਦੇ ਬਾਹਰ ਵੀ ਮੋਟੇ ਅੱਖਰਾਂ 'ਚ ਲਿਖ ਦੇਈਏ ਕਿ, "ਇਸ ਅੰਦਰ ਜਾਣਾ ਤੁਹਾਡੇ ਲਈ ਜਾਨਲੇਵਾ ਹੋ ਸਕਦਾ ਹੈ।" ਗਲਤ ਨਹੀਂ ਹੋਵੇਗਾ।

# ਧਰਮ ਦੇ ਨਾਂ ਤੇ ਦਰਿੰਦਗੀ

18 ਜੁਲਾਈ 2002 ਦੇ ਡੇਲੀ ਮਿਰਰ [Daily Mirror] ਅਖ਼ਬਾਰ ਨੇ ਪਹਿਲੇ ਸਫ਼ੇ ਤੇ ਚਾਰ ਸਾਲਾ ਬੱਚੀ ਦੀ ਫੋਟੋ ਛਾਪ ਕੇ ਡੱਬੀ ਵਿੱਚ ਖ਼ਬਰ ਲਾਈ ਹੈ ਕਿ ਉੱਤਰ ਪ੍ਰਦੇਸ਼ ਦੇ ਇੱਕ ਪਿੰਡ ਵਿੱਚ ਇੱਕ ਮਸੀਤ ਦੇ ਥਮਲੇ ਨਾਲ ਚਾਰ ਸਾਲਾ ਬੱਚੀ ਨੂੰ ਨੰਗਿਆਂ ਕਰਕੇ ਬੰਨ੍ਹ ਦਿੱਤਾ ਗਿਆ ਕਿ ਉਹਦੇ ਵਿੱਚ ਬਦਰੂਹਾਂ ਦਾ ਵਾਸਾ ਹੈ ਅਤੇ ਇਸ ਤਰ੍ਹਾਂ ਕਰਨ ਨਾਲ ਉਹ ਉਹਦੀ ਆਤਮਾ ਨੂੰ ਸ਼ੁੱਧ ਕਰ ਰਹੇ ਹਨ। ਉਸ ਬੱਚੀ ਨੂੰ ਨੰਗਾ, ਭੁੱਖਾ ਅਤੇ ਪਿਆਸਾ ਰੱਖਿਆ ਗਿਆ ਅਤੇ ਗਲ਼ ਵਿੱਚ ਰੱਸਾ ਪਾਈ ਰੱਖਿਆ ਜਿਵੇਂ ਪਸ਼ੂਆਂ ਨੂੰ ਨੂੜਿਆ ਜਾਂਦਾ ਹੈ। ਤਕਰੀਬਨ 50 ਡਿਗਰੀ ਸੈਲਸੀਅਸ ਤਾਪਮਾਨ ਨੂੰ ਨਾਂ ਸਹਾਰਦੀ ਹੋਈ ਬੱਚੀ ਤਿੰਨਾਂ ਦਿਨਾਂ ਬਾਅਦ ਸਾਥੋਂ ਸਦਾ ਲਈ ਵਿਛੜ ਗਈ। ਉਹਦਾ ਸਿਰਫ਼ ਕਸੂਰ ਇਹ ਸੀ ਕਿ ਉਹ ਲੜਕੀ ਸੀ ਅਤੇ ਦਿਮਾਗੀ ਤੌਰ ਤੇ ਸੰਤੁਲਤ ਨਹੀਂ ਸੀ। ਅਗਰ ਉਹ ਲੜਕਾ ਹੁੰਦੀ ਤਾਂ ਉਹਦੇ ਨਾਲ ਐਹੋ ਜਿਹਾ ਅਸੱਭਿਅਕ ਅਤੇ ਘਿਨਾਉਣਾ ਵਰਤਾਵ ਨਹੀਂ ਸੀ ਹੋਣਾ।

ਚੈਰਿਟੀ ਵਰਕਰ ਸਮੀਰ ਸ਼ਾਹ ਨੇ ਜਦ ਇਸ ਬੱਚੀ ਨਾਲ ਅਣਮਨੁੱਖੀ ਵਰਤਾਵ ਹੁੰਦਾ ਦੇਖਿਆ ਤਾਂ ਉਹਨੇ ਆਪਣੇ ਕੈਮਰੇ ਨਾਲ ਫੋਟੋ ਲਈ ਪਰ ਕੋਰਸ ਪਾਰਾ (Koras para) ਉੱਤਰ ਪ੍ਰਦੇਸ਼ ਇੰਡਿਆ ਪਿੰਡ ਦੇ ਚੌਧਰੀਆਂ ਨੇ ਸਮੀਰ ਸ਼ਾਹ ਤੇ ਹੱਲਾ ਬੋਲ ਕੇ ਉਹਦਾ ਕੈਮਰਾ ਭੰਨ ਸੁੱਟਿਆ ਅਤੇ ਉਹ ਦੀਆਂ ਤਿੰਨ ਪਸਲੀਆਂ ਤੋਂ ਇਲਾਵਾ ਹੰਸ ਦੀ ਹੱਡੀ ਵੀ ਤੋੜ ਦਿੱਤੀ। ਅਗਰ ਸਮੀਰ ਦਾ ਕਾਰ ਡਰਾਈਵਰ ਧੂਹ ਕੇ ਉਹਨੂੰ ਕਾਰ ਵਿੱਚ ਨਾਂ ਸੁੱਟਦਾ ਅਤੇ ਕਾਰ ਨਾਂ ਭਜਾਉਂਦਾ ਤਾਂ ਉਨ੍ਹਾਂ ਦੋਵਾਂ ਦਾ ਕਤਲ ਹੋ ਜਾਣਾ ਸੀ।

ਇਹ ਉਸ ਮੁਲਕ ਦੀ ਕਹਾਣੀ ਹੈ ਜਿਹੜਾ ਆਪਣੇ ਆਪ ਨੂੰ ਸੱਭਿਅਕ ਕਹਾਉਣ ਦੀਆਂ ਡੀਂਗਾਂ ਮਾਰਦਾ ਸਾਹ ਨਹੀਂ ਲੈਂਦਾ ਅਤੇ 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਹਮਾਰਾ' ਦੇ ਗੁਣ ਗਾਈਨ ਕਰਦਾ ਥੱਕਦਾ ਨਹੀਂ। ਇਹ ਦਿਲ ਹਿਲਾਊ ਕਰਤੂਤਾਂ ਧਰਮ ਦੇ ਨਾਂ ਤੇ ਕੀਤੀਆਂ ਜਾਂਦੀਆਂ ਹਨ। ਇਹ ਧਰਮ ਸਿਰਫ਼ ਮੁਸਲਮਾਨਾਂ ਦਾ ਇਸਲਾਮ ਹੀ ਨਹੀਂ, ਸਗੋਂ ਹਿੰਦੂਆਂ ਅਤੇ ਸਿੱਖਾਂ ਦਾ ਵੀ ਇਹ ਹੀ ਹਾਲ ਹੈ ਜਿਥੇ ਔਰਤਾਂ ਨੂੰ ਬਰਾਬਰੀ ਦਾ ਦਰਜਾ ਬਿਲਕੁਲ ਨਹੀਂ ਦਿੱਤਾ ਜਾਂਦਾ। ਜਿਸ ਸਮਾਜ ਵਿੱਚ ਔਰਤਾਂ ਨੂੰ ਦੂਜੇ ਦਰਜੇ ਦਾ ਸ਼ਹਿਰੀ ਸਮਝਿਆ ਜਾਂਦਾ ਹੋਵੇ ਅਤੇ ਜਿਹਨਾਂ ਨੂੰ ਸਿਰਫ਼ ਮੁੰਡੇ ਪੈਦਾ ਕਰਨ ਵਾਲੀ ਅਤੇ ਘਰ ਦੀ ਚਾਰ ਦੀਵਾਰੀ ਵਿੱਚ ਰੋਟੀਆਂ ਪਕਾਉਣ ਲਈ ਹੀ ਵਰਤਿਆ ਜਾਂਦਾ ਹੋਵੇ, ਉਹ ਸੱਭਿਆਚਾਰ ਅਤੇ ਸਮਾਜ ਜੰਗਲੀ ਨਹੀਂ ਤਾਂ ਹੋਰ ਕੀ ਹੈ? ਔਰਤਾਂ ਦੇ ਪੇਟ ਵਿੱਚ ਅਗਰ ਲੜਕੀ ਹੈ ਤਾਂ ਉਹਨੂੰ ਕੁਝ ਕੁ ਰੁਪਏ ਵਿੱਚ ਪੇਟ ਤੋਂ ਬਾਹਰ ਕੂੜੇ ਵਾਂਗ ਕੱਢ ਕੇ ਸੁੱਟ ਦਿੱਤਾ ਜਾਂਦਾ ਹੈ। ਇਸ ਨਾਲ ਔਰਤ ਦੀ ਸਿਹਤ ਤੇ ਕੀ ਅਸਰ ਪੈਂਦਾ ਹੈ। ਇਹਦੀ ਕੋਈ ਪਰਵਾਹ ਨਹੀਂ ਕੀਤੀ ਜਾਂਦੀ। ਕਈ ਵਾਰ ਇਹਨਾਂ ਅਪਰੇਸ਼ਨਾਂ ਵਿੱਚ ਔਰਤਾਂ ਮਰ ਵੀ ਜਾਂਦੀਆਂ ਹਨ, ਪਰ ਮਰਦ ਪ੍ਰਧਾਨ ਸਮਾਜ ਵਿੱਚ ਇਸ ਗੱਲ ਦੀ ਕਿਸੇ ਨੂੰ ਕੋਈ ਪਰਵਾਹ ਨਹੀਂ ਹੈ। ਇਹ ਹਾਲ ਜ਼ਿਆਦਾ ਕਰਕੇ ਆਪਣੇ ਆਪ ਨੂੰ ਪੜ੍ਹੇ ਲਿਖੇ ਕਹਾਉਣ ਵਾਲੇ ਮਰਦਾਂ ਵਿੱਚ ਜ਼ਿਆਦਾ ਹੈ ਅਤੇ

ਇਹ ਹੈ ਵੀ ਉੱਥੇ ਜ਼ਿਆਦਾ ਜਿੱਥੇ ਪੈਸੇ ਧੇਲੇ ਦੀ ਵੀ ਮੁਕਾਬਲਤਨ ਥੋੜ ਨਹੀਂ ਹੈ ਜਿਵੇਂ ਪੰਜਾਬ ਰਾਜ ਵਿੱਚ। ਕੀਤੇ ਸਰਵੇਖਣਾਂ ਤੋਂ ਇਹ ਗੱਲ ਜੱਗ ਜ਼ਾਹਿਰ ਹੋਈ ਹੈ ਕਿ ਪੰਜਾਬ ਵਿੱਚ 1000 ਮੁੰਡਿਆਂ ਪਿੱਛੇ ਔਰਤਾਂ ਦੀ ਗਿਣਤੀ 793 ਹੈ। ਮੈਂ ਉਸ ਭਾਰਤੀ ਪੰਜਾਬ ਦੀ ਗੱਲ ਕਰਦਾ ਹਾਂ ਜਿੱਥੇ ਦੇ ਬਹੁਤੇ ਲੋਕੀਂ ਢਿੱਡ ਭਰ ਕੇ ਰੋਟੀ ਖਾਂਦੇ ਹਨ ਅਤੇ ਬਹੁਤੇ ਪਰਵਾਰ ਪੱਛਮੀ ਮੁਲਕਾਂ ਵਿੱਚ ਰਹਿੰਦੇ ਹਨ। ਇਹ ਉਹ ਪੰਜਾਬੀ ਹਨ ਜਿਹਨਾਂ ਵਿੱਚੋਂ ਅੱਧੀ ਵਸੋਂ ਸਿੱਖਾਂ ਦੀ ਹੈ ਅਤੇ ਸਿੱਖ ਧਰਮ ਮੁਤਾਬਕ ਔਰਤਾਂ ਅਤੇ ਮਰਦ ਬਰਾਬਰ ਹੋਣੇ ਚਾਹੀਦੇ ਹਨ। ਕਰਨੀ ਅਤੇ ਕਹਿਣੀ ਵਿੱਚ ਜਿੰਨਾ ਅੰਤਰ ਪੰਜਾਬ ਵਿੱਚ ਹੈ ਉਨ੍ਹਾਂ ਹੋਰ ਕਿਸੇ ਪ੍ਰਾਂਤ ਵਿੱਚ ਨਹੀਂ ਹੈ। ਹਰਿਆਣਾ ਵਿੱਚ 1000 ਮਰਦਾਂ ਪਿੱਛੇ ਔਰਤਾਂ ਦੀ ਗਿਣਤੀ 820 ਹੈ ਅਤੇ ਰਾਜਿਸਥਾਨ ਵਿੱਚ ਇਸ ਤੋਂ ਵੱਧ ਹੈ। ਬਰਤਾਨੀਆ ਵਿੱਚ 1000 ਮਰਦਾਂ ਪਿੱਛੇ ਔਰਤਾਂ ਦੀ ਗਿਣਤੀ 1026 ਹੈ। ਜਦੋਂ ਕਿ ਸਾਰੇ ਭਾਰਤ ਵਿੱਚ ਔਸਤਨ 1000 ਮਰਦਾਂ ਪਿੱਛੇ 927 ਔਰਤਾਂ ਹਨ।

ਇਸੇ ਕਰਕੇ ਜਦ ਭਾਰਤੀ ਸੱਭਿਆਚਾਰ ਦੇ ਖੁਸਦੇ ਜਾਣ ਦੀ ਅਸੀਂ ਗੱਲ ਕਰਦੇ ਹਾਂ ਤਾਂ ਮਨ ਵਿੱਚ ਤ੍ਰਾਟਾਂ ਨਿਕਲਦੀਆਂ ਹਨ ਕਿ ਕਿਹੜੇ ਪੱਖ ਦੇ ਖੁੱਸਣ ਦੀ ਅਸੀਂ ਗੱਲ ਕਰ ਰਹੇ ਹਾਂ? ਕਿਸੇ ਦਾ ਅਪੰਗ ਜੰਮਣਾ ਜਾਂ ਦਿਮਾਗੀ ਸਮੱਸਿਆ ਪੱਛਮੀ ਮੁਲਕਾਂ ਵਿੱਚ ਇੱਕ ਆਮ ਜਿਹੀ ਗੱਲ ਮੰਨੀ ਜਾਂਦੀ ਹੈ। ਸਗੋਂ ਇੱਥੇ ਤਾਂ ਇਸ ਗੱਲ ਦਾ ਵੀ ਖਿਆਲ਼ ਰੱਖਿਆ ਜਾਂਦਾ ਹੈ ਕਿ ਕਿਸੇ ਵੀ ਤਰ੍ਹਾਂ ਦੇ ਅਪੰਗ ਨੂੰ ਐਹੋ ਜੇਹੀ ਗੱਲ ਨਾ ਕਹੀ ਜਾਵੇ ਜਿਹਦੇ ਨਾਲ ਉਹਦਾ ਮਨ ਦੁੱਖੀ ਹੋਵੇ। ਅਪੰਗ ਬੱਚਿਆਂ ਅਤੇ ਵੱਡਿਆਂ ਨੂੰ ਕਈ ਤਰ੍ਹਾਂ ਦੇ ਭੱਤੇ ਦਿੱਤੇ ਜਾਂਦੇ ਹਨ ਤਾਂ ਕਿ ਉਹ ਸਾਵਾਂ ਪੱਧਰਾ ਜੀਵਨ ਬਤੀਤ ਕਰ ਸਕਣ। ਅਪੰਗਤਾ ਨੂੰ ਪਿਛਲੇ ਜਨਮਾਂ ਦੇ ਕਰਮਾਂ ਨਾਲ ਨੱਥੀ ਕੀਤਾ ਜਾਂਦਾ ਜੋ ਕਿ ਭਾਰਤੀ ਧਰਮਾਂ ਅਤੇ ਸੱਭਿਆਚਾਰ ਵਿੱਚ ਹੈ। ਇਸ ਬੇਤੁਕੀ ਧਾਰਨਾ ਨੇ ਹਜ਼ਾਰਾਂ, ਕਰੋੜਾਂ ਲੋਕਾਂ ਦਾ ਘਾਣ ਕੀਤਾ ਹੈ ਅਤੇ ਅਸੀਂ ਆਪਣੀ ਰੋਜ਼ਾਨਾ ਗੱਲਬਾਤ ਵਿੱਚ ਵੀ ਅਤੇ ਧਾਰਮਿਕ ਅਕੀਦੇ ਕਰਕੇ ਵੀ ਇਸ ਵਿਚਾਰ ਤੇ ਮੋਹਰ ਲਾ ਕੇ ਪੱਕਿਆਂ ਕਰਦੇ ਹਾਂ। ਅਗਰ ਇਹ ਕਸਵੱਟੀ ਹੀ ਵਰਤੀ ਜਾਵੇ ਤਾਂ ਅਸੀਂ ਪੱਛਮੀ ਸੱਭਿਆਚਾਰ ਤੋਂ ਹਜ਼ਾਰਾਂ ਵਰ੍ਹੇ ਪਿੱਛੇ ਹਾਂ। ਸਿਤਮ ਤਾਂ ਇਸ ਗੱਲ ਦਾ ਵੀ ਹੈ ਕਿ ਜਿਹੜੇ ਏਸ਼ੀਅਨ ਲੋਕ ਅਖੌਤੀ ਪੜ੍ਹੇ-ਲਿਖੇ, ਅਧਖੜ ਜਾਂ ਅਨਪੜ੍ਹ ਪੱਛਮੀ ਮੁਲਕਾਂ ਵਿੱਚ ਆ ਵਸੇ ਹਨ, ਉਹਨਾਂ ਵਿੱਚੋਂ ਬਹੁਤਿਆਂ ਦੀ ਗਿਣਤੀ ਐਹੋ ਜਿਹੀ ਹੈ ਜੋ ਇਸ ਸੜਿਆਂਦ ਮਾਰਦੀ ਸੋਚ ਦੇ ਧਾਰਨੀ ਹਨ। ਉਹ ਕੁੜੀਆਂ ਦੇ ਖਿਲਾਫ਼ ਹਨ। ਉਹ ਅਪੰਗ ਲੋਕਾਂ ਦੇ ਖਿਲਾਫ਼ ਹਨ। ਉਹ ਧਾਰਮਿਕ ਜ਼ਜ਼ਬਾਤਾਂ ਨੂੰ ਉਭਾਰਨ ਦੇ ਹੱਕ ਵਿੱਚ ਹਨ ਤੇ ਇਸੇ ਕਰਕੇ ਥਾਂ ਥਾਂ ਮਸੀਤਾਂ, ਗੁਰਦੁਆਰਿਆਂ ਅਤੇ ਮੰਦਰਾਂ ਦੀ ਭਰਮਾਰ ਹੈ।

ਮੈਂ ਅਜੇ ਤੱਕ ਕਿਸੇ ਵੀ ਧਾਰਮਿਕ ਅਦਾਰੇ ਵੱਲੋਂ ਐਹੋ ਜਿਹੀ ਗੰਦਗੀ ਨੂੰ ਹੂੰਝਾਂ ਫੇਰਨ ਦੀ ਮੁਹਿੰਮ ਦੀ ਸ਼ੁਰੂਆਤ ਹੁੰਦੀ ਨਹੀਂ ਦੇਖੀ। ਉਹਨਾਂ ਤੇ ਤਾਂ ਅਜੇ ਤੱਕ ਇਸ ਗੱਲ ਦੇ ਖਿਲਾਫ਼ ਵੀ ਆਵਾਜ਼ ਨਹੀਂ ਉਠਾਈ ਕਿ ਕੁੜੀਆਂ ਨੂੰ ਗਰਭ ਵਿੱਚ ਮਾਰਨਾ ਇਨਸਾਨੀਅਤ ਦੇ ਖਿਲਾਫ਼ ਹੈ। ਅਪੰਗਾਂ ਲੋਕਾਂ ਨੂੰ ਬਰਾਬਰੀ ਨਾ ਦੇਣਾ ਸਰਾਸਰ ਧੱਕਾ ਹੈ ਜਾਂ ਸਾਧਾਂ ਬਾਬਿਆਂ, ਪੀਰਾਂ, ਫ਼ਕੀਰਾਂ, ਜ਼ੋਤਸ਼ੀਆਂ ਅਤੇ ਪੰਡਤਾਂ ਦੁਆਰਾ ਕਿਤੇ ਜਾਂਦੇ ਧਾਗੇ ਤਵੀਤ ਦੇ ਕੇ ਕੀਤੀ ਜਾਂਦੀ ਲੁਟਾਈ ਗ਼ਲਤ ਗੱਲ ਹੈ। ਅਗਰ ਮੈਂ ਆਪਣੇ ਬੱਚਿਆਂ ਜਾਂ ਹੋਰਨਾਂ ਨੂੰ ਏਸ਼ੀਆਈ ਸੱਭਿਆਚਾਰ ਬਾਰੇ ਚੰਗੀਆਂ ਗੱਲਾਂ

ਦੱਸਾਂ ਤਾਂ ਕੀ ਦੱਸਾਂ?

ਜਿਹੜੇ ਸੱਭਿਆਚਾਰ ਵਿੱਚ ਅਜੇ ਵੀ "ਕਿਸਮਤ" ਵਰਗੇ ਖੋਖਲੇ ਸਿਧਾਂਤਾਂ ਨੂੰ ਮੰਨਿਆ ਜਾਂਦਾ ਹੋਵੇ ਅਤੇ ਪਿਛਲੇ ਜਨਮਾਂ ਦੇ ਕਰਮਾਂ ਤੇ ਗੂਠਾ ਲਾਇਆ ਜਾਂਦਾ ਹੋਵੇ, ਉਹ ਸੱਭਿਆਚਾਰ ਤਰਕਸ਼ੀਲਤਾ ਅਤੇ ਇਨਸਾਨੀਅਤ ਤੋਂ ਹਜ਼ਾਰਾਂ ਮੀਲ ਦੂਰ ਨਹੀਂ ਤਾਂ ਹੋਰ ਕੀ ਹੈ? ਅਗਰ "ਕਿਸਮਤ" ਅਤੇ "ਕਰਮਾਂ ਦਾ ਫਲ" ਦੀ ਗੱਲ ਨੂੰ ਸਹੀ ਮੰਨ ਲਿਆ ਜਾਵੇ ਤਾਂ ਕੀ ਇਹ ਗੱਲ ਠੀਕ ਸੀ ਕਿ ਅਸੀਂ ਹਜ਼ਾਰਾਂ ਵਰ੍ਹੇ ਪਹਿਲਾਂ ਆਪਣੇ ਤੇ ਮੁਸਲਮਾਨਾਂ ਦਾ ਰਾਜ ਕਰਾਉਂਦੇ ਰਹੇ ਤੇ ਫ਼ਿਰ ਅੰਗਰੇਜ਼ਾਂ ਦਾ? ਅਗਰ ਏਸ਼ੀਅਨ ਮੁਲਕਾਂ ਵਿੱਚ ਭ੍ਰਿਸ਼ਟਾਚਾਰ ਅਤੇ ਕੰਗਾਲੀ ਹੈ ਤਾਂ ਇਸ ਗੱਲ ਨੂੰ ਸਵੀਕਾਰ ਕਰ ਲਿਆ ਜਾਵੇ ਕਿ ਇਹ ਪਿਛਲੇ ਜਨਮਾਂ ਦਾ ਫ਼ਲ ਅਤੇ ਸਿਰਫ਼ ਕਿਸਮਤ ਦਾ ਚੱਕਰ ਹੈ? ਇਸ ਗਧੀ ਗੇੜ ਵਿੱਚੋਂ ਉਨ੍ਹੀ ਦੇਰ ਬਾਹਰ ਨਹੀਂ ਨਿਕਲਿਆ ਜਾ ਸਕਦਾ ਜਦ ਤੱਕ ਅਸੀਂ ਬੱਚਿਆਂ ਨੂੰ ਹਿੰਦੂ, ਸਿੱਖ ਜਾਂ ਮੁਸਲਿਮ ਬਣਾਉਣ ਦੀ ਬਜਾਏ "ਇਨਸਾਨ" ਬਣਾਉਣ ਤੇ ਜ਼ੋਰ ਨਹੀਂ ਦਿੰਦੇ। ਅਸੀਂ ਉਨ੍ਹੀਂ ਦੇਰ ਇਸ ਦਲਦਲ ਵਿੱਚ ਫਸੇ ਰਹਾਂਗੇ ਜਿੰਨੀ ਦੇਰ ਅਸੀਂ "ਬਰਾਬਰੀ" ਅਤੇ "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਦੇ ਸਿਧਾਂਤ ਨੂੰ ਅਮਲੀ ਜਾਮਾ ਨਹੀਂ ਪਹਿਨਾਉਂਦੇ।

21ਵੀਂ ਸਦੀ ਦੇ ਸ਼ੁਰੂ ਹੋਣ ਤੇ ਵੀ ਅਸੀਂ ਪੱਥਰ ਯੁੱਗ ਦੇ ਲੋਕਾਂ ਵਰਗਾ ਵਰਤਾਵ ਕਰਦੇ ਹਾਂ। ਪੱਛਮੀ ਮੁਲਕਾਂ ਵਿੱਚ ਸੌ ਬੁਰਾਈਆਂ ਹੋਣ ਪਰ ਬਰਾਬਰੀ ਅਤੇ ਇਨਸਾਨੀਅਤ ਦੀਆਂ ਗੱਲਾਂ ਤੋਂ ਅਸੀਂ ਬੜਾ ਕੁੱਝ ਸਿੱਖ ਸਕਦੇ ਹਾਂ। ਜੇਕਰ ਅਸੀਂ ਅਜੇ ਵੀ ਨਾਂ ਸੰਭਲੇ ਤਾਂ ਚਾਰ ਸਾਲਾ ਬੱਚੀ ਨਾਲ ਜੋ ਉੱਤਰ ਪ੍ਰਦੇਸ਼ ਵਿੱਚ ਹੋਇਆ, ਔਰਤਾਂ ਨੂੰ ਦਾਜ ਕਰਕੇ ਮਾਰਨ ਜਾਂ ਗਰਭ ਵਿੱਚ ਮਾਰਨ ਦਾ ਸਿਲਸਿਲਾ ਚਲਦਾ ਰਹੇਗਾ ਅਤੇ ਫ਼ਿਰ ਪੱਛਮੀ ਮੁਲਕਾਂ ਦੇ ਗੋਰੇ ਸਾਨੂੰ ਸਾਡੇ ਸੱਭਿਆਚਾਰ ਅਤੇ ਧਰਮਾਂ ਨੂੰ ਪਿਛਾਂਹ ਖਿੱਚੂ ਅਤੇ ਜੰਗਲੀ ਹੀ ਕਹਿਣਗੇ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ।

# ਝਮੇਲਾ ਰੱਬ ਦਾ

24 ਜੁਲਾਈ 2003 ਨੂੰ ਮੈਨੂੰ ਬੀ. ਬੀ. ਸੀ. ਏਸ਼ੀਅਨ ਨੈਟਵਰਕ ਰੇਡੀਉ ਵਾਲਿਆਂ ਬਹਿਸ ਲਈ ਆਪਣੇ ਪ੍ਰੋਗਰਾਮ ਵਿੱਚ ਸੱਦਿਆ। ਬਹਿਸ ਦਾ ਮੁੱਦਾ "ਰੱਬ ਅਤੇ ਧਰਮ" ਬਾਰੇ ਸੀ। ਬਹਿਸ ਵਿੱਚ ਲੰਡਨ ਦੇ ਸਟੂਡੀਉ ਵਿੱਚ ਭਾਗ ਲੈਣ ਲਈ ਇੱਕ ਪੰਜਾਬੀ ਲੜਕੀ ਨੂੰ ਵੀ ਸੱਦਿਆ ਹੋਇਆ ਸੀ। ਲੜਕੀ ਦਾ ਕਹਿਣਾ ਸੀ ਕਿ ਉਹ ਸਿੱਖ ਧਰਮ ਵਿੱਚ ਯਕੀਨ ਕਰਦੀ ਹੈ ਪਰ ਉਹਦੇ ਦਿਮਾਗ ਵਿੱਚ ਕਈ ਸੁਆਲ ਹਨ ਜਿਨ੍ਹਾਂ ਦਾ ਉਸਨੂੰ ਜੁਆਬ ਨਹੀਂ ਮਿਲ ਰਿਹਾ। ਗੁਰਦੁਆਰਾ ਉਹਦੇ ਲਈ ਇੱਕ 'ਮਿਲਣ ਵਾਲੀ ਥਾਂ' ਬਣਕੇ ਰਹਿ ਗਿਆ ਹੈ। ਗੁਰਦੁਆਰੇ ਉਹ ਮੁੰਡਿਆਂ ਨੂੰ ਘੋਖਦੀ ਪਰਖਦੀ ਹੈ ਅਤੇ ਮਿਲਦੀ ਵੀ ਹੈ। ਘਰ ਦੇ ਸਮਝਦੇ ਹਨ ਕਿ ਉਹ ਧਾਰਮਿਕ ਸਥਾਨ 'ਤੇ ਰੱਬ ਦੀ ਭਗਤੀ ਕਰਨ ਗਈ ਹੈ। ਲੜਕੀ ਦਾ ਕਹਿਣਾ ਸੀ ਕਿ ਉਹਦੇ ਵਾਂਗ ਹੋਰ ਵੀ ਕੁੜੀਆਂ ਮੁੰਡੇ ਇਸੇ ਤਰ੍ਹਾਂ ਕਰਦੇ ਹਨ। ਲੜਕੀ ਦੀ ਮਾਂ ਨੇ ਵੀ ਇਸ ਬਹਿਸ ਵਿੱਚ ਫੋਨ ਰਾਹੀਂ ਹਿੱਸਾ ਲਿਆ। ਗੱਲ ਜਦ ਇੱਥੋ ਪਹੁੰਚੀ ਕਿ ਉਹਦੀ ਮਾਂ ਉਹਨੂੰ ਇਸ ਕਰਕੇ ਸਕਰਟਾਂ ਪਾਉਣ ਨਹੀਂ ਦਿੰਦੀ ਕਿ ਇਹ ਸਿੱਖ ਧਰਮ ਦੇ ਖਿਲਾਫ ਹੈ ਤਾਂ ਲੜਕੀ ਨੇ ਕਿਹਾ ਕਿ ਉਹਨੇ ਧਰਮ ਬਾਰੇ ਪੜਤਾਲ ਕੀਤੀ ਹੈ ਪਰ ਉਹਨੂੰ ਇਸ ਬਾਰੇ ਕਿਤੋਂ ਵੀ ਪਤਾ ਨਹੀਂ ਲੱਗਾ ਕਿ ਇਹ ਗੱਲ ਠੀਕ ਹੈ। ਬਹਿਸ ਦੌਰਾਨ ਇਹ ਗੱਲ ਵੀ ਬਾਹਰ ਆਈ ਕਿ ਕੁੱਝ ਲੋਕ "ਕਰਮਾਂ ਦਾ ਫਲ" ਵਿੱਚ ਯਕੀਨ ਕਰਦੇ ਹਨ ਅਤੇ ਅਸੀਂ ਜੋ ਵੀ ਭੁਗਤਦੇ ਹਾਂ ਇਹ ਸਭ ਸਾਡੇ ਪਹਿਲੇ ਜਨਮਾਂ ਦੇ ਕੀਤੇ ਕੰਮ ਤੇ ਆਧਾਰਤ ਹੈ।

ਮੈਂ ਇਸ ਸੁਆਲ ਤੇ ਕਈ ਪ੍ਰਸ਼ਨ ਚਿੰਨ੍ਹ ਲਾਏ ਕਿ ਅਗਰ ਇਹ ਗੱਲ ਹੈ ਤਾਂ ਫਿਰ ਜਿਹੜੇ ਲੋਕ ਅਖੌਤੀ ਘਟੀਆ ਵਧੀਆ ਜਾਤਾਂ ਵਿੱਚ ਪੈਦਾ ਹੋਏ ਹਨ ਕੀ ਉਹ, ਉਹਨਾਂ ਦੇ ਕਰਮਾਂ ਕਰਕੇ ਹੈ? ਨਾਲ ਇਹ ਵੀ ਗੱਲ ਹੈ ਕਿ ਜਿਹੜੇ ਲੋਕ ਅਪੰਗ ਹੋ ਜਾਂਦੇ ਹਨ ਜਾਂ ਜਿਹੜੇ ਬੱਚੇ ਅਪੰਗ ਜੰਮਦੇ ਹਨ ਉਹਨਾਂ ਵੀ ਪਹਿਲੇ ਜਨਮਾਂ ਵਿੱਚ ਮਾੜੇ ਕੰਮ ਕੀਤੇ ਸਨ? ਇਸ ਤੋਂ ਬਿਨਾਂ ਅਗਰ ਸਾਡੇ ਵਿੱਚੋਂ ਕੋਈ ਅਪੰਗ ਹੋ ਜਾਂਦਾ ਹੈ ਤਾਂ ਕੀ ਅਸੀਂ ਵੀ ਪਹਿਲੇ ਜਨਮ ਵਿਚ ਕੋਈ ਮਾੜੇ ਕੰਮ ਕੀਤੇ ਸਨ? ਮੈਂ ਆਪਣੀ ਗੱਲ ਚਾਲੂ ਰੱਖਦਿਆਂ ਬਹਿਸ ਨੂੰ ਭਖਾ ਰਿਹਾ ਸੀ ਕਿ ਜਿਹੜੇ ਬੱਚੇ ਜੰਮਦੇ ਹੀ ਮਰ ਜਾਂਦੇ ਹਨ ਜਾਂ ਜਿਹੜੇ ਲੋਕ ਭੁਚਾਲ ਜਾਂ ਹੋਰ ਕੁਦਰਤੀ ਆਫਤਾਂ ਨਾਲ ਇਸ ਦੁਨੀਆਂ ਤੋਂ ਚਲੇ ਜਾਂਦੇ ਹਨ ਕੀ ਉਹਨਾਂ ਵੀ ਪਹਿਲੇ ਜਨਮ ਵਿੱਚ ਮਾੜੇ ਕੰਮ ਕੀਤੇ ਸਨ?

ਹੁਣ ਸ਼ਾਇਦ ਇਹ ਮੇਰੀ ਵਾਰੀ ਸੀ ਅਤੇ ਮੈਂ ਆਪਣੇ ਸ਼ੰਕੇ ਵਾਰ ਵਾਰ ਸੁੱਟ ਰਿਹਾ ਸੀ ਕਿ ਔਰਤਾਂ ਦੇ ਖਿਲਾਫ ਸਾਰੇ ਧਰਮ ਹੀ ਵਿਤਕਰਾ ਕਰਦੇ ਹਨ ਪਰ ਵਿਤਕਰੇ ਦੇ ਖਿਲਾਫ ਬਰਤਾਨੀਆ ਵਿੱਚ ਸੈਕਸ ਡਿਸਕ੍ਰਿਮੀਨੇਸ਼ਨ ਐਕਟ 1975 ਹੈ ਅਤੇ ਅਪੰਗ ਲੋਕਾਂ ਦੇ ਖਿਲਾਫ ਵਿਤਕਰੇ ਨੂੰ ਨੱਥ ਪਾਉਣ ਲਈ ਡਿਸਐਬਿਲਟੀ ਡਿਸਕ੍ਰਿਮੀਨੇਸ਼ਨ ਐਕਟ 1995 ਹੈ। ਪਰ ਭਾਰਤ ਅਤੇ ਹੋਰ ਨਾਲ ਲਗਦੇ ਗਰੀਬ ਮੁਲਕਾਂ ਵਿੱਚ ਐਹੋ ਜੇਹੀ ਕਾਨੂੰਨੀ ਸੁਰੱਖਿਆ ਨਹੀਂ ਹੈ। ਜਿੱਥੋਂ ਤੱਕ ਜ਼ਾਤੀ ਆਜ਼ਾਦੀ ਦੀ ਗੱਲ ਹੈ ਸਾਡੇ ਕੋਲ ਹਿਉਮਨ ਰਾਈਟਸ ਐਕਟ 1998 ਹੈ। ਅਗਰ ਕਿਸੇ ਨੂੰ ਆਪਣੇ ਰੱਬ ਜਾਂ ਧਰਮ ਵਿੱਚ ਯਕੀਨ ਕਰਨ ਦੀ ਆਜ਼ਾਦੀ ਹੈ ਤਾਂ ਹੋਰ ਲੋਕਾਂ ਨੂੰ ਵੀ ਇਹ ਆਜ਼ਾਦੀ ਹੈ ਕਿ

ਉਹ ਅਗਰ ਕਿਸੇ ਰੱਬ ਜਾਂ ਧਰਮ ਵਿਚ ਯਕੀਨ ਨਹੀਂ ਕਰਨਾ ਚਾਹੁੰਦੇ ਤਾਂ ਨਾ ਕਰਨ। ਕਿਸੇ ਤੇ ਆਪਣੇ ਵਿਚਾਰ, ਜੀਵਨ ਜਾਂਚ ਜਾਂ ਕਦਰਾਂ ਕੀਮਤਾਂ ਠੋਸਣਾ ਜਾਤੀ ਆਜ਼ਾਦੀ ਵਿਚ ਖਲਲ ਪਾਉਣ ਵਾਲੀ ਗੱਲ ਹੈ। ਜੇਕਰ ਸਾਨੂੰ ਕੱਪੜੇ ਪਹਿਨਣ, ਖਾਣ ਪੀਣ, ਰਹਿਣ-ਸਹਿਣ ਅਤੇ ਹੋਰ ਕਈ ਜ਼ਾਤੀ ਆਜ਼ਾਦੀਆਂ ਹਨ ਤਾਂ ਫਿਰ ਰੱਬ ਅਤੇ ਧਰਮ ਦੇ ਮਾਮਲੇ ਵਿੱਚ ਕਿਉਂ ਨਹੀਂ? ਇਹ ਗੱਲਾਂ ਉਸ ਵੇਲੇ ਉੱਭਰ ਕੇ ਆਈਆਂ ਜਦ ਇਕ ਬਹਿਸ ਕਰਨ ਵਾਲੇ ਨੇ ਕਿਹਾ ਕਿ ਨਾਸਤਿਕ ਲੋਕਾਂ ਨੂੰ ਰੇਡੀਉ ਬਹਿਸ ਪ੍ਰੋਗਰਾਮਾਂ ਵਿਚ ਸੱਦਣਾ ਨਹੀਂ ਚਾਹੀਦਾ। ਇਹ ਗੱਲ ਜ਼ਬਰੀ ਠੋਸਣ ਵਾਲੀ ਤਾਂ ਹੈ ਹੀ ਸਗੋਂ ਆਪਣੀ ਸੋਚਣੀ ਦੀ ਸੂਈ ਦੇ ਨੱਕੇ ਵਿੱਚੋਂ ਲੰਘਾਉਣ ਵਾਲੀ ਵੀ ਹੈ।

ਧਰਮ ਦੀ ਆੜ ਵਿਚ ਹੋ ਰਹੇ ਪਾਖੰਡਾਂ ਅਤੇ ਦੋਹਰੇ ਮਾਪਦੰਡਾਂ ਬਾਰੇ ਪ੍ਰੋਗਰਾਮ ਵਿਚ ਮੈਂ ਦੱਸਿਆ ਕਿ ਜਦ ਮੈਂ ਸੋਸ਼ਲ ਵਰਕਰ ਸੀ ਤਾਂ ਕਈ ਐਹੋ ਜਿਹੇ ਕੇਸਾਂ ਨਾਲ ਮੇਰਾ ਵਾਸਤਾ ਪਿਆ ਸੀ ਜਿੱਥੇ ਜਦ ਲੜਕੀ ਨੇ ਆਪਣੇ ਸਿਰ ਦੇ ਵਾਲ ਕੱਟ ਲਏ ਸਨ ਤਾਂ ਉਹਨੂੰ ਮਾਰਿਆ ਗਿਆ ਸੀ। ਜਦੋਂ ਕਿ ਪਿਉ ਅਤੇ ਲੜਕੀ ਦੇ ਭਰਾਵਾਂ ਦੇ ਸਿਰ ਦੇ ਵਾਲ ਵੀ ਕੱਟੇ ਹੋਏ ਸਨ ਅਤੇ ਮੂੰਹ ਵੀ ਸਫਾਚੱਟ ਸੀ। ਐਹੋ ਜਿਹੇ ਧਾਰਮਿਕ ਪਾਖੰਡੀਆਂ ਦਾ ਵੀ ਸਾਡੇ ਸਮਾਜ ਵਿਚ ਕੋਈ ਘਾਟਾ ਨਹੀਂ ਹੈ ਜੋ ਪੇਟ ਵਿੱਚ ਕੁੜੀ ਬਾਰੇ ਪਤਾ ਲੱਗਣ ਤੇ ਪੇਟ ਦੀ ਸਫਾਈ ਕਰਾਕੇ ਪੇਟ ਵਿੱਚ ਹੀ ਬੱਚੀ ਨੂੰ ਕਤਲ ਕਰ ਦਿੰਦੇ ਹਨ। ਮੁੰਡੇ ਲਈ ਥਾਂ ਥਾਂ ਮੱਥੇ ਰਗੜਦੇ ਹਨ। ਪਾਠ ਪੂਜਾ ਕਰਦੇ ਹਨ। ਸਾਧਾਂ ਬਾਬਿਆਂ ਦੀਆਂ ਚੌਂਕੀਆਂ ਭਰਦੇ ਹਨ। ਅਖੰਡਪਾਠ ਅਤੇ ਜਗਰਾਤੇ ਕਰਾਉਂਦੇ ਹਨ। ਅਗਰ ਧਰਮ ਐਹੋ ਜਿਹੇ ਪਾਖੰਡ ਹੀ ਸਿਖਾਉਂਦਾ ਹੈ ਤਾਂ ਇਹਦੀ ਲੋੜ ਈ ਕੀ ਹੈ? ਫਿਰ ਧਰਮਾਂ ਬਾਰੇ ਇਹ ਕਿਹਾ ਜਾਂਦਾ ਹੈ ਕਿ "ਧਰਮ ਆਪਸ ਵਿੱਚ ਵੈਰ ਰੱਖਣਾ ਨਹੀਂ ਸਿਖਾਉਂਦਾ" ਪਰ ਦੇਖਣ ਵਿੱਚ ਆਇਆ ਹੈ ਅਤੇ ਤਵਾਰੀਖ ਵੀ ਗਵਾਹ ਹੈ ਕਿ ਜਿਨ੍ਹਾਂ ਵੱਢ-ਵਢਾਂਗਾ, ਇਕ ਦੂਜੇ ਪ੍ਰਤੀ ਨਫਰਤ ਧਰਮ ਨੇ ਫੈਲਾਈ ਹੈ ਉਨੀਂ ਕਿਸੇ ਹੋਰ ਚੀਜ਼ ਨੇ ਨਹੀਂ। ਘਰਾਂ ਵਿੱਚ ਹਰ ਗੱਲ ਤੇ ਲੜਕੀਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਜੰਮਣ ਵੇਲੇ, ਸਕੂਲ ਭੇਜਣ ਵੇਲੇ, ਖਾਣ ਪੀਣ ਅਤੇ ਬੀਮਾਰੀ ਵੇਲੇ ਵੀ। ਲੜਕਿਆਂ ਦੇ ਜੰਮਣ ਤੇ ਖੁਸ਼ੀਆਂ ਮਨਾਉਣੀਆਂ, ਮੁੰਡਿਆਂ ਨੂੰ ਵਧੀਆ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣਾ, ਖਾਣ ਨੂੰ ਕੁੜੀਆਂ ਦਾ ਹਿੱਸਾ ਘਟਾਉਣਾ ਅਤੇ ਇੱਥੋਂ ਤੱਕ ਕਿ ਅਗਰ ਲੜਕੀ ਬੀਮਾਰ ਹੋ ਜਾਵੇ ਤਾਂ ਉਹਦੀ ਬਿਮਾਰੀ ਦਾ ਇਲਾਜ ਨਾ ਕਰਾਉਣਾ। 18 ਜੁਲਾਈ 2003 ਬੀ. ਬੀ. ਸੀ. ਏਸ਼ੀਅਨ ਨੈਟਵਰਕ ਵਿਚ ਡਾਕਟਰ ਕੁਮਾਰ ਨੇ ਦਿੱਲੀ ਤੋਂ ਰਿਪੋਰਟ ਦਿੱਤੀ ਕਿ ਲੜਕੀਆਂ ਨਾਲ ਵਿਤਕਰਾ ਇਸ ਹੱਦ ਤੱਕ ਵਧ ਗਿਆ ਹੈ ਕਿ ਮਾਂ ਪਿਉ ਬੱਚੀ ਦੇ ਬੀਮਾਰ ਹੋਣ ਤੇ ਉਹਨਾਂ ਬੀਮਾਰੀਆਂ ਦਾ ਵੀ ਇਲਾਜ ਨਹੀਂ ਕਰਵਾਉਂਦੇ ਜਿਨ੍ਹਾਂ ਦਾ ਬੜੀ ਘੱਟ ਕੀਮਤ ਅਤੇ ਸੌਖਿਆਂ ਇਲਾਜ ਹੋ ਸਕਦਾ ਹੈ ਜਿਵੇਂ ਦਸਤ ਲੱਗ ਜਾਣੇ ਅਤੇ ਫਲੂ ਹੋ ਜਾਣਾ ਆਦਿ। ਅਗਰ ਧਰਮ ਅਤੇ ਰੱਬ ਦਾ ਇਨ੍ਹਾਂ ਘਟੀਆ ਰੋਲ ਹੈ ਤਾਂ ਕਿਸੇ ਵੀ ਜਗਦੇ ਸਿਰ ਦੀ ਇਹ ਨੈਤਿਕ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਇਸ ਅਨਿਆਂ ਦੇ ਖਿਲਾਫ ਆਵਾਜ਼ ਉਠਾਵੇ।

ਧਰਮ ਨੂੰ ਵੰਡੀਆਂ ਪਾਉਣ ਅਤੇ ਇਨਸਾਨੀਅਤ ਤੋਂ ਦੂਰ ਭਜਾਉਣ ਲਈ ਹਰ ਮੁਲਕ ਵਿੱਚ ਹੀ ਵਰਤਿਆ ਜਾਂਦਾ ਹੈ। ਕਦੇ ਪੰਜਾਬ ਵਿੱਚ 'ਖਾਲਿਸਤਾਨ' ਦੇ ਨਾਂ ਉੱਤੇ ਅਤੇ ਕਦੇ ਗੁਜਰਾਤ ਵਿੱਚ ਹਿੰਦੂ ਮੁਸਲਿਮ ਫਸਾਦ ਕਰਾਕੇ ਇਹ ਕੰਮ ਕੀਤਾ

ਜਾਂਦਾ ਹੈ। ਸ਼ੀਆ ਸੁਨੀ ਮੁਸਲਮਾਨਾਂ ਦਾ ਰੌਲਾ ਇਰਾਕ ਵਿੱਚ ਪੈਂਦਾ ਰਿਹਾ ਅਤੇ ਪਾਕਿਸਤਾਨ ਵਿੱਚ। ਕੈਥੋਲਿਕ ਅਤੇ ਪ੍ਰੋਟੈਸਟਾਂ ਦੀ ਗੜਬੜ ਉੱਤਰੀ ਆਇਰਲੈਂਡ ਵਿਚ ਅਤੇ ਫਿਰ ਇਜ਼ਰਾਇਲ ਵਿੱਚ ਯਹੂਦੀਆਂ ਅਤੇ ਫਲਸਤੀਨੀਆਂ ਦੀ। ਚਿੰਤਾ ਵਾਲੀ ਗੱਲ ਇਹ ਵੀ ਹੈ ਕਿ ਧਾਰਮਿਕ ਅਸਥਾਨਾਂ ਦੀ ਗਿਣਤੀ ਵਿਚ ਤਾਬੜਤੋੜ ਵਾਧਾ ਹੋ ਰਿਹਾ ਹੈ ਅਤੇ ਧਾਰਮਿਕ ਜਨੂੰਨ ਵੀ ਬੜਕਾਂ ਮਾਰ ਰਿਹਾ ਹੈ।

ਬਰਤਾਨੀਆਂ ਦੀ 2001 ਦੀ ਮਰਦਮਸ਼ੁਮਾਰੀ ਮੁਤਾਬਕ 52,041,916 ਲੋਕਾਂ ਵਿੱਚੋਂ 71.75 ਪ੍ਰਤੀਸ਼ਤ ਈਸਾਈ, 0.28 ਪ੍ਰਤੀਸ਼ਤ ਬੋਧੀ, 1.06 ਪ੍ਰਤੀਸ਼ਤ ਹਿੰਦੂ, 0.50 ਪ੍ਰਤੀਸ਼ਤ ਯਹੂਦੀ, 2.97 ਪ੍ਰਤੀਸ਼ਤ ਮੁਸਲਿਮ, 0.63 ਪ੍ਰਤੀਸ਼ਤ ਸਿੱਖ ਅਤੇ ਹੋਰ ਧਰਮਾਂ ਦੇ ਲੋਕ 0.29 ਪ੍ਰਤੀਸ਼ਤ ਹਨ। ਪਰ ਦਿਲਚਸਪ ਗੱਲ ਇਹ ਵੀ ਸਾਹਮਣੇ ਆਈ ਹੈ ਕਿ 14.81 ਪ੍ਰਤੀਸ਼ਤ ਲੋਕਾਂ ਨੇ ਸਾਫ ਕਿਹਾ ਕਿ ਉਹ ਕਿਸੇ ਧਰਮ ਵਿੱਚ ਯਕੀਨ ਨਹੀਂ ਕਰਦੇ। ਇਸ ਤੋਂ ਬਿਨਾਂ 7.71 ਪ੍ਰਤੀਸ਼ਤ ਲੋਕਾਂ ਨੇ ਧਰਮ ਵਾਲਾ ਖਾਨਾ ਭਰਿਆ ਹੀ ਨਹੀਂ। ਅਗਰ ਇਹਨਾਂ ਦੋਵਾਂ ਖਾਨਿਆਂ ਦਾ ਜੋੜ ਕੀਤਾ ਜਾਵੇ ਤਾਂ 22.52 ਪ੍ਰਤੀਸ਼ਤ ਬਣਦਾ ਹੈ। ਇਹਦਾ ਮਤਲਬ ਹੈ ਕਿ 11,719,925 ਲੋਕ ਕਿਸੇ ਧਰਮ ਵਿੱਚ ਯਕੀਨ ਨਹੀਂ ਕਰਦੇ।

ਲੋਕਾਂ ਦਾ ਧਰਮ ਤੋਂ ਯਕੀਨ ਉੱਠਣਾ ਵੀ ਕੁਦਰਤੀ ਹੈ ਜਦ ਉਹ ਆਏ ਦਿਨ ਕਦੇ ਰਾੜੇ ਵਾਲੇ ਸੰਤ, ਕਦੇ ਮੌਲਵੀਆਂ, ਪੰਡਤਾਂ ਅਤੇ ਕਦੇ ਈਸਾਈ ਪਾਦਰੀਆਂ ਦੀਆਂ ਕਰਤੂਤਾਂ ਅਖਬਾਰਾਂ ਵਿੱਚ ਪੜ੍ਹਦੇ ਹਨ। 30 ਮਈ 2003 ਦੇ ਮੈਟਰੋ ਅਖਬਾਰ ਦੀ ਖ਼ਬਰ ਹੈ ਕਿ ਇੱਕ 13 ਸਾਲਾ ਬੱਚੀ ਨੇ ਜਦ ਆਪਣੇ ਨਾਲ ਸਕੂਲ ਵਿੱਚ ਹੁੰਦੇ ਭੈੜੇ ਵਰਤਾਓ ਬਾਰੇ 37 ਸਾਲਾ ਪਾਦਰੀ ਕੈਵਿਨ ਕੌਨਵੇਅ ਨਾਲ ਗੱਲਬਾਤ ਕੀਤੀ ਤਾਂ ਉਹਨੇ ਦਿਲਾਸੇ ਦੇ ਬਹਾਨੇ ਬੱਚੀ ਨਾਲ ਕਾਰ ਵਿੱਚ ਸੈਕਸ ਕਰਨਾ ਸ਼ੁਰੂ ਕਰ ਦਿੱਤਾ। ਬੱਚੀ ਨੇ ਕਚਹਿਰੀ ਦੇ ਕਟਹਿਰੇ ਵਿੱਚ ਦੱਸਿਆ ਕਿ ਇਹ ਲੁੱਚਪੁਣਾ ਤਾਂ ਉਸ ਵੇਲੇ ਦਾ ਚਾਲੂ ਹੈ ਜਦ ਉਹ ਅਜੇ 12 ਵਰ੍ਹਿਆਂ ਦੀ ਕੱਚੀ ਕੁਆਰੀ ਸੀ ਅਤੇ ਇਸ ਪਾਦਰੀ ਨੇ ਹੀ ਸਮੁੰਦਰ ਕੰਢੇ ਕਾਰ ਵਿੱਚ ਉਹਦਾ ਸਤਭੰਗ ਕੀਤਾ ਸੀ। ਪਿਛਲੇ ਦੋ ਸਾਲਾਂ ਤੋਂ ਉਹ ਹਰ ਦੋ ਹਫਤਿਆਂ ਤੋਂ ਲਗਾਤਾਰ ਕਾਮ ਦਾ ਆਨੰਦ ਮਾਣਦੇ ਆ ਰਹੇ ਹਨ। ਇੱਥੋਂ ਤੱਕ ਕਿ ਇਹ ਬਦਮਾਸ਼ ਪਾਦਰੀ ਗਿਰਜਾਘਰ ਵਿੱਚੋਂ ਧਾਰਮਿਕ ਰਸਮਾਂ ਦੇ ਖ਼ਤਮ ਹੋਣ ਤੋਂ ਪਹਿਲਾਂ ਹੀ ਬੱਚੀ ਨੂੰ ਖਿਸਕਾ ਲਿਜਾਂਦਾ ਅਤੇ ਉਹ ਕਈ ਵਾਰ 'ਬਟਲਿਨ' ਵਾਲਿਆਂ ਨਾਲ ਸਕਿੱਗਨੈਸ ਟਾਊਨ ਵਿਖੇ ਇਕੱਠੇ ਛੁੱਟੀਆਂ ਵੀ ਬਿਤਾ ਆਏ ਹਨ। ਪੁਲੀਸ ਨੂੰ ਤਾਂ ਇਸ ਬਾਰੇ ਉਦੋਂ ਪਤਾ ਲੱਗਾ ਜਦ ਸਕੂਲ ਵਿੱਚ ਮੁੰਡਿਆਂ ਨੇ ਕੁੜੀ ਨਾਲ ਛੇੜਖਾਨੀ ਸ਼ੁਰੂ ਕਰ ਦਿੱਤੀ ਅਤੇ ਮੱਦਦ ਲਈ ਪਾਦਰੀ ਨੇ ਪੁਲੀਸ ਨੂੰ ਦੱਸ ਦਿੱਤਾ। 'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ' ਮੁਤਾਬਕ ਜਦ ਪੁਲੀਸ ਨੇ ਲੜਕੀ ਤੋਂ ਪੁੱਛਗਿੱਛ ਕੀਤੀ ਤਾਂ ਸਾਰਾ ਕੱਚਾ ਚਿੱਠਾ ਬਾਹਰ ਆ ਗਿਆ ਕਿ ਪਾਦਰੀ ਕਿਵੇਂ ਬੱਚੀ ਨਾਲ ਖੇਹ ਖਰਾਬੀਆਂ ਕਰਦਾ ਰਿਹਾ ਸੀ ਅਤੇ "ਗਸ਼ਤੀ ਫੋਨ" ਤੇ ਪਿਆਰ ਸੰਦੇਸ਼ੇ ਭੇਜਦਾ ਰਿਹਾ ਸੀ। ਸੇਂਟ ਵਿਲਫਰਡ ਚਰਚ ਸੰਦਰਲੈਂਡ ਦੇ ਇਸ ਲੁੱਚੇ ਪਾਦਰੀ ਨੂੰ ਨਿਊਕੈਸਲ ਕਰਾਊਨ ਕੋਰਟ ਵਿੱਚ ਸਾਢੇ ਤਿੰਨ ਸਾਲਾਂ ਲਈ ਕੈਦ ਦੀ ਸਜ਼ਾ ਦੇ ਦਿੱਤੀ ਗਈ ਹੈ ਅਤੇ 'ਰੱਬ ਦੀ ਏਜੰਟੀ' ਤੋਂ ਸਦਾ ਲਈ ਬਰਖਾਸਤ ਕਰ ਦਿੱਤਾ ਗਿਆ ਹੈ।

ਇਸੇ ਤਰ੍ਹਾਂ ਹੀ 17 ਜੂਨ 2003 ਦੀ ਮੈਟਰੋ ਅਖਬਾਰ ਮੁਤਾਬਕ 51 ਸਾਲਾ

ਈਕਰਸਲੇ ਵਸਨੀਕ ਗਰੇਟਰ ਮਾਨਚੈਸਟਰ ਨੂੰ ਤਿੰਨ ਵਰ੍ਹਿਆਂ ਲਈ ਸੀਖਾਂ ਪਿੱਛੇ ਬੰਦ ਕਰ ਦਿੱਤਾ ਗਿਆ ਹੈ ਕਿ ਉਹ ਭਵਿੱਖ ਪੁੱਛਣ ਵਾਲੇ ਗਾਹਕਾਂ ਨਾਲ ਬਦਫੈਲੀਆਂ ਕਰਦਾ ਸੀ। ਈਕਰਸਲੇ ਇੱਕ ਮੰਨਿਆ ਹੋਇਆ 'ਪੁੱਛਾਂ ਦੇਣ ਵਾਲਾ' ਹੈ ਅਤੇ ਉਹਨੇ ਬਰਤਾਨੀਆ ਦੇ ਟੀਸੀ ਤੇ ਪਹੁੰਚੇ ਕਈ ਲੋਕਾਂ ਦੀ ਭਵਿੱਖਬਾਣੀ ਕੀਤੀ ਸੀ। ਪਰ ਇਹਦਾ ਆਪਣਾ ਹਾਲ ਦੇਖੋ ਕਿ ਇਹ ਆਪਣੀ ਭਵਿੱਖਬਾਣੀ ਨਾ ਕਰ ਸਕਿਆ। ਇਸ ਲੁੱਚੇ ਜੋਤਸ਼ੀ ਦੀਆਂ ਕਰਤੂਤਾਂ ਦਾ ਪਰਦਾਫਾਸ਼ ਦੋ ਗਾਹਕਾਂ ਨੇ ਕੀਤਾ। ਮੇਰੀ ਬਿਆਨਬਾਜ਼ੀ ਤੋਂ ਬਾਅਦ ਸਭ ਚੁੱਪ ਸਨ।

# ਕਿਸਮਤ ਅਤੇ ਕਰਮਾਂ ਦਾ ਫਲ

ਪਿਛੇ ਜੇਹੇ ਮੇਰੇ ਇਕ ਦੋਸਤ ਦੀ ਮਾਂ ਦੀ ਮੌਤ ਹੋ ਗਈ। ਮੈਂ ਜਦ ਅਫ਼ਸੋਸ ਕਰਨ ਗਿਆ ਤਾਂ ਘਰ ਵਿਚ ਅਫ਼ਸੋਸ ਲਈ ਕਾਫੀ ਲੋਕ ਆਏ ਹੋਏ ਸਨ। ਜਿਸ ਤਰ੍ਹਾਂ ਹੁੰਦਾ ਈ ਆ, ਅਫ਼ਸੋਸ ਕਰਨ ਤੋਂ ਬਾਦ ਹੋਰ ਗੱਲਾਂ ਵੀ ਚੱਲ ਪੈਂਦੀਆਂ ਹਨ। ਦੋਸਤ ਦਾ ਪਰਿਵਾਰ ਕਾਫੀ ਧਾਰਮਿਕ ਖਿਆਲਾਂ ਦਾ ਹੈ ਅਤੇ ਰੱਬ ਦੇ ਪੱਕੇ ਭਗਤ ਹਨ। ਗੱਲਾਂ ਗੱਲਾਂ ਵਿਚ ਇਹ ਗੱਲ ਵੀ ਚੱਲ ਪਈ ਕਿ,"ਇਨਸਾਨ ਕਰਮਾਂ ਦਾ ਫਲ ਭੁਗਤਦਾ, ਜੋ ਕਰਮ ਪਿਛਲੇ ਜਨਮ ਵਿਚ ਕੀਤੇ ਹੁੰਦੇ ਹਨ ਉਹਨਾਂ ਦਾ ਫਲ ਇਸ ਜਨਮ ਵਿਚ ਸਾਡੇ ਹਿੱਸੇ ਆ ਜਾਂਦਾ। ਨਾਲੇ ਜੀ ਜੋ ਮਾਲਕ ਨੂੰ ਮਨਜ਼ੂਰ ਆ ਉਹ ਈ ਹੁੰਦਾ। ਉਹਦੀ ਰਜ਼ਾ ਤੋਂ ਬਿਨਾਂ ਤਾਂ ਪੱਤਾ ਵੀ ਨਹੀਂ ਹਿੱਲਦਾ।" ਇਸੇ ਤਰ੍ਹਾਂ ਦੇ ਰਵਾਇਤੀ ਵਿਚਾਰ ਅਫ਼ਸੋਸ ਕਰਨ ਆਏ ਲੋਕ ਆਪਸ ਵਿਚ ਸਾਂਝੇ ਕਰ ਰਹੇ ਸਨ। ਮੈਂ ਚੁੱਪ ਕਰਕੇ ਸਭ ਸੁਣ ਰਿਹਾ ਸੀ। ਮੇਰੇ ਦੋਸਤ ਨੂੰ ਮੇਰੇ ਵਿਚਾਰਾਂ ਦਾ ਪਤਾ ਸੀ ਅਤੇ ਉਹ ਵੀ ਮੇਰੇ ਵੱਲ ਦੇਖ ਰਿਹਾ ਸੀ ਕਿ ਮੈਂ ਚੱਲ ਰਹੀ ਗੱਲਬਾਤ ਵਿਚ ਹਿੱਸਾ ਨਹੀਂ ਸੀ ਲੈ ਰਿਹਾ। ਉਹਨੇ ਮੈਨੂੰ ਸੰਬੋਧਤ ਹੁੰਦਿਆ ਕਿਹਾ, "ਭਾਅ ਜੀ ਤੁਹਾਡਾ 'ਕਰਮਾਂ ਦੇ ਫਲ' ਬਾਰੇ ਕੀ ਵਿਚਾਰ ਹੈ?" ਮੈਂ ਕਿਹਾ, "ਇਹ ਬਹਿਸ ਕਦੇ ਫਿਰ ਸਹੀਂ। ਹੁਣ ਮੌਕਾ ਠੀਕ ਨਹੀਂ। ਨਾਲੇ ਮੇਰੇ ਵਿਚਾਰ ਸ਼ਾਇਦ ਕੁੱਝ ਲੋਕਾਂ ਨੂੰ ਚੰਗੇ ਨਾਂ ਲਗਣ।" "ਨਹੀਂ ਐਹੋ ਜਹੀ ਕੋਈ ਗੱਲ ਨਹੀਂ। ਤੁਸੀਂ ਖੁੱਲ੍ਹ ਕੇ ਗੱਲ ਕਰੋ। ਆਪਾਂ ਘਰ ਦੇ ਈ ਬੈਠੇ ਆਂ। ਨਾਲੇ ਜੋ ਭਾਣਾ ਵਰਤਣਾ ਸੀ ਉਹ ਤਾਂ ਵਰਤ ਹੀ ਗਿਆ। ਆਪਾਂ ਇਸ ਬਾਰੇ ਹੁਣ ਕੁਝ ਨਹੀਂ ਕਰ ਸਕਦੇ।" ਮੈਂ ਇਕ ਦੋ ਵਾਰ ਫਿਰ ਨਾਂਹ-ਨਾਂਹ ਕਰਦਾ ਰਿਹਾ ਪਰ ਦੋਸਤ ਦੇ ਮਜ਼ਬੂਰ ਕਰਨ ਤੇ ਮੈਂ ਆਪਣੇ ਵਿਚਾਰ ਸਾਂਝੇ ਕਰਨ ਲੱਗ ਪਿਆ।

ਮੈਂ ਕਿਹਾ, ਆਪਾਂ ਅਫਰੀਕਣ ਕਾਲੇ ਲੋਕਾਂ ਤੋਂ ਗੱਲ ਸ਼ੁਰੂ ਕਰਦੇ ਆਂ। ਕਾਲੇ ਲੋਕਾਂ ਕਈ ਸੌ ਸਾਲ ਗੁਲਾਮੀ ਕੱਟੀ। ਉਹਨਾਂ ਨਾਲ ਗੋਰੇ ਲੋਕਾਂ ਨੇ ਜਾਨਵਰਾਂ ਵਾਲਾ ਸਲੂਕ ਕੀਤਾ। ਕੀ ਸਾਰੇ ਈ ਕਾਲੇ ਲੋਕਾਂ ਨੇ ਪਿਛਲੇ ਜਨਮ ਵਿਚ ਮਾੜੇ ਕਰਮ ਕੀਤੇ ਸਨ? ਕੀ ਇਹ ਉਹਨਾਂ ਦੀ ਕਿਸਮਤ ਸੀ?

ਹੁਣ ਗੱਲ ਆਪਣੇ ਭਾਰਤੀ ਲੋਕਾਂ ਤੇ ਲੈ ਕੇ ਆਉਂਦੇ ਹਾਂ। ਭਾਰਤੀ ਲੋਕਾਂ ਮੁਸਲਮਾਨਾਂ ਅਤੇ ਗੋਰਿਆਂ ਦੀ ਗੁਲਾਮੀ, ਸੈਂਕੜੇ ਵਰ੍ਹੇ ਕੱਟੀ। ਕੀ ਆਪਣੇ ਬਜ਼ੁਰਗਾਂ ਮਾੜੇ ਕਰਮ ਕੀਤੇ ਸਨ ਜਿਸ ਕਰਕੇ ਉਹਨਾਂ ਨੂੰ ਪਿਛਲੇ ਜਨਮ ਦਾ ਫਲ ਭੁਗਤਣਾ ਪਿਆ ਅਤੇ ਗੋਰੇ ਲੋਕਾਂ ਚੰਗੇ ਕੰਮ ਕੀਤੇ ਸਨ ਅਤੇ ਇਸ ਕਰਕੇ ਇਹਨਾਂ ਦੁਨੀਆਂ ਭਰ ਦੇ ਲੋਕਾਂ ਤੇ ਰਾਜ਼ ਕੀਤਾ?

ਇਸ ਤੋਂ ਬਾਦ ਆਪਾਂ ਧਾਰਮਿਕ ਗੁਰੂਆਂ ਦੀ ਗੱਲ ਕਰਦੇ ਆਂ। ਈਸਾਈਆਂ ਦੇ ਗੁਰੂ ਯਿਸੂ ਮਸੀਹ ਨੂੰ ਤਸੀਹੇ ਦੇ ਕੇ ਮਾਰਿਆ ਗਿਆ। ਕੀ ਉਹਨੇ ਪਿਛਲੇ ਜਨਮ ਵਿਚ ਮਾੜੇ ਕਰਮ ਕੀਤੇ ਸਨ?

ਮੁਸਲਮਾਨਾਂ ਦੇ ਪੈਗੰਬਰ ਹਜ਼ਰਤ ਮੁਹੰਮਦ ਨੇ ਵੀ ਕਹਿੰਦੇ ਕਈ ਲੜਾਈਆਂ ਲੜੀਆਂ ਅਤੇ ਦੁੱਖ ਝੱਲੇ। ਕੀ ਉਹਨੇ ਪਿਛਲੇ ਜਨਮ ਵਿਚ ਬੁਰੇ ਕੰਮ ਕੀਤੇ ਸਨ? ਹਿੰਦੂਆਂ ਦੇ ਗੁਰੂ ਰਾਮ ਚੰਦਰ ਅਤੇ ਸੀਤਾ ਮਾਤਾ ਦੀ ਗੱਲ ਲੈ ਲਓ। ਰਮਾਇਣ ਦੀ

ਕਥਾ ਮੁਤਾਬਕ ਰਾਮ ਚੰਦਰ ਜੀ ਅਤੇ ਸੀਤਾ ਜੀ ਨੂੰ 14 ਵਰ੍ਹੇ ਬਨਵਾਸ ਕੱਟਣਾ ਪਿਆ। ਨਾਲ ਲਛਮਣ ਜੀ ਵੀ ਗਏ। ਰਾਮ ਚੰਦਰ ਜੀ ਦਾ ਬਾਪ ਇਹ ਸਹਾਰ ਨਾ ਸਕਿਆ ਅਤੇ ਗਮ ਨਾਲ ਮਰ ਗਿਆ। ਲਛਮਣ ਜੀ ਦੀ ਪਤਨੀ ਨੇ ਘਰ ਇਕਲਾਪਾ ਕੱਟਿਆ। ਰਾਵਣ ਨਾਲ ਲੜਾਈ ਹੋਈ। ਵਾਪਿਸ ਆਉਣ ਤੇ ਮਾਤਾ ਸੀਤਾ ਨੂੰ ਘਰੋਂ ਕੱਢ ਦਿਤਾ ਗਿਆ। ਫਿਰ ਲਵ ਅਤੇ ਕੁਸ਼ ਨਾਲ ਲੜਾਈਆਂ ਹੋਈਆਂ। ਸੀਤਾ ਮਾਤਾ ਇਕ ਰਾਜੇ ਦੀ ਧੀ ਸੀ ਅਤੇ ਇਕ ਰਾਜੇ ਦੇ ਪੁੱਤ ਨਾਲ ਵਿਆਹੀ ਗਈ ਸੀ। ਵਿਆਹ ਤੋਂ ਬਾਦ ਉਹਨੇ ਇਕ ਦਿਨ ਵੀ ਸੁੱਖ ਦਾ ਨਾ ਦੇਖਿਆ। ਕੀ ਸੀਤਾ ਮਾਤਾ, ਰਾਮ ਚੰਦਰ, ਲਛਮਣ, ਲਛਮਣ ਜੀ ਦੀ ਪਤਨੀ ਅਤੇ ਦਸ਼ਰਥ ਨੇ ਆਪਣੇ ਪਿਛਲੇ ਜਨਮ ਵਿਚ ਮਾੜੇ ਕਰਮ ਕੀਤੇ ਸਨ ਜੀਹਦਾ ਖਮਿਆਜ਼ਾ ਉਹਨਾਂ ਨੂੰ ਭੁਗਤਣਾ ਪਿਆ? ਐਹੋ ਜਿਹਾ ਬੁਰਾ ਦਰੋਪਦੀ ਨਾਲ ਵੀ ਹੋਇਆ। ਜੋ ਰਾਜੇ ਦੀ ਧੀ ਸੀ ਅਤੇ ਰਾਜ ਘਰਾਣੇ ਵਿਚ ਵਿਆਹੀ ਗਈ ਸੀ। ਪਰ ਸਾਰੀ ਉਮਰ ਦੁੱਖ ਝਲਦੀ ਅਤੇ ਜ਼ਲੀਲ ਹੁੰਦੀ ਰਹੀ। ਕੀ ਦਰੋਪਦੀ ਨੇ ਵੀ ਪਹਿਲੇ ਜਨਮ ਵਿਚ ਮਾੜੇ ਕਰਮ ਕੀਤੇ ਸਨ। ਕੀ ਇਹ ਉਹਦੀ ਕਿਸਮਤ ਸੀ?

ਹੁਣ ਸਿੱਖ ਇਤਹਾਸ ਵੱਲ ਵੀ ਨਿਗ੍ਹਾ ਮਾਰ ਲੁਉ। ਗੁਰੂ ਅਰਜਨ ਦੇਵ ਜੀ ਨੂੰ ਤੱਤੀਆਂ-ਤਵੀਆਂ ਤੇ ਬਿਠਾਕੇ ਸਿਰ ਉੱਪਰ ਗਰਮ ਰੇਤ ਪਾਈ ਗਈ ਅਤੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਅਜੇ ਨੌਂ ਵਰ੍ਹਿਆਂ ਦੇ ਈ ਸਨ ਜਦ ਉਹਨਾਂ ਦੇ ਪਿਤਾ ਜੀ ਦੀ ਸ਼ਹੀਦੀ ਦਿੱਤੀ ਗਈ। ਗੁਰੂ ਸਾਹਿਬ ਸਾਰੀ ਉਮਰ ਜ਼ੁਲਮ ਦੇ ਖਿਲਾਫ ਲੜਾਈਆਂ ਲੜਦੇ ਰਹੇ। ਚਾਰ ਸਹਿਬਜ਼ਾਦੇ ਅਤੇ ਮਾਤਾ ਗੁਜ਼ਰੀ ਜੀ ਸ਼ਹੀਦ ਕਰ ਦਿੱਤੇ ਗਏ। ਗੁਰੂ ਸਾਹਿਬ ਨੂੰ 40 ਸਿੰਘ ਬੇਦਾਵਾ ਦੇ ਕੇ ਚਲੇ ਗਏ। ਸਾਡੇ ਗੁਰੂਆਂ ਬੜਾ ਦੁੱਖ ਭੋਗਿਆ ਕੀ ਸਾਡੇ ਗੁਰੂਆਂ ਅਤੇ ਉਹਨਾਂ ਦੇ ਪਰਿਵਾਰਾਂ ਪਿਛਲੇ ਜਨਮ 'ਚ ਮਾੜੇ ਕਰਮ ਕੀਤੇ ਸਨ? ਮੇਰੀਆਂ ਗੱਲਾਂ ਸਭ ਬੈਠੇ ਲੋਕ ਚੁੱਪ ਚਾਪ ਸੁਣ ਰਹੇ ਸਨ।

ਮੈਂ ਹੁਣ ਭਾਰਤ ਦੀ ਅਜ਼ਾਦੀ ਦੀ ਗੱਲ ਤੋਰ ਲਈ ਕਿ ਸਾਡੇ ਸੂਰਬੀਰ ਅਜ਼ਾਦੀ ਦੇ ਪਰਵਾਨਿਆਂ ਗੁਲਾਮੀ ਨੂੰ ਖਤਮ ਕਰਨ ਲਈ ਆਪਣਾ ਸੁੱਖਮਈ ਜੀਵਨ ਤਿਆਗ ਕੇ ਸਾਰੀ ਉਮਰ ਸੰਘਰਸ਼ ਕੀਤਾ, ਲੜਾਈਆਂ ਲੜੀਆਂ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਕੀ ਕਰਤਾਰ ਸਿੰਘ ਸਰਾਭਾ ਅਤੇ ਗਦਰ ਪਾਰਟੀ ਦੇ ਸਿਰਲਥ ਯੋਧਿਆਂ, ਭਗਤ ਸਿੰਘ ਅਤੇ ਸਾਥੀਆਂ ਪਿਛਲੇ ਜਨਮ ਵਿਚ ਮਾੜੇ ਕਰਮ ਕੀਤੇ ਸਨ ਜਿਸ ਕਰਕੇ ਉਹ ਜੇਲ੍ਹਾਂ ਵਿਚ ਦੁੱਖ ਤਸੀਹੇ ਝਲਦੇ ਰਹੇ। ਕੀ ਇਹ ਉਹਨਾਂ ਦੀ ਕਿਸਮਤ ਸੀ?

ਮੇਰੀਆਂ ਦਲੀਲਾਂ ਦਾ ਅਫ਼ਸੋਸ ਕਰਨ ਆਏ ਲੋਕਾਂ ਕੋਲ ਕੋਈ ਜੁਆਬ ਨਹੀਂ ਸੀ। ਇੱਕ-ਇੱਕ ਕਰਕੇ ਲੋਕ ਉੱਠਕੇ ਜਾਣ ਲਗ ਪਏ ਕਿ, "ਜੀ ਭਾਣਾਂ ਮੰਨਣਾਂ ਈ ਪੈਂਦਾ।" ਮੈਂ ਵੀ ਸੋਚਿਆ ਕਿ ਮੈਂ ਵੀ ਹੁਣ ਜਾਨਾਂ। ਮੈਂ ਦੋਸਤ ਨੂੰ ਕਿਹਾ, "ਆਪਣੇ ਪਿਆਰਿਆਂ ਦੀ ਮੌਤ ਦਾ ਦੁੱਖ ਹੌਂਸਲੇ ਅਤੇ ਸਬਰ ਨਾਲ ਈ ਜਰ ਹੁੰਦੈ।" ਉਹਦਾ ਹੱਥ ਘੁੱਟ ਮੈਂ ਉੱਠ ਆਇਆ।

# ਜੋਤਿਸ਼ ਦਾ ਧੋਖਾ

ਕਿਸੇ ਵੀ ਤਰਕਸ਼ੀਲ ਇਨਸਾਨ ਨੂੰ ਇਸ ਗੱਲ ਦਾ ਭੁਲੇਖਾ ਨਹੀਂ ਹੈ ਕਿ ਜੋਤਿਸ਼ ਇਕ ਧੋਖਾ ਹੈ, ਜਾਗਦਿਆਂ ਨੂੰ ਪੁਆਂਦੀ ਪਾਉਣ ਵਾਲੀ ਗੱਲ ਹੈ। ਇਹਦਾ ਭਾਂਡਾ ਭਾਰਤੀ ਸਾਹਿਤ "ਚਾਰਵਾਕ" ਅਤੇ ਮਹਾਤਮਾ ਬੁੱਧ ਵਰਗਿਆਂ ਪਹਿਲਾਂ ਹੀ ਭੰਨਿਆ ਹੋਇਆ ਹੈ। ਪੱਛਮੀ ਵਿਦਵਾਨਾਂ ਅਤੇ ਸਾਇੰਸਦਾਨ ਜਿਵੇਂ ਗੈਲੀਲਿਓ, ਕੌਪਰੀਨਿਕਸ, ਸੁਕਰਾਤ, ਵਿਲੀਅਮ ਸ਼ੈਕਸਪੀਅਰ, ਬਰਟਰੰਡਰਸਲ, ਜ਼ੀਨ ਪੌਲਸਾਰਤਰ, ਕਾਰਲ ਮਾਰਕਸ, ਏਂਗਲਜ਼ ਨੇ ਵੀ ਇਸ ਵਰਤਾਰੇ ਦਾ ਖੰਡਨ ਕੀਤਾ ਹੈ।

ਪਰ ਇਸ ਸਭ ਦੇ ਬਾਵਜੂਦ ਜੋਤਸ਼ੀਆਂ ਅਤੇ ਬਾਬਿਆਂ, ਪੀਰਾਂ ਸਾਧਾਂ ਦੀਆਂ ਦੁਕਾਨਦਾਰੀਆਂ ਦਿਨ-ਬ-ਦਿਨ ਵੱਧ ਰਹੀਆਂ ਹਨ। ਅਖਬਾਰਾਂ ਰੇਡੀਓ ਅਤੇ ਟੀ ਵੀ ਵਾਲੇ ਇਹਨਾਂ ਗੱਲਾਂ ਦਾ ਜ਼ੋਰਾਂ-ਸ਼ੋਰਾਂ ਨਾਲ ਪ੍ਰਚਾਰ ਕਰਦੇ ਹਨ ਅਤੇ ਲੋਕਾਂ ਨੂੰ ਮੂਰਖ ਬਣਾ ਕੇ ਉਹਨਾਂ ਦੀ ਮੂਰਖਤਾ ਤੋਂ ਚਾਂਦੀ ਬਣਾ ਰਹੇ ਹਨ।

ਹੁਣ ਜੈਫਰੀ ਡੀਨ ਜੋ ਕਿ ਪਹਿਲਾਂ ਜੋਤਸ਼ੀ ਰਹਿ ਚੁੱਕਾ ਹੈ ਅਤੇ ਮਨੋਵਿਗਿਆਨੀ ਈਵਾਨ ਕੈਲੀ ਨੇ ਖੋਜ ਕਰਕੇ ਸਿੱਧ ਕੀਤਾ ਹੈ ਕਿ, "ਜੋਤਿਸ਼ ਵਿਦਿਆ ਨਿਰਾ ਧੋਖਾ ਹੈ।" ਇਹਨਾਂ ਦੋਵਾਂ ਖੋਜੀਆਂ ਨੇ 45 ਵਰ੍ਹਿਆਂ ਦੀ ਉਮਰ ਦੇ ਉਹਨਾਂ 2000 ਲੋਕਾਂ ਤੇ ਇਹ ਖੋਜ਼ ਕੀਤੀ ਜਿਹਨਾਂ ਦਾ ਜਨਮ ਲਗਭਗ ਇਕੋ ਸਮੇਂ ਹੀ ਮਸੀਂ ਮਿੰਟਾਂ ਦੇ ਐੜ ਗੇੜ ਵਿਚ ਹੋਇਆ ਸੀ। ਇਹਨਾਂ ਖੋਜੀਆਂ ਨੇ ਇਹਨਾਂ ਲੋਕਾਂ ਦੇ ਇਕ ਸੌ ਪੱਖਾਂ ਬਾਰੇ ਜਾਣਕਾਰੀ ਲੈ ਕੇ ਉਹਦਾ ਵਿਸ਼ਲੇਸ਼ਣ ਕੀਤਾ। ਇਹਨਾਂ 100 ਜਾਣਕਾਰੀ ਵਾਲੇ ਪੱਖਾਂ ਵਿਚ ਨੌਕਰੀ, ਵਿਆਹ ਹੋਣਾ ਜਾਂ ਨਾ ਹੋਣਾ, ਹਿਸਾਬ ਦਾ ਗਿਆਨ, ਕਲਾ ਜਾਂ ਹੁਨਰ, ਖੇਡਾਂ ਬਾਰੇ ਰੁਚੀ ਆਦਿ ਗੱਲਾਂ ਸ਼ਾਮਲ ਸਨ। ਖੋਜ ਤੋਂ ਬਾਦ ਪਤਾ ਲੱਗਾ ਕਿ, "ਇਹਨਾਂ ਲੋਕਾਂ ਦੀ ਆਪਸ ਵਿਚ ਕੋਈ ਵੀ ਸਮਾਨਤਾ ਨਹੀਂ ਸੀ।" ਡਾਕਟਰ ਡੀਨ ਦਾ ਕਹਿਣਾ ਹੈ ਕਿ, "ਜੋਤਿਸ਼ ਦੇ ਨਿਯਮਾਂ ਤੇ ਅਸੀਂ ਸੈਂਕੜੇ ਟੈਸਟ ਕੀਤੇ ਹਨ ਪਰ ਉਹ ਸਭ ਫੇਲ੍ਹ ਹੋ ਗਏ।" ਇਸ ਖੋਜ ਬਾਰੇ, ਖਬਰ 18 ਅਗਸਤ 2003 ਦੇ ਮੈਟਰੋ ਅਖ਼ਬਾਰ ਵਿਚ ਛਪੀ ਹੈ। ਇਸ ਅਖ਼ਬਾਰ ਨੇ ਇਹ ਖਬਰ ਵੀ ਛਾਪੀ ਹੈ ਕਿ ਬਹੁਤ ਸਾਰੇ ਸਿਤਾਰੇ ਹੁਣ ਦਿਨ-ਬ-ਦਿਨ ਖਤਮ ਹੋ ਰਹੇ ਹਨ। ਸਾਇੰਸਦਾਨਾਂ ਨੇ ਇਹ ਸਿੱਟਾ 40,000 ਆਕਾਸ਼ ਗੰਗਾ ਦੀ ਰੌਸ਼ਨੀ ਤੇ ਖੋਜ ਕਰਨ ਤੋਂ ਬਾਦ ਕੱਢਿਆ ਹੈ। ਉਹਨਾਂ ਦਾ ਕਹਿਣਾ ਹੈ ਕਿ, "ਕੁਦਰਤ ਦੀ 14 ਬਿਲੀਅਨ ਯਾਨਿ 14 ਅਰਬ ਸਾਲਾਂ ਦੀ ਤਵਾਰੀਖ ਵਿਚਲੇ ਇਹਨਾਂ ਸਿਤਾਰਿਆਂ ਦੀ ਰੌਸ਼ਨੀ ਤੇ ਖੋਜ ਬੜੀ ਦਿਲਚਸਪ ਹੈ ਕਿ ਕੁੱਝ "ਨੌਜਵਾਨ ਸਿਤਾਰਿਆਂ" ਦੀ ਰੋਸ਼ਨੀ ਨੀਲੇ ਰੰਗ ਦੀ ਸੀ ਅਤੇ ਕੁੱਝ ਸਿਤਾਰਿਆਂ ਦੀ ਰੋਸ਼ਨੀ ਲਾਲ ਰੰਗ ਦੀ ਹੈ। ਉਹਨਾਂ ਦਾ ਕਹਿਣਾ ਹੈ ਕਿ, "ਕੁੱਝ ਸਿਤਾਰਿਆਂ ਦੀ ਰੋਸ਼ਨੀ ਨੂੰ ਜ਼ਮੀਨ ਤੇ ਪਹੁੰਚਣ ਲਈ ਅਰਬਾਂ ਸਾਲ ਲਗ ਜਾਂਦੇ ਹਨ। ਸੂਰਜ ਦੀ ਹੋਂਦ 6 ਅਰਬ ਸਾਲ ਪਹਿਲਾਂ ਦੀ ਮੰਨੀ ਜਾਂਦੀ ਹੈ ਅਤੇ ਇਹ ਵੀ ਮੰਨਿਆ ਜਾਂਦਾ ਹੈ ਕਿ ਬਹੁਤੇ ਸਿਤਾਰੇ ਉਸ ਵੇਲੇ ਹੀ ਹੋਂਦ ਵਿਚ ਆਏ ਸਨ ਜਿਥੇ ਹੁਣ ਨਵੇਂ ਸਿਤਾਰੇ ਪੈਦਾ ਨਹੀਂ ਹੋ ਰਹੇ।"

ਇਹਨਾਂ ਸਾਰੀਆਂ ਗੱਲਾਂ ਨੂੰ ਮੱਦੇਨਜ਼ਰ ਰੱਖਦਿਆਂ ਜੋਤਸ਼ੀ ਸਿਰਫ ਸੱਤ ਜਾਂ

ਨੌਂ ਗ੍ਰਹਿਆਂ ਨੂੰ ਹੀ ਕਿਉਂ ਵਰਤਦੇ ਹਨ ਜਦੋਂ ਕਿ ਇਹਨਾਂ ਦੀ ਗਿਣਤੀ ਅਰਬਾਂ ਵਿਚ ਹੈ। ਦੇਸੀ ਜੋਤਸ਼ੀਆਂ ਮੁਤਾਬਕ ਰਾਹੂ ਅਤੇ ਕੇਤੂ ਹਨੇਰ ਪੱਖ ਦੇ ਗ੍ਰਹਿ ਹਨ ਕਿ ਉਹ ਸਾਨੂੰ ਦਿਖਾਈ ਨਹੀਂ ਦਿੰਦੇ। ਅਗਰ ਇਹ ਗੱਲ ਹੈ ਤਾਂ ਉਹ ਜੋਤਸ਼ੀਆਂ ਨੂੰ ਕਿਵੇਂ ਦਿਸ ਪਏ ਜਾਂ ਦਿਸ ਪੈਂਦੇ ਹਨ? ਕੀ ਇਹਨਾਂ ਜੋਤਸ਼ੀਆਂ ਦੀਆਂ ਅੱਖਾਂ ਦੂਰਬੀਨਾਂ ਨਾਲੋਂ ਵੀ ਜ਼ਿਆਦਾ ਤਾਕਤਵਰ ਹਨ?

ਭਾਰਤੀ, ਅਫਰੀਕਣ ਅਤੇ ਦੁਨੀਆਂ ਦੇ ਹੋਰ ਬਹੁਤ ਸਾਰੇ ਲੋਕ ਗੋਰਿਆਂ ਦੇ ਸੈਂਕੜੇ ਸਾਲ ਗੁਲਾਮ ਰਹੇ। ਕੀ ਇਹਨਾਂ ਸਭ ਲੋਕਾਂ ਦਾ ਜਨਮ ਇੱਕੋ ਵੇਲੇ, ਇਕੋ ਸਮੇਂ ਅਤੇ ਇੱਕੋ ਜੇਹੇ ਸਿਤਾਰਿਆਂ ਦੀ ਛੱਤਰ ਛਾਇਆ ਹੇਠ ਹੋਇਆ ਸੀ? ਇਹਨਾਂ ਲੋਕਾਂ ਦੇ ਜਨਮ ਵੱਖੋ ਵੱਖਰੀ ਥਾਂ, ਸਮੇਂ ਅਤੇ ਵੱਖੋ ਵੱਖਰੇ ਸਾਲਾਂ ਵਿਚ ਹੋਏ ਸਨ, ਫਿਰ ਜੋਤਿਸ਼ ਵਿਦਿਆ ਦਾ ਅਟਕਲ ਪੱਚੂ ਕੀ ਹਾਸੋ ਹੀਣੀ ਗੱਲ ਨਹੀਂ ਬਣ ਜਾਂਦਾ?

ਕੁਦਰਤੀ ਆਫਤਾਂ ਵਿਚੋਂ ਲਾਵਾ ਫੁੱਟਣਾ, ਹਨ੍ਹੇਰੀਆਂ ਤੂਫਾਨਾਂ ਨਾਲ ਜਾਨੀ ਨੁਕਸਾਨ, ਹੜ੍ਹਾਂ, ਭੁਚਾਲਾਂ ਅਤੇ ਬੀਮਾਰੀਆਂ ਨਾਲ ਜਾਨੀ ਨੁਕਸਾਨ, ਬੰਬਾਂ ਗੋਲੀਆਂ ਨਾਲ ਮਾਰ ਦੇਣਾ ਕੀ ਸਾਨੂੰ ਸੋਚਣ ਲਈ ਮਜ਼ਬੂਰ ਨਹੀਂ ਕਰ ਦਿੰਦਾ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਇਹ ਸਭ ਲੋਕਾਂ ਦੀ ਕਿਸਮਤ ਇੱਕੋ ਜੇਹੀ ਸੀ। ਇਸ ਤੋਂ ਬਿਨਾਂ ਜੋਤਸ਼ੀ ਆਪ ਕਿਉਂ ਨਹੀਂ ਆਪਣਾ ਭਵਿੱਖ ਦੇਖ ਲੈਂਦੇ ਜਾਂ ਬਦਲ ਦਿੰਦੇ ਜਿਸ ਕਰਕੇ ਉਹਨਾਂ ਦੀ ਜ਼ਿੰਦਗੀ ਸੁਖਾਲੀ ਹੋ ਸਕੇ ਅਤੇ ਉਹਨਾਂ ਦੇ ਪਰਿਵਾਰ ਵੀ ਦੁੱਖ ਕਲੇਸ਼ ਤੋਂ ਬਚੇ ਰਹਿਣ। ਕੁਦਰਤੀ ਆਫਤਾਂ ਵਿਚ ਵੀ ਅਤੇ ਕੁਦਰਤੀ ਤੌਰ ਤੇ ਵੀ ਇਹ ਜੋਤਸ਼ੀ ਵੀ ਕਿਉਂ ਮੌਤ ਦੇ ਘਰ ਚਲੇ ਜਾਂਦੇ ਹਨ?

ਅੱਜ ਦੀ ਸਾਇੰਸ ਨੇ ਇੰਨੀ ਜ਼ਿਆਦਾ ਤਰੱਕੀ ਕਰ ਲਈ ਹੈ ਕਿ ਬੱਚੇ ਦਾ ਜਨਮ-ਸਮੇਂ ਅਤੇ ਸਥਾਨ ਮੁਤਾਬਕ ਬਦਲਿਆ ਜਾ ਸਕਦਾ ਹੈ। ਅਗਰ ਇਹ ਜੋਤਸ਼ੀ ਠੀਕ ਸਮਾਂ ਅਤੇ ਸਥਾਨ ਦਸ ਸਕਣ ਤਾਂ ਫਿਰ ਵਧੀਆ ਬੱਚੇ ਜੋ ਵੱਡੇ ਹੋ ਕੇ ਵਧੀਆ ਅਤੇ ਲੋਕ-ਹਿਤੂ ਇਨਸਾਨ ਬਣ ਸਕਦੇ ਹਨ, ਪੈਦਾ ਕੀਤੇ ਜਾ ਸਕਦੇ ਹਨ।

ਰਾਜ ਘਰਾਣਿਆਂ ਵਿਚ ਅਕਸਰ (ਸਮੇਤ ਬਰਤਾਨੀਆਂ ਦੇ) ਵੱਡੇ ਬੱਚੇ ਨੂੰ ਰਾਜਪਾਟ ਦਾ ਮੁਖੀਆ ਬਣਾਇਆ ਜਾਂਦਾ ਹੈ, ਰਿਹਾ ਹੈ। ਫਿਰ ਇਹ ਹੀ ਕਿਉਂ ਕਿ ਬੱਚਾ ਜਿਹੜੀ ਮਰਜ਼ੀ ਰਾਸ਼ੀ ਵਿਚ ਜੰਮਿਆ ਹੋਵੇ ਉਹ ਰਾਜਪਾਟ ਦਾ ਹੀ ਮਾਲਕ ਹੋਵੇਗਾ। ਜੋਤਸ਼ੀਆਂ ਦੀ ਇਹ ਤੁੱਕ ਕੋਈ ਤੂਲ ਨਹੀਂ ਫੜਦੀ ਕਿ ਫਲਾਣੀ ਰਾਸ਼ੀ ਵਿਚ ਜਨਮਿਆ ਬੱਚਾ ਹੀ ਰਾਜਾ ਬਣੇਗਾ? ਹੋ ਚੁੱਕੇ ਰਾਜਿਆਂ ਦੀਆਂ ਜਨਮ ਰਾਸ਼ੀਆਂ ਇਸ ਗੱਲ ਤੇ ਬਿਲਕੁਲ ਦੂਹਰ ਨਹੀਂ ਪਾਉਂਦੀਆਂ। ਇਹ ਗੱਲਾਂ ਵੱਖ-ਵੱਖ ਦੇਸ਼ਾਂ ਦੇ ਬਣੇ ਜਾਂ ਰਹਿ ਚੁੱਕੇ ਪ੍ਰਧਾਨਾਂ ਜਾਂ ਪ੍ਰਧਾਨ ਮੰਤਰੀਆਂ ਤੇ ਵੀ ਲਾਗੂ ਨਹੀਂ ਹੁੰਦੀਆਂ। ਇਸ ਤੋਂ ਇਲਾਵਾ ਇਹ ਵੀ ਸੱਚ ਹੈ ਕਿ ਅਗਰ ਕਿਸੇ ਵੀ ਦੇਸ਼ ਦੇ ਵੱਖਰੇ-ਵੱਖਰੇ ਜੋਤਸ਼ੀਆਂ ਤੋਂ ਭਵਿੱਖਬਾਣੀਆਂ ਕਰਾਈਆਂ ਜਾਣ ਤਾਂ ਉਹ ਜੁੱਦੀਆਂ-ਜੁੱਦੀਆਂ ਹੁੰਦੀਆਂ ਹਨ। ਜਦੋਂ ਕਿ ਰਾਸ਼ੀਆਂ ਇੱਕੋ ਜਿਹੀਆਂ ਹੀ ਹੁੰਦੀਆਂ ਹਨ। ਅਗਰ ਦੁਨੀਆਂ ਭਰ ਦੇ ਜੋਤਸ਼ੀਆਂ ਤੋਂ ਇੱਕੋ ਇਨਸਾਨ ਬਾਰੇ ਜੋਤਿਸ਼ ਲੁਆਇਆ ਜਾਵੇ ਤਾਂ ਹਰ ਕੋਈ ਆਪਣੇ ਹੀ ਵੱਖਰੇ ਰਾਗ ਦੀ ਡੱਫਲੀ ਬਜਾਉਂਦਾ ਨਜ਼ਰ ਆਵੇਗਾ। ਇਹ ਕਿਸੇ ਵੀ ਜਗਦੀ ਸੋਚ ਵਾਲੇ ਨੂੰ ਮੂਰਖ ਬਣਾਉਣ ਦਾ ਸੌਖਾ ਤਰੀਕਾ ਨਹੀਂ ਹੋ ਸਕਦਾ?

ਕਿਸਮਤ ਦੇ ਚੱਕਰ, ਪਿਛਲੇ ਜਨਮਾਂ ਦੇ ਕਰਮਾਂ ਦਾ ਫਲ ਆਦਿ ਸਿਧਾਂਤ

ਵਿਹਲੇ ਲੋਕਾਂ ਦੀਆਂ ਕਾਢਾਂ ਹਨ ਤਾਂ ਕਿ ਲੋਕਾਂ ਨੂੰ ਲੁੱਟਿਆ ਜਾ ਸਕੇ। ਇਹ ਹਥਿਆਰ ਸਿਰਫ ਜੋਤਸ਼ੀ ਹੀ ਨਹੀਂ ਵਰਤਦੇ ਸਮੇਂ ਦੀਆਂ ਲੋਟੂ ਸਰਕਾਰਾਂ ਵੀ ਇਸ ਕੰਮ 'ਚ ਸਹਾਈ ਹੁੰਦੀਆਂ ਹਨ। ਜਿਹੜੇ ਧਰਮ ਜਾਂ ਧਾਰਮਿਕ ਲੋਕ ਇਹਨਾਂ ਗੱਲਾਂ ਦੀ ਪ੍ਰੋੜਤਾ ਕਰਦੇ ਹਨ ਕੀ ਉਹ ਲੋਕਾਂ ਦੇ ਦੁਸ਼ਮਣ ਨਹੀਂ? ਪੰਜਾਬ ਭਾਰਤ ਵਿਚ ਤਰਕਸ਼ੀਲ ਸੰਸਥਾਵਾਂ ਅਤੇ ਬਰਤਾਨੀਆਂ ਵਿਚ ਤਰਕਸ਼ੀਲ ਸੰਸਥਾ ਇਹਨਾਂ ਜੋਤਸ਼ੀਆਂ, ਬਾਬਿਆਂ ਦੇ ਪਰਦੇਫਾਸ਼ ਕਰਨ ਲਈ ਬਚਨਬੱਧ ਹਨ।

# ਮੁਸਲਿਮ ਬੱਚੀਆਂ ਦੀ ਸੁਨਤ

ਇਨਸਾਨੀ ਫਿਤਰਤ ਹੈ ਕਿ ਅਸੀਂ ਜਿਥੇ ਵੀ ਜਾਂਦੇ ਹਾਂ ਆਪਣੀ ਸੋਚ ਅਤੇ ਰੀਤੀ ਰਿਵਾਜ ਵੀ ਨਾਲ ਹੀ ਲੈ ਕੇ ਜਾਂਦੇ ਹਾਂ। ਖੁੱਲ੍ਹੀ ਸੋਚ ਅਤੇ ਨਵੀਆਂ ਗੱਲ੍ਹਾਂ ਸਿੱਖਣ ਵਾਲੇ ਲੋਕ ਆਪਣੇ ਦਿਮਾਗੀ ਦਰਵਾਜ਼ਿਆਂ ਦੇ ਚੁਪਾਟ ਸਦਾ ਖੋਲ੍ਹੀ ਰੱਖਦੇ ਹਨ ਜਿਹਨਾਂ ਰਾਹੀ ਤਾਜ਼ਾ ਸੋਚ ਅੰਦਰ ਆ ਸਕੇ ਅਤੇ ਬੂ-ਮਾਰਦੀ ਸੜਿਆਂਦ ਵਾਲੀ ਸੋਚ ਬਾਹਰ ਜਾ ਸਕੇ। ਇਹ ਕੰਮ ਐਨਾਂ ਸੌਖਾ ਨਹੀਂ ਹੁੰਦਾ ਅਤੇ ਇਸ ਤਰ੍ਹਾਂ ਦੀ ਸੋਚ ਵਾਲੇ ਸਮਾਜ ਵਿਚ ਬਹੁਤੇ ਲੋਕ ਵੀ ਨਹੀਂ ਹੁੰਦੇ। ਬਦਲਾਅ ਸਦਾ ਮੁਸ਼ਕਲਾਂ ਭਰਿਆ ਹੁੰਦਾ ਹੈ ਕਿਉਂਕਿ ਨਵੀਂ ਸੋਚ ਅਤੇ ਨਵੇਂ ਵਿਹਾਰ ਲਈ ਤਰੱਦਦ ਕਰਨਾ ਪੈਂਦਾ ਹੈ। ਆਪਣੇ ਆਪ ਨੂੰ ਵਖਰੇਵਿਆਂ ਕਰਨਾ ਪੈਦਾ ਹੈ। ਪਰ ਇਸ ਕੰਮ ਵਿਚ ਮੁਸ਼ਕਲਾਂ ਦੇ ਬਾਵਜੂਦ ਸਾਨੂੰ ਸਕੂਨ ਵੀ ਤਾਂ ਮਿਲਦਾ ਹੈ ਕਿ 'ਅਸੀਂ ਨਵੀਆਂ ਪੈੜਾਂ ਪਾ ਰਹੇ ਹਾਂ', ਇਕ ਕਿਸਮ ਦਾ ਕ੍ਰਾਂਤੀਕਾਰੀ ਕੰਮ ਕੀਤਾ ਜਾ ਰਿਹਾ ਹੈ। ਕੰਮ ਉਸ ਦੀ ਸੁਲਾਹੁਤਾ ਹੁੰਦੀ ਹੈ ਜੋ ਲੋਕ-ਹਿਤੂ ਹੋਵੇ ਅਤੇ ਲਿਤਾੜੇ ਲੋਕਾਂ ਦੀ ਗੱਲ ਕਰਦਾ ਹੋਵੇ।

ਬਰਤਾਨੀਆਂ ਅਤੇ ਪੱਛਮ ਦੇ ਹੋਰ ਮੁਲਕਾਂ ਵਿਚ ਪਿਛਲੇ ਕੁੱਝ ਦਹਾਕਿਆਂ ਤੋਂ ਅਫਰੀਕਾ ਅਤੇ ਏਸ਼ੀਆ ਦੇ ਮੁਲਕਾਂ ਤੋਂ ਕਾਫੀ ਗਿਣਤੀ ਵਿਚ ਕਈ ਲੋਕ ਆਏ ਹਨ। ਉਹਨਾਂ ਦੇ ਆਉਣ ਦੇ ਕਾਰਨ ਕੁੱਝ ਵੀ ਹੋ ਸਕਦੇ ਹਨ ਜਿਵੇਂ ਆਰਥਿਕ ਅਤੇ ਰਾਜਨੀਤਿਕ। ਕੁੱਝ ਲੋਕ ਕਾਨੂੰਨੀ ਢੰਗ ਤਰੀਕਿਆਂ ਨਾਲ ਪਹੁੰਚੇ ਹਨ ਅਤੇ ਕੁੱਝ ਜਾਅਲੀ ਤਰੀਕਿਆ ਨਾਲ ਜਾਂ ਸਿਆਸੀ ਸ਼ਰਨ ਲੈਣ ਦੇ ਜ਼ਰੀਏ।

ਪੱਛਮੀ ਮੁਲਕਾਂ ਦੇ ਕਾਨੂੰਨ ਮੁਕਾਬਲਤਨ ਜ਼ਾਤੀ ਆਜ਼ਾਦੀ ਦੀ ਖੁੱਲ੍ਹ ਜ਼ਿਆਦਾ ਦਿੰਦੇ ਹਨ ਅਤੇ ਇਹਨਾਂ ਦੇ ਸੱਭਿਆਚਾਰ ਦੀਆਂ ਤੰਦਾਂ ਵੀ ਤਰਕਸ਼ੀਲਤਾ ਤੇ ਖੜੋਤੀਆਂ ਹਨ। ਔਰਤਾਂ, ਬੱਚਿਆਂ, ਅਪੰਗਾਂ, ਕਾਮ ਸਬੰਧਾਂ ਬਾਰੇ ਅਤੇ ਗੈਰਯੋਰਪੀਨ ਕਾਲੇ ਲੋਕਾਂ, ਨਾਲ ਵਿਤਕਰੇ ਦੇ ਖਿਲਾਫ ਕਾਨੂੰਨ ਹਨ ਜੋ ਕਿ ਬਹੁਤੇ ਪੂਰਬੀ ਮੁਲਕਾਂ ਅਤੇ ਅਫਰੀਕਨ ਦੇਸ਼ਾਂ ਵਿਚ ਅਜੇ ਨਹੀਂ ਹਨ।

ਬੱਚਿਆਂ ਦੀ ਹਿਫਾਜ਼ਤ ਅਤੇ ਸੁਰੱਖਿਆ ਲਈ 1989 ਦਾ ਬੱਚਿਆਂ ਦਾ ਕਾਨੂੰਨ ਹੈ ਜੋ ਉਹਨਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ ਤੇ ਸੁਰੱਖਿਅਤ ਕਰਦਾ ਹੈ। ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਸੋਸ਼ਣ ਦੇ ਖਿਲਾਫ ਕਾਨੂੰਨੀ ਕਾਰਵਾਈ ਕਰਕੇ ਦੋਸ਼ੀਆਂ ਨੂੰ ਯੋਗ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਸਾਡੇ ਮੁਲਕਾਂ ਵਿਚ ਬੱਚਿਆਂ ਨੂੰ ਮਾਰਨਾਂ ਇਕ ਆਮ ਜਿਹਾ ਵਰਤਾਰਾ ਹੈ ਅਤੇ ਬੱਚਿਆਂ ਨੂੰ ਇਕ ਜ਼ਾਤੀ ਸੰਪਤੀ ਵੀ ਸਮਝਿਆ ਜਾਂਦਾ ਹੈ। ਜਦ ਇਹ ਅਧਿਕਾਰ ਬੱਚਿਆਂ ਉੱਪਰ ਵਰਤਿਆ ਜਾਂਦਾ ਹੈ ਤਾਂ ਸਾਡੇ ਲੋਕ ਕਾਨੂੰਨ ਦੇ ਛਕੰਜੇ ਵਿਚ ਜਾ ਫਸਦੇ ਹਨ। ਇਹ ਗੱਲ ਅਫਰੀਕਣ ਲੋਕਾਂ ਤੇ ਵੀ ਲਾਗੂ ਹੁੰਦੀ ਹੈ। ਸਾਡੇ ਕਈ ਰੀਤੀ ਰਿਵਾਜ਼ ਘਿਨਾਉਣੇ ਹਨ, ਜਿਵੇਂ ਲੋਹੜੀ ਦਾ ਤਿਉਹਾਰ ਜੋ ਸਿਰਫ ਮਰਦਾਂ ਦੀ ਹਉਮੈਂ ਦਾ ਹੀ ਕਿਰਦਾਰ ਹੈ। ਅਫਰੀਕਣ ਮੁਸਲਮਾਨਾਂ, ਅਤੇ ਖਾਸ ਕਰਕੇ ਸੁਮਾਲੀਆਂ ਦੇ ਮੁਸਲਮਾਨਾਂ ਵਿਚ ਔਰਤਾਂ ਦੀ ਸੁਨਤ ਯਾਨਿ ਖਤਨੇ ਕਰਨ ਦਾ ਰਿਵਾਜ਼ ਹੈ। ਐਹੋ ਜਿਹਾ ਗੈਰ-ਇਨਸਾਨੀਅਤ ਰਿਵਾਜ ਪੱਛਮੀ ਮੁਲਕਾਂ ਵਿਚ ਵਾਰਾਂ ਨਹੀ ਖਾਂਦਾ। ਇਸ ਕਰਕੇ ਇਹਦੇ ਖਿਲਾਫ 1985 ਦਾ ਕਾਨੂੰਨ

ਹੈ ਜੋ ਔਰਤਾਂ ਦੀ ਸੁਨਤ ਤੇ ਰੋਕ ਲਾਉਂਦਾ ਹੈ। ਬੀ. ਬੀ. ਸੀ. ਦੀ 11 ਨਵੰਬਰ ਦੀ ਖ਼ਬਰ ਮੁਤਾਬਕ ਬਰਤਾਨੀਆਂ ਵਿਚ 3000 ਬੱਚੀਆਂ ਹਰ ਸਾਲ ਇਸ ਜ਼ੁਲਮ ਦਾ ਸ਼ਿਕਾਰ ਹੁੰਦੀਆਂ ਹਨ। ਕਾਨੂੰਨ ਹੋਣ ਦੇ ਬਾਵਜੂਦ ਅਜੇ ਤੱਕ ਇਕ ਜ਼ਾਲਮ ਮਾਪਾ ਵੀ ਕਾਨੂੰਨੀ ਦਾੜ੍ਹ ਹੇਠ ਨਹੀਂ ਆ ਸਕਿਆ। ਸਰਕਾਰੀ ਅਦਾਰਿਆਂ ਨੂੰ ਵੀ ਇਹਨਾਂ ਕੇਸਾਂ ਦਾ ਉਸ ਵੇਲੇ ਪਤਾ ਲੱਗਦਾ ਹੈ ਜਦ ਸੁਨਤ ਵਾਲੀਆਂ ਬੱਚੀਆਂ ਨੂੰ ਸਰੀਰਕ ਅਤੇ ਮਾਨਸਿਕ ਪੇਚੀਦਾ ਗੁੰਝਲਾਂ ਵਿਚੋਂ ਨਿਕਲਣਾ ਪੈਂਦਾ ਹੈ ਅਤੇ ਮਾਂ ਬਾਪ ਡਾਕਟਰਾਂ ਦਾ ਜਾ ਦਰਵਾਜ਼ਾ ਖੜਕਾਉਂਦੇ ਹਨ।

ਇਹ ਗਿਰਿਆ ਹੋਇਆ ਰਿਵਾਜ਼ ਆਮ ਕਰਕੇ ਲੁੱਕ ਛਿੱਪ ਕੇ ਜਾਂ ਤਾਂ ਇਹਨਾਂ ਪੱਛਮੀ ਮੁਲਕਾਂ ਵਿਚ ਕਿਸੇ ਸਧਾਰਨ ਔਰਤ ਜਾਂ ਮਰਦ ਦੁਆਰਾ ਕੈਂਚੀ ਨਾਲ ਕੀਤਾ ਜਾਂਦਾ ਹੈ ਜਾਂ ਫਿਰ ਸੌਖਾ ਤਰੀਕਾ ਇਹ ਵਰਤਿਆ ਜਾਂਦਾ ਹੈ ਕਿ ਬੱਚੀਆਂ ਨੂੰ ਅਫਰੀਕਣ ਮੁਲਕਾਂ ਵਿਚ ਛੁੱਟੀਆਂ ਦੇ ਬਹਾਨੇ ਲੈ ਜਾਇਆ ਜਾਂਦਾ ਹੈ ਅਤੇ ਉਥੇ ਇਹ ਕਰਤੂਤ ਕੀਤੀ ਜਾਂਦੀ ਹੈ। ਪਤਾ ਲੱਗਾ ਹੈ ਕਿ ਮਾਸੂਮ ਬੱਚੀ ਦੀਆਂ ਲੱਤਾਂ ਨੂੰ ਚੌੜਿਆਂ ਕਰਕੇ ਦੋ ਜਣੇ ਫੜ ਲੈਂਦੇ ਹਨ ਅਤੇ ਫਿਰ ਕਿਸੇ ਟੁੱਟੀ ਬੋਤਲ ਨਾਲ "ਯੌਨੀ-ਲਿੰਗ" ਅਤੇ ਨਾਲ ਦੇ ਹਿੱਸਿਆਂ ਨੂੰ ਕੱਟ ਦਿੱਤਾ ਜਾਂਦਾ ਹੈ। ਬੱਚੀ ਨੂੰ ਇਹ ਅਣਮਨੁੱਖੀ ਤਸੀਹਿਆਂ ਤੋਂ ਪਹਿਲਾਂ ਕਿਸੇ ਦਵਾਈ ਨਾਲ ਬੇਹੋਸ਼ ਵੀ ਨਹੀਂ ਕੀਤਾ ਜਾਂਦਾ। ਉਹਦੀਆਂ ਚੀਖਾਂ ਨੂੰ ਰੋਕ ਲਾਉਣ ਲਈ ਉਹਦੇ ਮੂੰਹ ਵਿਚ ਕੱਪੜਾ ਤੁੰਨ ਦਿੱਤਾ ਜਾਂਦਾ ਹੈ। ਵਹਿ ਰਹੇ ਖ਼ੂਨ ਨੂੰ ਬੰਨ੍ਹ ਲਾਉਣ ਲਈ ਸੁਆਹ ਬਗੈਰਾ ਪਾ ਦਿਤੀ ਜਾਂਦੀ ਹੈ ਅਤੇ ਫਿਰ ਇਸ ਸਾਰੇ ਨੂੰ ਸਿਉਂ ਦਿੱਤਾ ਜਾਂਦਾ ਹੈ। ਕਿਸੇ ਵੀ ਵਰਤੇ ਜਾਂਦੇ ਸੰਦ ਨੂੰ ਜਰਮਨਾਸ਼ਿਕ ਦਵਾਈ ਨਾਲ ਧੋਤਾ ਨਹੀਂ ਜਾਂਦਾ ਐਹੋ ਜੇਹੇ ਹਾਲਾਤ ਵਿਚ ਜ਼ਖ਼ਮਾਂ ਵਿਚ ਕੀੜੇ ਪੈਣੇਂ ਕੁਦਰਤੀ ਗੱਲ ਹੈ ਅਤੇ ਬੱਚੀ ਨੂੰ ਇਹ ਸਰੀਰਕ ਪੀੜਾਂ ਸਹਾਰਨੀਆਂ ਪੈਂਦੀਆਂ ਹਨ ਜੋ ਜ਼ਖ਼ਮ ਪੱਕਣ ਤੱਕ ਕਾਫੀ ਸਮਾਂ ਲੈਂਦੀਆਂ ਹਨ। ਬੱਚੀ ਦੀ ਮਾਨਸਿਕ ਸਿਹਤ ਦਾ ਹੁਲੀਆ ਵਿਗੜ ਜਾਂਦਾ ਹੈ ਪਰ ਇਥੇ ਕਿਸੇ ਨੂੰ ਕੀ ਪਰਵਾਹ ਹੈ। ਉਹਨਾਂ ਨੂੰ ਤਾਂ ਆਪਣਾ ਇਸ਼ਟ ਮਨਾਉਣ ਨਾਲ ਵਾਸਤਾ ਹੈ।

ਇਹ ਭੈੜਾ ਰਿਵਾਜ਼ ਭਾਰਤੀ, ਪਾਕਿਸਤਾਨੀ ਅਤੇ ਬੰਗਲਾਦੇਸ਼ੀ ਮੁਸਲਮਾਨਾਂ ਵਿਚ ਸ਼ਾਇਦ ਨਹੀਂ ਹੈ। ਇਹ ਗੱਲ ਸ਼ਾਇਦ ਮਿਡਲਾਈਸ਼ਟ ਦੇ ਮੁਲਕਾਂ ਤੇ ਵੀ ਲਾਗੂ ਨਹੀਂ ਹੁੰਦੀ ਹੈ। ਡੂੰਘਾਈ ਵਿਚ ਜਾਣ ਤੇ ਇਹ ਵੀ ਸਮਝ ਲਗਦੀ ਹੈ ਕਿ ਔਰਤਾਂ ਨੂੰ ਬਰਾਬਰੀ ਦੇ ਹੱਕ ਨਾ ਹੋਣ ਕਰਕੇ ਉਹਨਾਂ ਨੂੰ ਭੋਗ ਵਿਲਾਸ ਦੀ ਸਮੱਗਰੀ ਸਮਝਿਆ ਜਾਂਦਾ ਹੋਵੇ ਅਤੇ "ਕਾਮ-ਸੰਬੰਧਾਂ" ਨਾਲ ਮਿਲਦੀ ਅਸਥਾਈ ਖੁਸ਼ੀ ਤੇ ਵੀ ਜੰਦਰਾ ਲਾਉਣ ਦੀ ਸੋਚੀ ਸਮਝੀ ਚਾਲ ਹੋਵੇ। ਇਸ ਤੋਂ ਬਿਨਾਂ ਮਰਦਾਨੀਂ ਕਾਮ-ਖੁਸ਼ੀ ਨੂੰ ਵਧਾਉਣ ਲਈ "ਕਾਮ ਸੁਰਾਖ" ਨੂੰ ਛੋਟਾ-ਭੀੜਾ ਕੀਤਾ ਜਾਂਦਾ ਹੋਵੇ। ਇਹ ਸੱਭਿਆਚਾਰਕ ਜਾਂ ਧਾਰਮਿਕ ਰਿਵਾਜ਼ ਦੀ ਪੂਰਤੀ ਚਾਰ ਤੋਂ ਤੇਰ੍ਹਾਂ ਸਾਲ ਦੀ ਉਮਰ ਦੀਆਂ ਬੱਚੀਆਂ ਤੇ ਕੀਤੀ ਜਾਂਦੀ ਹੈ। ਇਕ ਕਾਰਨ ਇਹ ਵੀ ਦਿਸਦਾ ਹੈ ਕਿ ਮਰਦਾਨੀ ਧੌਂਸ ਜੋ ਕਿ ਸਾਰੇ ਏਸ਼ੀਅਨ ਅਤੇ ਅਫਰੀਕਨ ਸੱਭਿਆਚਾਰਾਂ ਵਿਚ ਹੈ, ਕਿ ਜਦ ਬੱਚੀ ਦਾ ਵਿਆਹ ਹੋਵੇ ਉਸ ਵੇਲੇ ਵਿਆਂਦੜ ਮਰਦ ਹੀ ਉਹਦਾ ਸਤ-ਭੰਗ ਕਰੇ। ਇਹ ਇਕ ਕਿਸਮ ਦਾ "ਕੁਆਰੀ" ਹੋਣ ਦਾ ਸਬੂਤ ਹੋ ਨਿਬੜਦਾ ਹੈ। ਮਰਦ ਦੇ ਕੁਆਰੇ ਹੋਣ ਦੇ ਪ੍ਰਮਾਣ ਪੱਤਰ ਦੀ ਕੋਈ ਲੋੜ ਨਹੀਂ ਹੁੰਦੀ।

ਹੁਣ ਡੈਨਮਾਰਕ ਵਿਚ ਵੀ ਇਹ ਸਮੱਸਿਆ ਤੂਲ ਫੜ੍ਹ ਰਹੀ ਹੈ। 14 ਨਵੰਬਰ 2002 ਦੇ ਡੈਲੀ ਟੈਲੀਗਰਾਫ ਮੁਤਾਬਕ ਨਿਮਾਰਕ ਵਿਚ ਇਸ ਦੁਖਾਂਤ ਤੋਂ 3000 ਬੱਚੀਆਂ ਦੁੱਖੀ ਹਨ। ਨਿਮਾਰਕ ਅਤੇ ਫਰਾਂਸ ਵਿਚ ਜ਼ੋਰ ਦਿਤਾ ਜਾ ਰਿਹਾ ਹੈ ਕਿ ਪੂਰਬੀ ਅਫਰੀਕਾ ਅਤੇ ਮਿਸਰ ਤੋਂ ਆਏ ਮੁਸਲਮਾਨਾਂ ਦੀਆਂ ਬੱਚੀਆਂ ਦਾ ਸਕੂਲਾਂ ਵਿਚ ਡਾਕਟਰੀ ਮੁਆਇਨਾ ਕੀਤਾ ਜਾਵੇ। ਦੋਸ਼ੀ ਮੁਸਲਮਾਨ ਮਾਪਿਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ। ਇਸ ਗੱਲ ਦਾ ਬਰਤਾਨੀਆਂ ਵਿਚ ਜ਼ੋਰ ਸ਼ੋਰ ਚੱਲ ਰਿਹਾ ਹੈ ਕਿ ਲੋਕਾਂ ਨੂੰ ਵੱਧ ਤੋਂ ਵੱਧ ਇਸ ਵਰਤਾਰੇ ਬਾਰੇ ਸੁਚੇਤ ਕੀਤਾ ਜਾਵੇ। ਇਸ ਬਾਰੇ ਹੋਰ ਖੋਜ ਕਰਨ ਬਾਰੇ ਵੀ ਕਿਹਾ ਜਾ ਰਿਹਾ ਹੈ ਕਿ ਸਕੂਲਾਂ, ਡਾਕਟਰਾਂ, ਇਮੀਗ੍ਰੇਸ਼ਨ ਅਫਸਰਾਂ, ਔਰਤਾਂ ਦੀਆਂ ਸੰਸਥਾਵਾਂ, ਪੜ੍ਹਾਈ ਦੇ ਮਹਿਕਮਿਆਂ ਅਤੇ ਪਨਾਹਗੀਰ ਸੰਸਥਾਵਾਂ ਨਾਲ ਤਾਲਮੇਲ ਕਰਕੇ ਇਹ ਕੰਮ ਕੀਤਾ ਜਾਵੇ।

ਬੀ. ਬੀ. ਸੀ. ਦੀ 11 ਨਵੰਬਰ 1998 ਦੀ ਖ਼ਬਰ ਮੁਤਾਬਕ ਸੋਸ਼ਲ ਸਰਵਿਸਜ਼, ਪਨਾਹਗੀਰ ਸੰਸਥਾਵਾਂ, ਸਿਹਤ ਅਤੇ ਪੜ੍ਹਾਈ ਦੇ ਮਹਿਕਮਿਆਂ ਨੇ ਰਲ ਕੇ ਐਹੋ ਜਿਹੀ ਖੋਜ ਕਰਨ ਦੀ ਕੋਸ਼ਿਸ਼ ਵੀ ਕੀਤੀ ਸੀ। ਉਹਨਾਂ ਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਸਿਰਫ਼ 46 ਪ੍ਰਤੀਸ਼ਤ ਲੋਕਾਂ ਨੂੰ ਹੀ ਇਹ ਪਤਾ ਸੀ ਕਿ "ਔਰਤਾਂ ਦੀ ਸੁਨਤ" ਦੇ ਖਿਲਾਫ ਇਸ ਮੁਲਕ ਵਿਚ ਕੋਈ ਕਾਨੂੰਨ ਵੀ ਹੈ। 25 ਪ੍ਰਤੀਸ਼ਤ ਲੋਕਾਂ ਨੂੰ ਇਹ ਵੀ ਖਦਸ਼ਾ ਸੀ ਕਿ ਅਗਰ ਐਹੋ ਜਿਹੀ ਖੋਜ ਕੀਤੀ ਜਾਂਦੀ ਹੈ ਤਾਂ ਉਹਨਾਂ ਤੇ "ਨਸਲਵਾਦ" ਦਾ ਦੋਸ਼ ਲੱਗ ਸਕਦਾ ਹੈ। ਬਹੁਤੇ ਗੋਰੇ ਇਹਨਾਂ ਦੋਸ਼ਾਂ ਤੋਂ ਡਰਦੇ ਮਾਰੇ ਏਸ਼ੀਅਨ ਅਤੇ ਅਫਰੀਕਣ ਸੱਭਿਆਚਾਰਾਂ ਵਿਚ ਹੁੰਦੇ ਕੁਕਰਮਾਂ ਵੱਲ ਦੇਖ ਕੇ ਚੁੱਪ ਵੱਟ ਜਾਂਦੇ ਹਨ। ਇਸ ਕਰਕੇ ਸਾਧਾਂ ਬਾਬਿਆਂ, ਪੀਰਾਂ ਦੀਆਂ ਧਾੜਾਂ ਤੋਂ ਬਿਨਾਂ ਬੱਚੀਆਂ ਨੂੰ ਜਨਮ ਤੋਂ ਪਹਿਲਾਂ ਹੀ ਗਰਭ ਵਿਚੋਂ ਗਿਰਾਉਣ ਦੇ ਕੇਸਾਂ ਵਿਚ ਇਥੇ ਵਾਧਾ ਹੁੰਦਾ ਰਹਿੰਦਾ ਹੈ।

ਪਰ ਹੁਣ ਧਰਮ, ਸੱਭਿਆਚਾਰ ਅਤੇ ਰੀਤੀ ਰਿਵਾਜਾਂ ਦੀ ਆੜ ਵਿਚ ਔਰਤਾਂ ਦਾ ਸ਼ੋਸ਼ਣ ਪੱਛਮੀ ਮੁਲਕਾਂ ਵਿਚ ਬਹੁਤੀ ਦੇਰ ਨਹੀਂ ਚੱਲਣ ਵਾਲਾ। ਇਸ ਕੰਮ ਵਿਚ ਸਾਡੇ ਸਾਰਿਆਂ ਦੇ ਯੋਗਦਾਨ ਦੀ ਲੋੜ ਹੈ ਤਾਂ ਕਿ ਇਸ ਜੰਗਲੀ ਸੋਚ ਨੂੰ ਨੱਥ ਪਾਈ ਜਾ ਸਕੇ।

# ਧਾਰਮਿਕ ਟਿੱਪਣੀਆਂ ਅਤੇ ਜ਼ੀਨ ਥਿਊਰੀ

ਜਨਵਰੀ ਫਰਵਰੀ 1999 ਦੇ ਤਰਕਸ਼ੀਲ ਪਰਚੇ 'ਚ ਡਾਕਟਰ ਰਘੁਬੀਰ ਸਿੰਘ ਜੀ ਦੀ ਇੰਟਰਵਿਊ ਛਪੀ ਹੈ ਅਤੇ ਉਹ ਕਹਿੰਦੇ ਹਨ ਕਿ.. 'ਮੇਰੀ ਧਾਰਨਾ ਹੈ ਕਿ ਧਾਰਮਿਕ ਤੌਰ ਤੇ ਪਵਿੱਤਰ ਸਮਝੇ ਜਾਂਦੇ ਗ੍ਰੰਥਾਂ ਬਾਰੇ ਕੋਈ ਟਿੱਪਣੀ ਨਹੀਂ ਕਰਨੀ ਚਾਹੀਦੀ.......ਵੈਸੇ ਵੀ ਸੰਸਾਰ ਪੱਧਰ ਤੇ ਧਾਰਮਿਕ ਪੁਸਤਕਾਂ ਭਾਵ ਸਿਕਰਿਪਚਰ ਤੇ ਅਕਾਦਮਿਕ ਟਿਪਣੀਆਂ ਨਹੀਂ ਕੀਤੀਆਂ ਜਾਂਦੀਆਂ। ' ਮੈ ਰਘੁਬੀਰ ਸਿੰਘ ਜੀ ਨਾਲ ਜ਼ਾਤੀ ਤੌਰ ਇਸ ਗੱਲ ਨਾਲ ਸਹਿਮਤ ਨਹੀਂ ਹਾਂ। ਨਵੰਬਰ, ਦਸੰਬਰ ਅਤੇ ਜਨਵਰੀ ਦੇ 'ਹਿਰਾਵਲ ਦਸਤਾ' ਪਰਚੇ ਵਿਚ ਪ੍ਰਸਿੱਧ ਇਨਕਲਾਬੀ ਅਤੇ ਵਿਦਵਾਨ ਡਾਕਟਰ ਲਾਲਾ ਹਰਦਿਆਲ ਦਾ ਲੇਖ 'ਗੁਲਾਮੀ ਦਾ ਜ਼ਹਿਰ' ਛਪਿਆ ਹੈ ਜਿਹਦੇ ਵਿਚ ਉਹਨਾਂ ਧਾਰਮਿਕ ਪੁਸਤਕਾਂ ਅਤੇ ਖਾਸ ਕਰਕੇ ਦੇਸੀ ਧਾਰਮਿਕ ਪੁਸਤਕਾਂ ਦੀ ਚੰਗੀ ਖ਼ਬਰ ਲਈ ਹੈ। ਲਾਲਾ ਹਰਦਿਆਲ ਅਕਾਦਮਿਕ ਸੀ ਅਤੇ ਉਹ ਅਮਰੀਕਾ ਅਤੇ ਸਵੀਡਨ ਦੀਆਂ ਯੂਨੀਵਰਸਿਟੀਆਂ 'ਚ ਪੜ੍ਹਾਉਂਦਾ ਰਿਹਾ ਸੀ। ਉਹਦੀਆਂ ਪ੍ਰਸਿੱਧ ਕਿਤਾਬਾਂ Hints for self culture ਅਤੇ Twelve Religions and Modern Life ਅੱਜ ਵੀ ਇਸ ਗੱਲ ਦੀਆਂ ਗਵਾਹੀਆਂ ਦਿੰਦੀਆਂ ਹਨ ਕਿ ਧਰਮਾਂ ਅਤੇ ਧਾਰਮਿਕ ਪੁਸਤਕਾਂ ਬਾਰੇ ਪੜਚੋਲ ਅਤੇ ਨੁਕਤਾਚੀਨੀ ਹੁੰਦੀ ਰਹਿਣੀ ਚਾਹੀਦੀ ਹੈ। ਮਹਾਤਮਾ ਬੁੱਧ ਅਤੇ ਚਾਰਵਾਕ ਸਾਹਿਤ ਨੇ ਰੱਬ ਦੀ ਹੋਂਦ ਨੂੰ ਵੰਗਾਰਿਆ ਸੀ। ਤਰਕਸ਼ੀਲ ਦੇ ਮੋਢੀ ਡਾਕਟਰ ਅਬਰਾਹਮ ਕੋਵੂਰ ਦੀਆਂ ਕਿਤਾਬਾਂ Be Gone Godmen ਅਤੇ Gods Demons And Spirits ਵੀ ਇਸ ਕਿਤਾਰ 'ਚ ਹੀ ਆਉਂਦੀਆਂ ਹਨ। ਰਘੁਬੀਰ ਹੁਰਾਂ ਦੀ ਇਹ ਗੱਲ ਵੀ ਆਪਾ ਵਿਰੋਧੀ ਹੈ ਕਿ ਉਹ ਮਾਰਕਸਿਸਟ ਕਹਾਉਣ ਦੇ ਬਾਵਜੂਦ ਇਹ ਜੇਰਾ ਨਹੀਂ ਕਰਦੇ ਕਿ ਧਰਮ ਦੇ ਖਿਲਾਫ ਜਾਂ ਧਾਰਮਿਕ ਪੁਸਤਕਾਂ ਵਿਚ ਲਿਖੀਆਂ ਗਲਤ ਗੱਲਾਂ ਦਾ ਵਿਰੋਧ ਕਰਨ। ਇੰਗਲੈਂਡ ਦੇ ਪ੍ਰਸਿੱਧ ਫਿਲਾਸਫਰ ਬਰਟਰੰਡ ਰਸਲ ਨੇ ਇਸਾਈ ਧਰਮ ਦੇ ਖਿਲਾਫ ਕਿਤਾਬ Why I Am Not Christian ਲਿਖ ਕੇ ਤਰਥੱਲੀ ਮਚਾ ਦਿੱਤੀ ਸੀ। ਉਹ ਮੰਨਿਆ ਹੋਇਆ Academics ਸੀ ਜਿਹਨੇ 70 ਤੋਂ ਉਪਰ ਕਿਤਾਬਾਂ ਅਤੇ ਕਈ ਪੇਪਰ ਲਿਖੇ ਜੋ ਆਮ ਕਰਕੇ ਕੈਂਬਰਿਜ ਅਤੇ ਔਕਸਫੋਰਡ ਯੂਨੀਵਰਸਿਟੀਆਂ 'ਚ ਬਹਿਸ ਦਾ ਮੁੱਦਾ ਬਣਦੇ ਰਹੇ। Why I Am Not Chrstian ਵੀ ਪਹਿਲਾਂ ਇਕ Academic ਪੇਪਰ ਹੀ ਸੀ। ਕੀ ਇਹ ਸੰਸਾਰ ਪੱਧਰ ਤੇ ਅਕਾਦਮਿਕ ਟਿੱਪਣੀ ਨਹੀਂ?

ਪੱਛਮੀ ਮੁਲਕਾਂ ਵਿਚ ਇਸ ਕਰਕੇ ਧਾਰਮਿਕ ਬੋਲਬਾਲਾ ਖਤਮ ਹੋ ਰਿਹਾ ਕਿ ਇੱਥੇ ਦੇ ਬੁੱਧੀਜੀਵੀ ਅਤੇ ਲੇਖਕ ਖੁੱਲ੍ਹਕੇ ਦਲੀਲਾਂ ਨਾਲ ਧਾਰਮਿਕ ਪੁਸਤਕਾਂ ਅਤੇ ਧਰਮਾਂ ਦੇ ਖਿਲਾਫ ਬੋਲਦੇ ਲਿਖਦੇ ਹਨ। Gibbon, Hume, Voltaire ਇਸ ਵਿਚ ਹੀ ਸ਼ਾਮਲ ਹਨ। ਮੇਰੇ ਸਾਹਮਣੇ ਢੇਰ ਸਾਰੇ ਪੱਛਮੀ ਵਿਦਵਾਨਾਂ ਦੇ ਨਾਮ ਹਨ ਜਿਹਨਾਂ ਧਾਰਮਿਕ ਬਹਿਸ ਨੂੰ ਅੱਗੇ ਤੋਰਿਆ ਅਤੇ ਧਾਰਮਿਕ ਸਿਕਰਿਪਚਰਾਂ ਤੇ ਟਿਪੱਣੀਆਂ ਕੀਤੀਆਂ। ਅਕਤੂਬਰ 1998 ਦੇ New Humanist Magazine ਵਿਚ Carl Pinel ਦਾ ਸਫਾ 15 ਤੇ ਲੇਖ ਹੈ ਕਿ Jesus, The Fanatic ਕਿ ਈਸਾ ਜਨੂੰਨੀ ਸੀ। ਹੋਰ ਤਾਂ ਹੋਰ ਧਰਮ ਅਤੇ ਈਸਾ ਮਸੀਹ ਦੇ ਖਿਲਾਫ ਲਿਖਣ ਵਾਲਿਆਂ ਵਿਚ ਚਰਚਾਂ ਦੇ

ਪਾਦਰੀ ਵੀ ਸਨ ਜਿਵੇਂ Sisgop of woolwich, John AT Robinson ਨੇ 1963 ਵਿਚ ਕਿਤਾਬ ਲਿਖੀ Honest to god ਜਿਹਦਾ Sunday Newspaper ਵਿਚ raview, ਇਹ ਨਾ ਥੱਲੇ ਛਪਿਆ : our Image of god must go.

ਅੱਜ ਕੱਲ੍ਹ ਤਾਂ ਇਹ ਗੱਲ ਵੀ ਜ਼ੋਰ ਫੜ੍ਹਦੀ ਜਾ ਰਹੀ ਹੈ ਕਿ ਸਕੂਲਾਂ ਵਿਚ ਧਾਰਮਿਕ ਵਿਦਿਆ ਦਾ ਬਿਲਕੁਲ ਹੀ ਸਫਾਇਆ ਕਰ ਦਿੱਤਾ ਜਾਵੇ। ਅਪ੍ਰੈਲ, ਮਈ 1998 ਦੇ Humanist ਮੈਗਜ਼ੀਨ ਦੇ ਪਹਿਲੇ ਸਫੇ ਤੇ ਲੇਖ ਹੈ; Humanists Applaud Plan to Oust The Crumbling Religious Values in Schools. ਇੱਥੇ ਮੈਂ ਇਸ ਬਾਰੇ ਹੋਰ ਵੀ Quote ਕਰਨਾ ਚਾਹੁੰਦਾ Prof. Michael Barber, Who heads the standards unit at the Department for Education and Employment, that pupies should be taught the Ethics of global Citizenship instead of Crumbling religious Values ਕੀ ਇਹ ਅਕਾਦਮਿਕ ਟਿੱਪਣੀਆਂ ਨਹੀਂ?

ਮੈਨੂੰ ਤਾਂ ਇਹ ਵੀ ਪਤਾ ਲੱਗਾ ਹੈ ਕਿ ਰਘੁਬੀਰ ਸਿੰਘ ਜੀ ਨੇ ਇਸ ਗੱਲ ਦੀ ਵੀ ਵਕਾਲਤ ਕੀਤੀ ਹੈ ਕਿ ਅੰਗਰੇਜ਼ੀ ਨੂੰ ਪੰਜਾਬ 'ਚ ਪਹਿਲੀ ਜਮਾਤ ਤੋਂ ਲਾਗੂ ਕਰਨਾ ਠੀਕ ਗੱਲ ਹੈ। ਇਸ ਬਾਰੇ ਮੈਂ ਇਕ ਵੱਖਰਾ Academic ਪਰਚਾ ਤਿਆਰ ਕਰ ਰਿਹਾ, ਪਰ ਇਹ ਗੱਲ ਤਰਕ ਤੇ ਕਿਥੇ ਬੈਠਦੀ ਹੈ ਕਿ ਆਪ ਤਾਂ ਰਘੁਬੀਰ ਸਿੰਘ ਪੰਜਾਬੀ ਵਿਭਾਗ ਦਾ ਮੁਖੀਆ ਹੈ ਪਰ ਵਕਾਲਤ ਅੰਗਰੇਜ਼ੀ ਦੀ ਕਰਦਾ ਹੈ? ਇਹ ਮਾਰਕਸਿਸਟ ਨਜ਼ਰੀਏ ਤੋਂ ਵੀ ਕਿਵੇਂ ਠੀਕ ਹੈ?

ਜੇਕਰ ਸਾਡੇ ਪ੍ਰਗਤੀਵਾਦੀ ਅਤੇ ਮਾਰਕਸਿਸਟ ਲੇਖਕਾਂ ਦਾ ਇਹ ਹਾਲ ਹੈ ਤਾਂ ਪੰਜਾਬ ਅਤੇ ਭਾਰਤ ਬੌਧਿਕ ਤੌਰ ਤੇ ਅਜੇ ਪੱਛਮ ਨਾਲੋਂ ਕਈ ਹਜ਼ਾਰਾਂ ਵਰ੍ਹੇ ਪਿੱਛੇ ਹੈ।

ਖੱਬੇ ਪੱਖੀ ਸੋਚ ਵਾਲੇ ਸਾਥੀਆਂ, ਪ੍ਰਗਤੀਵਾਦੀ ਲੇਖਕਾਂ, ਸਰਕਾਰੀ ਬਾਬੂਆਂ, ਅਤੇ ਪੜ੍ਹਿਆ ਲਿਖਿਆਂ ਨੂੰ ਤਰਕ ਦੀ ਕਸਵੱਟੀ ਤੇ ਆਪਾ ਪੜਚੋਲ ਦੀ ਸਖ਼ਤ ਜ਼ਰੂਰਤ ਹੈ।

ਦੂਜੀ ਗੱਲ ਇਸ ਚਿੱਠੀ ਵਿਚ ਮੈਂ ਸੁਰਜੀਤ ਸਿੰਘ ਢਿੱਲੋਂ ਜੀ ਦੇ ਲੇਖ ਮਨੁੱਖੀ ਸੁਭਾਓ ਉਪਰ ਵਿਰਸੇ ਦਾ ਪ੍ਰਭਾਵ ਬਾਰੇ ਕਰਨੀ ਹੈ।

ਸੁਰਜੀਤ ਸਿੰਘ ਜੀ ਦੇ ਲੇਖ ਦਾ ਮੂਲ ਮੁੱਦਾ ਹੈ: "ਮਨੁੱਖੀ ਵਿਚਾਰਾਂ ਉਪਰ ਸੱਭਿਆਚਾਰ ਦਾ ਪ੍ਰਭਾਵ ਪੈਂਦਾ ਤਾਂ ਹੈ ਪਰ ਇਹ ਪ੍ਰਭਾਵ ਕੇਵਲ ਪਾਬੰਧ ਹੱਦ ਤਕ ਹੀ ਸੀਮਤ ਰਹਿੰਦਾ ਹੈ। ਵਿਅਕਤੀ ਦਾ ਦਿਮਾਗ ਪੁੰਗਰੀਆਂ ਸੰਭਾਵਨਾਵਾਂ ਇਸ ਪ੍ਰਭਾਵ ਦੇ ਦਾਇਰੇ ਦੀ ਸੀਮਾ ਨਿਰਧਾਰਤ ਕਰਦੀਆਂ ਹਨ, ਜਿਨ੍ਹਾਂ ਦਾ ਕਿ ਆਪਣਾ ਮੂਲ-ਮਾਪਿਆਂ ਵੱਲੋਂ ਵਿਰਸੇ 'ਚ ਮਿਲੇ ਹੋਏ ਜੀਨ ਹੁੰਦੇ ਹਨ।"

ਤਰਕ ਦੀ ਕਸਵੱਟੀ ਤੇ ਅੱਜ ਦੇ ਗਿਆਨ ਮੁਤਾਬਕ ਸੁਰਜੀਤ ਸਿੰਘ ਦੇ ਵਿਚਾਰ ਬਿੱਲਕੁੱਲ ਹੀ ਗ਼ਲਤ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੁੱਝ ਬੀਮਾਰੀਆਂ ਪੀੜ੍ਹੀ ਦਰ ਪੀੜ੍ਹੀ ਤੁਰੀਆਂ ਰਹਿੰਦੀਆਂ ਹਨ, ਪਰ ਹੁਣ ਦੀ ਖੋਜ ਇਹ ਸਿੱਧ ਕਰਦੀ ਹੈ ਕਿ ਇਹਨਾਂ ਬੀਮਾਰੀਆਂ ਨੂੰ ਬਾਹਰੀ ਪ੍ਰਭਾਵ ਨਾਲ ਰੋਕਿਆ ਜਾ ਸਕਦਾ ਹੈ। ਪੈਟਰਿਕ ਹੋਲਫੋਰਡ (1998) ਆਪਣੀ ਕਿਤਾਬ "Say No To Heart Disease" ਦੇ ਸਫਾ 65 ਤੇ ਲਿਖਦਾ ਹੈ: Your Diet Can Not Only Prevent These Risk Factors

Ever Emerging, But Also Reverse The Risk Once It Has Developed. This Means That, Even If You Have A Family History Of Cardio - Vascular Disease, You Don't Have To Suffer In Any Case, Family Histories Of Disease Often Turn Out To Have Nothing To Do With Inheriting Genetic Predis-Positions As Such. Rather Occur Due To Inheriting Certain Lifestyle And Dietary Habits That Put You At Risk" ਮੈਨੂੰ ਸਾਰਾ ਲੇਖ ਪੜ੍ਹ ਕੇ ਇਉਂ ਲਗਦਾ ਹੈ ਜਿਵੇਂ ਢਿੱਲੋਂ ਜੀ ਨੇ ਕਿਸੇ ਨਸਲਵਾਦੀ ਪੱਛਮੀ ਲੇਖਕ ਦੀ ਕਿਤਾਬ ਪੜ੍ਹੀ ਹੈ। ਨਸਲਵਾਦੀ ਕਿਤਾਬਾਂ ਦੇ ਮੋਢੀ ਲੇਖਕ Robert Knox (1791-1862) ਇੰਗਲੈਂਡ, Josiah Elark Nott (1804-73) Alabama, George Robbins Gliddon (1809-57), ਅਮਰੀਕਾ Joseph Arthur De Gobineu (1816-1882) ਫਰਾਂਸ ਅਤੇ James Hunt (1833-69) ਇੰਗਲੈਂਡ ਸਨ। ਇਹਨਾਂ ਅਤੇ ਇਹਨਾਂ ਵਰਗੇ ਨਸਲਵਾਦੀ ਲੇਖਕਾਂ ਦੀ ਬਦੌਲਤ ਹੀ ਹਿਟਲਰ ਨੇ ਜਰਮਨੀ 'ਚ ਲੱਖਾਂ ਯਹੂਦੀਆਂ ਨੂੰ ਜਾਨੋ ਮਾਰ ਦਿੱਤਾ ਸੀ। ਹੁਣ ਵੀ ਕਿਤੇ-ਕਿਤੇ ਨਸਲਵਾਦੀ ਲੇਖਕ ਜਾਂ ਅਖੌਤੀ-ਸਾਇੰਸਦਾਨ ਇਹੋ ਜੇਹੀਆਂ ਬੇਤੁਕੀਆਂ ਗੱਲਾਂ ਕਰਦੇ ਰਹਿੰਦੇ ਹਨ ਤਾਂ ਕਿ ਏਸ਼ੀਅਨਾਂ, ਅਫਰੀਕਣਾਂ, ਅਤੇ ਕੈਰੇਬੀਅਨਾਂ ਨੂੰ ਖਾਸ ਕਰਕੇ ; ਘਟੀਆ, ਅਤੇ ਬੌਧਿਕ ਤੌਰ ਤੇ ਬੌਣੇ ਸਾਬਤ ਕੀਤਾ ਜਾ ਸਕੇ। ਕਈ ਏਸ਼ੀਅਨ ਲੋਕਾਂ ਜਿਵੇਂ Prof Bhiknu Parekh, Prof Shashidharn ਆਦਿ ਨੇ ਤੁਹਾਡੀ Genes ਵਾਲੀ ਗੱਲ ਨੂੰ ਨਕਾਰਿਆ ਹੈ। ਮੇਰੀ ਆਪਣੀ ਕਿਤਾਬ Racism In Britain ਵਿਚ ਵੀ ਮੈਂ ਇਸ ਵਿਸ਼ੇ ਨੂੰ ਵਿਦਵਾਨਾਂ ਦੇ ਹਵਾਲੇ ਦੇ ਕੇ ਗੱਲ ਨੂੰ ਨਿਤਾਰਿਆ ਹੈ ਕਿ ਕੁੱਝ ਪੱਛਮੀ ਅਖੌਤੀ-ਸਾਇੰਸਦਾਨਾਂ ਅਸਲੀ ਤੱਤਾਂ ਨੂੰ ਕਿਵੇਂ ਤੋੜ ਮਰੋੜ ਕੇ ਵਗਾੜਿਆ ਹੈ। ਤੁਹਾਨੂੰ ਪਤਾ ਹੋਣਾਂ ਚਾਹੀਦਾ ਹੈ ਕਿ Freud ਅਤੇ ਉਹਦਾ ਚੇਲਾ Jung ਵੀ ਪੱਕੇ ਨਸਲਵਾਦੀ ਸਨ ਜੋ ਏਸ਼ੀਅਨਾਂ ਅਤੇ ਕਾਲੇ ਲੋਕਾਂ ਨੂੰ ਬੌਧਿਕ ਤੌਰ ਤੇ ਘਟੀਆ ਮਿੱਥਦੇ ਸਨ। ਪੱਛਮ ਦੀ ਸਾਰੀ Psychology, ਨਸਲਵਾਦ ਨਾਲ ਤਾਲੋਤਾਲ ਭਰੀ ਪਈ ਹੈ ਅਤੇ Schizopherenia ਵਰਗੀ ਬੀਮਾਰੀ ਅਸਲ 'ਚ ਸਹੀ ਮਾਅਨਿਆਂ 'ਚ ਕੀ ਹੁੰਦੀ ਹੈ ਦਾ ਵੀ ਅਜੇ ਤੱਕ ਠੀਕ ਪਤਾ ਨਹੀਂ ਲੱਗ ਰਿਹਾ। Mental Health ਵਾਰੇ ਕਾਲਿਆਂ ਅਤੇ ਏਸ਼ੀਅਨਾਂ ਲਈ ਬਰਮਿੰਘਮ ਯੂਨੀਵਰਸਿਟੀ ਦੇ Prof Shashidharan ਨੂੰ Authority ਮੰਨਿਆ ਜਾਂਦਾ ਹੈ ਜੋ ਤੁਹਾਡੀ Genes ਦੀ Theory ਨੂੰ ਨਕਾਰਦਾ ਹੈ। ਹੋਰ ਵਿਦਵਾਨਾਂ ਦੀਆਂ ਕਿਤਾਬਾਂ ਅਤੇ ਨਾਂ ਇਸ ਪ੍ਰਕਾਰ ਹਨ ਜੋ ਤੁਹਾਡੀ Gene Theory ਨਾਲ ਸਹਿਮਤ ਨਹੀ ਜਿਵੇਂ Dr. Kedar Dwivedi (1996) Meeting The Needs Of Ethnic Minorirty Children" Aboud,F.(1988) Children And Prejudile, Boyd- Franklin, N. (1989) Black Families In Therapy, Dalal, F (1993) Race And Racism: An Attempt To Organise Difference, Dalrymple , J. And Burke, B. (1995) And-Oppressive Practice Fernando, S. (1992) Roots Of Racism In Psychiatry, Hinton,P.(1993) The Psychology Of Interperson Perception ਅਤੇ Robinson, L. (1995) Psychlogy For Social Workers. ਮੇਰਾ ਪੀ. ਐਚ. ਡੀ. ਦਾ ਥੀਜਿਸ਼ ਥਾਂ-ਥਾਂ

ਵਿਦਵਾਨਾਂ ਦੀਆਂ Quotation ਦੇ ਕੇ ਸਾਬਤ ਕਰਦਾ ਹੈ ਕਿ Gene Theory ਗਲਤ ਹੈ।

ਵੈਸੇ ਵੀ ਐਹੋ ਜਿਹੀਆਂ ਕਈ ਉਦਾਹਰਣਾਂ ਹਨ ਜਿਥੇ ਵਾਤਾਵਰਣ ਅਤੇ ਮਿਹਨਤ ਨੇ ਜ਼ਿੰਦਗੀਆਂ ਦਾ ਪਲਟਾ ਕਰਕੇ ਰੱਖ ਦਿੱਤਾ। Charles Darwin ਜਿਹਨੇ Evolutionary Theory ਦਾ ਸਿਧਾਂਤ ਸਾਨੂੰ ਦਿੱਤਾ ਸੀ, ਦਾ ਪਿਉ ਕਿਹਾ ਕਰਦਾ ਸੀ ਕਿ ਚਾਰਲਸ ਐਨਾਂ ਬੇਅਕਲਾ ਹੈ ਕਿ ਅਗਰ ਉਹਦੇ ਸਿਰ 'ਚ ਮੋਰੀ ਕਰਕੇ ਵੀ ਅਕਲ ਪਾਈ ਜਾਵੇ ਤਾਂ ਵੀ ਉਹਨੂੰ ਅਕਲ ਨਹੀਂ ਆ ਸਕਦੀ। ਚਾਰਲਸ ਦਾ ਪਿਉ ਸਾਇੰਸਦਾਨ ਨਹੀਂ ਸੀ। ਵੀਹਵੀਂ ਸਦੀ ਦੇ ਅਲਬਰਟ ਆਇਨਸਟਾਇਨ ਬਾਰੇ ਇਹ ਗੱਲ ਮੰਨੀ ਜਾਂਦੀ ਹੈ ਕਿ ਉਹ ਚਾਰ ਸਾਲ ਦੀ ਉਮਰ ਤੱਕ ਬੋਲਿਆ ਨਹੀਂ ਸੀ ਪਰ ਇਹ ਗੱਲ ਉਹਦੇ ਪਰਿਵਾਰ 'ਚ ਕਦੇ ਹੋਈ ਨਹੀਂ ਸੀ ਅਤੇ ਨਾ ਹੀ ਉਹਦਾ ਬਾਪ ਉਹਦੇ ਵਰਗਾ ਸਾਇੰਸਦਾਨ ਸੀ। ਗੁਰੂ ਨਾਨਕ ਦੇਵ ਜੀ ਦੇ ਬੱਚੇ ਉਹਨਾਂ ਵਰਗੇ ਸਿਆਣੇ ਨਾ ਹੋਣ ਕਰਕੇ ਉਹਨਾਂ ਨੂੰ ਗੁਰਗੱਦੀ ਨਹੀਂ ਸੀ ਮਿਲੀ। ਮਹਾਤਮਾ ਬੁੱਧ ਦਾ ਬਾਪ ਉਹਦੇ ਵਰਗਾ ਵਿਗਿਆਨਕ ਸਿਧਾਂਤ ਪੈਦਾ ਕਰਨ ਵਾਲਾ ਨਹੀਂ ਸੀ। ਸਾਡੇ ਆਪਣੇ ਲੋਕਾਂ ਵਿਚ ਦੱਬੀਆਂ ਲਿਤਾੜੀਆਂ ਔਰਤਾਂ ਅਤੇ ਅਖੌਤੀ-ਘਟੀਆ-ਜਾਤਾਂ ਵਿਚੋਂ ਬੜੇ ਵਧੀਆਂ ਇਨਸਾਨ ਅਤੇ ਬੁਧੀਜੀਵੀ ਹੋਏ ਹਨ ਅਤੇ ਹੋ ਰਹੇ ਹਨ ਜਦੋਂ ਕਿ ਉਹਨਾਂ ਦੇ ਮਾਂ ਬਾਪ ਬਿੱਲਕੁਲ ਹੀ ਕੋਰੇ ਅਨਪੜ੍ਹ ਸਨ। ਸਦੀਆਂ ਦੀ ਗੁਲਾਮੀ ਕੱਟ ਕੇ ਅਫਰੀਕਣ ਕਾਲਿਆਂ ਮਾਅਰਕੇ ਦੇ ਵਿਦਵਾਨ, ਲੇਖਕ ਅਤੇ ਸਾਇੰਸਦਾਨ ਪੈਦਾ ਕੀਤੇ ਹਨ। ਮੇਰੇ ਆਪਣੇ ਪਰਿਵਾਰ ਚੋਂ ਕਿਸੇ ਭੈਣ ਭਾਈ ਨੇ ਡਾਕਟਰੇਟ ਤੱਕ ਪੜ੍ਹਾਈ ਨਹੀਂ ਕੀਤੀ-ਜਦੋਂ ਕਿ ਸਾਡੇ ਸਾਰਿਆਂ ਦੇ ਜੀਨਜ਼ ਇਕੋ ਮਾਂ-ਪਿਉ ਤੋਂ ਹਨ। ਇਹ ਗੱਲ ਅਸੀਂ ਆਪਣੇ-ਆਪਣੇ ਪਰਿਵਾਰਾਂ 'ਚ ਵੀ ਦੇਖ ਸਕਦੇ ਹਾਂ। ਇਹ ਸਭ ਵਾਤਾਵਰਣ ਅਤੇ ਮਿਹਨਤ ਦੇ ਨਤੀਜੇ ਹਨ ਕਿ ਅਸੀਂ ਵੱਖਰੀ ਸਖ਼ਸ਼ੀਅਤ ਬਣਾਉਂਦੇ ਹਾਂ। ਡਾਕਟਰ ਅੰਬੇਦਕਰ ਦੇ ਮਾਂ ਬਾਪ ਜਾਂ ਦਾਦਾ, ਪੜਦਾਦਾ ਉਹਦੇ ਵਰਗੇ ਵਿਦਵਾਨ ਅਤੇ ਸਿਆਣੇ ਨਹੀਂ ਸਨ। ਜੇਕਰ ਤੁਹਾਡੀ ਥਿਊਰੀ ਠੀਕ ਹੋਵੇ ਤਾਂ ਫਿਰ ਪੜ੍ਹਾਈਆਂ ਅਤੇ ਹੋਰ ਖੋਜਾਂ ਦੀ ਕੀ ਤੁੱਕ ਹੈ?

# "ਤੇਰਾ ਨਾਮ ਤਾਂ ਹਰ ਕੋਈ ਜਪਦਾ ਪਰ ਅੰਦਰੋਂ ਜਪਦਾ ਕੋਈ ਕੋਈ"

ਰੱਬ ਦੇ ਭਗਤਾਂ ਤੋਂ ਆਮ ਸੁਨਣ ਵਿੱਚ ਆਉਂਦਾ ਹੈ ਕਿ, "ਵਿਰਥੀ ਨਾ ਜਾਏ ਜਨ ਕੀ ਅਰਦਾਸ" ਪਰ ਜਦ ਇਹ ਖ਼ਬਰਾਂ ਸੁਨਣ ਨੂੰ ਮਿਲਦੀਆਂ ਹਨ ਕਿ ਸਾਲ 2006 ਜਨਵਰੀ ਨੂੰ ਹੱਜ ਗਏ ਸੈਂਕੜੇ ਮੁਸਲਮਾਨ ਮਾਰੇ ਗਏ ਤਾਂ ਸੁਆਲ ਉੱਠਦਾ ਕਿ ਕੀ ਇਹਨਾਂ ਹਾਜੀਆਂ ਦੀਆਂ ਅਰਦਾਸਾਂ ਸੱਚੇ ਦਿਲੋਂ ਨਹੀਂ ਸੀ ਕੀਤੀਆਂ ਗਈਆਂ? ਇਹ ਦੁਖਾਂਤ ਹਰ ਸਾਲ ਈ ਵਾਪਰਦਾ ਹੈ ਪਰ ਉਹਨਾਂ ਦਾ ਅੱਲ੍ਹਾ ਚੁੱਪ ਚਾਪ ਇਹ ਤਮਾਸ਼ਾ ਦੇਖਦਾ ਰਹਿੰਦਾ ਹੈ। ਹੋ ਸਕਦਾ ਭਗਤ ਜਨ "ਉਹਦਾ ਨਾਮ" ਅੰਦਰੋਂ ਨਾ ਜਪਦੇ ਹੋਣ।

ਇਹ ਭਗਤਾਂ ਦੇ ਮਰਨ ਮਰਾਉਣ ਦਾ ਕੰਮ ਸਿਰਫ ਮੁਸਲਮਾਨਾਂ ਵਿੱਚ ਹੀ ਨਹੀਂ ਹੁੰਦਾ, ਬਾਕੀ ਧਰਮਾਂ ਦੇ ਭਗਤ-ਜਨ ਵੀ ਇਸ ਲਪੇਟ ਵਿਚ ਆਉਂਦੇ ਹਨ। ਬਾਰਾਂ ਸਾਲ ਬਾਅਦ ਲਗਦੇ ਕੁੰਭ ਮੇਲੇ ਵਿੱਚ ਸਾਲ 2003 ਸਤੰਬਰ ਵਿੱਚ ਤਕਰੀਬਨ 50 ਲੱਖ ਲੋਕਾਂ ਦਾ ਇਕੱਠ ਸੀ। ਇਸ ਮੇਲੇ ਵਿੱਚ ਤਿੰਨ ਦਰਜਨਾਂ ਤੋਂ ਵੱਧ ਭਗਤ ਮਾਰੇ ਗਏ ਅਤੇ ਅੱਠ ਦਰਜਨਾਂ ਤੋਂ ਜ਼ਿਆਦਾ ਜ਼ਖ਼ਮੀ ਹੋਏ। ਸਾਲ 2005 ਵਿੱਚ ਸੰਧਰਾ ਦੇਵੀ ਦੇ ਮੰਦਰ ਵਿੱਚ ਸਾਲਾਨਾ ਮੇਲੇ ਸਮੇਂ 300 ਕੁ ਸ਼ਰਧਾਲੂ ਮਾਰੇ ਗਏ ਅਤੇ 500 ਕੁ ਜ਼ਖ਼ਮੀ ਹੋ ਗਏ।

ਰੱਬ ਦੇ ਬਹੁਤੇ ਭਗਤ ਮਤਲਬ-ਪ੍ਰਸਤ ਹੁੰਦੇ ਹਨ ਅਤੇ ਇਸੇ ਕਰਕੇ ਆਪਣੇ ਅਤੇ ਸਿਰਫ ਆਪਣੇ ਪਰਿਵਾਰ ਦੇ ਜੀਆਂ ਲਈ ਇਹ ਸਦਾ ਸੁੱਖਣਾ ਸੁੱਖ ਕੇ 'ਅਖੌਤੀ ਰੱਬ' ਨੂੰ ਵੱਢੀ ਦਿੰਦੇ ਹਨ ਪਰ ਲੋਕਾਂ ਨੂੰ ਕਹਿੰਦੇ ਹਨ ਕਿ ਅਸੀਂ ਤਾਂ ਸਰਬੱਤ ਦਾ ਭਲਾ ਮੰਗਦੇ ਹਾਂ। ਇਹਨਾਂ ਦੇ ਪਾਖੰਡਾਂ ਦਾ ਪਰਦਾਫਾਸ਼ ਤਾਂ ਉਸ ਵੇਲੇ ਹੀ ਹੋ ਜਾਂਦਾ ਹੈ ਜਦ ਇਹ ਆਪਣੇ ਆਪਣੇ ਗੁਰੂ, ਦੇਵਤਿਆਂ ਅਤੇ ਦੇਵੀਆਂ ਵਿੱਚ ਰੰਗੇ ਇੱਕ ਦੂਜੇ ਨਾਲ ਨਫਰਤ ਕਰਦੇ ਹਨ ਅਤੇ ਮਰਨ ਮਰਾਉਣ ਤੱਕ ਚਲੇ ਜਾਂਦੇ ਹਨ। ਹਿੰਦੂ, ਸਿੱਖ, ਮੁਸਲਿਮ ਅਤੇ ਈਸਾਈਆਂ ਦੇ ਕੱਟੜਵਾਦ ਤੋਂ ਕੌਣ ਨਹੀਂ ਜਾਣੂੰ? ਗੁਜਰਾਤ ਦੇ ਦੰਗੇ, ਪੰਜਾਬ ਦਾ ਖਾਲਿਸਤਾਨ ਦੇ ਵੇਲੇ ਦਾ ਸੰਤਾਪ, ਮੁਸਲਮਾਨਾਂ ਦੇ ਕੱਟੜਵਾਦ ਦੇ ਅੱਜ ਕੱਲ੍ਹ ਦੇ ਰੰਗ ਅਤੇ ਈਸਾਈਆਂ ਦੇ ਕਾਲੇ ਅਫਰੀਕਨਾਂ ਨਾਲ ਕੀਤੇ ਕਾਰਨਾਮੇ। 13 ਜਨਵਰੀ 2001 ਨੂੰ ਕੁੰਭ ਦੇ ਮੇਲੇ ਸਮੇਂ ਤਕਰੀਬਨ ਇੱਕ ਕਰੋੜ ਲੋਕਾਂ ਨੇ ਮੇਲੇ ਵਿੱਚ ਸ਼ਮੂਲੀਅਤ ਕੀਤੀ ਸੀ ਅਤੇ ਮੇਲਾ ਖ਼ਤਮ ਹੋਣ ਤੇ ਇਹਨਾਂ ਰੱਬ ਦੇ ਭਗਤਾਂ ਨੇ ਆਪਣੀਆਂ ਬਜ਼ੁਰਗ ਦਾਦੀਆਂ, ਨਾਨੀਆਂ ਅਤੇ ਮਾਵਾਂ ਨੂੰ ਉਥੇ ਹੀ ਛੱਡ ਦਿੱਤਾ। ਇਹਨਾਂ ਲਚਾਰਾਂ ਦੀ ਗਿਣਤੀ ਦਸ ਹਜ਼ਾਰ ਤੋਂ ਜ਼ਿਆਦਾ ਸੀ।

ਹਰ ਸਾਲ, ਅਮਰ ਨਾਥ ਦੀ ਗੁਫਾ ਦੀ ਯਾਤਰਾ ਵੇਲੇ ਭਗਤਾਂ ਦੇ ਮਰਨ ਦੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ ਕਿ ਬਾਰਸ਼ ਜ਼ਿਆਦਾ ਹੋਣ ਕਰਕੇ ਲੈਂਡ ਸਲਾਈਡ ਹੋ ਗਿਆ। ਤਾਮਿਲਨਾਡੂ ਵਿਚ ਕਾਲੀ ਅੰਮਾਂ ਦਾ ਬੋਲਬਾਲਾ ਹੈ। ਉਸ ਕਾਲੀ ਅੰਮਾਂ ਨੂੰ ਖੁਸ਼ ਕਰਨ ਲਈ ਹਰ ਵਰ੍ਹੇ 100 ਕੰਵਾਰੀਆਂ ਲੜਕੀਆਂ ਨੂੰ ਟੋਏ ਵਿੱਚ ਸੁੱਟ ਕੇ ਇੱਕ ਮਿੰਟ ਲਈ ਜ਼ਮੀਨ ਹੇਠਾਂ ਦੱਬ ਦਿੱਤਾ ਜਾਂਦਾ ਹੈ। ਹਰ ਸਾਲ ਇਸ ਜਾਂਗਲੀ

ਰਸਮ ਵੇਲੇ ਕਈ ਬੱਚੀਆਂ ਅੰਮਾਂ ਨੂੰ ਪਿਆਰੀਆਂ ਹੋ ਜਾਂਦੀਆਂ ਹਨ।

ਮਾਨਸਿਕ ਰੋਗਾਂ ਬਾਰੇ ਭਾਰਤ ਵਿੱਚ ਸਮਝ ਬੜੀ ਘੱਟ ਹੈ ਅਤੇ ਇਸੇ ਕਰਕੇ ਮਾਨਸਿਕ ਰੋਗੀਆਂ ਨੂੰ ਭੂਤ ਚਿੰਬੜਨ ਨਾਲ ਜੋੜ ਦਿੱਤਾ ਜਾਂਦਾ ਹੈ। ਉਸ ਭੂਤ ਨੂੰ ਸਰੀਰ ਵਿੱਚੋਂ ਬਾਹਰ ਕੱਢਣ ਲਈ ਗਰਮ ਚਿਮਟਿਆਂ, ਸਲਾਖਾਂ ਅਤੇ ਸੋਟਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਜ਼ਾਲਮ ਕੁੱਟਮਾਰ ਨਾਲ ਜ਼ਾਹਲ ਸਾਧ ਬਾਬੇ ਕਈ ਮਾਨਸਿਕ ਰੋਗੀਆਂ ਨੂੰ ਮੌਤ ਦੀ ਘੋੜੀ ਚਾੜ੍ਹ ਦਿੰਦੇ ਹਨ। ਕਈ ਮਾਨਸਿਕ ਰੋਗੀਆਂ ਨੂੰ ਸੰਗਲਾਂ ਨਾਲ ਬੰਨ੍ਹ ਕੇ ਰੱਖਿਆ ਜਾਂਦਾ ਹੈ ਅਤੇ ਫਿਰ ਉਹਨਾਂ ਦੀ ਬੇਤਹਾਸ਼ਾ ਕੁੱਟ ਮਾਰ ਕੀਤੀ ਜਾਂਦੀ ਹੈ ਤਾਂ ਕਿ ਉਹਨਾਂ ਵਿਚ ਵੜੇ ਅਖੌਤੀ ਜਿੰਨ, ਭੂਤ, ਚੁੜੇਲ ਨੂੰ ਬਾਹਰ ਕੱਢ ਕੇ ਉਹਨਾਂ ਦਾ ਇਲਾਜ ਕੀਤਾ ਜਾ ਸਕੇ। ਇਸ ਧਾਰਨਾ ਕਰਕੇ ਤਾਮਿਲਨਾਡੂ ਦੇ ਜ਼ਿਲੇ ਰਾਮਾਨਾਥਮਪੁਰਮ ਦੇ ਇੱਕ ਪਿੰਡ ਇਰਵਾੜੀ ਦੀ ਦਰਗਾਹ ਮਸ਼ਹੂਰ ਹੈ। ਉੱਥੇ ਮਾਨਸਿਕ ਰੋਗੀਆਂ ਨੂੰ ਸੰਗਲਾਂ ਨਾਲ ਬੰਨ੍ਹ ਕੇ ਰੱਖਿਆ ਜਾਂਦਾ ਹੈ ਕਿ ਦਰਗਾਹ ਦੀ ਸ਼ਕਤੀ ਇਹਨਾਂ ਨੂੰ ਆਪੇ ਠੀਕ ਕਰ ਦੇਵੇਗੀ। ਉਸ ਦਰਗਾਹ ਵਿਖੇ 6 ਅਗਸਤ 2001 ਨੂੰ ਅੱਗ ਲੱਗ ਗਈ ਅਤੇ ਦਰਖਤਾਂ ਨਾਲ ਬੱਧੇ 25 ਮਾਨਸਿਕ ਰੋਗੀ ਆਪਣੀ ਜਾਨ ਤੋਂ ਹੱਥ ਧੋ ਬੈਠੇ। ਦਰਗਾਹ ਵਾਲਾ ਪੀਰ ਇਹ ਡਰਾਮਾ ਅੱਖਾਂ ਬੰਦ ਕਰੀ ਚੁੱਪਚਾਪ ਦੇਖਦਾ ਰਿਹਾ।

28 ਸਤੰਬਰ 2002 ਨੂੰ 18 ਲੋਕ ਉਸ ਵੇਲੇ ਮਾਰੇ ਗਏ ਜਦ ਉਹ ਬਹੁਜਨ ਸਮਾਜ ਦੀ ਰੈਲੀ ਤੋਂ ਵਾਪਸ ਆ ਰਹੇ ਸਨ। ਇਹ ਭਾਣਾ ਲਖਨਊ ਵਿਖੇ ਚਾਰਬਾਗ ਰੇਲਵੇ ਸਟੇਸ਼ਨ ਤੇ ਵਾਪਰਿਆ।

ਲਖਨਊ ਵਿੱਚ ਹੀ ਲਾਲ ਜੀ ਟੰਡਨ ਦਾ ਜਨਮ ਦਿਨ ਪਿਛਲੀਆਂ ਲੋਕ ਸਭਾ ਚੋਣਾਂ ਵੇਲੇ ਮਨਾਇਆ ਗਿਆ। ਭਾਰਤੀ ਜਨਤਾ ਪਾਰਟੀ ਨੇ ਗਰੀਬ ਔਰਤਾਂ ਨੂੰ ਸਸਤੀਆਂ ਸਾੜ੍ਹੀਆਂ ਮੁਫ਼ਤ ਵੰਡਣ ਦਾ ਪਰਪੰਚ ਰਚਾਇਆ। ਸਾੜ੍ਹੀਆਂ ਦੇ ਲਾਲਚ ਵਿੱਚ 21 ਗਰੀਬ ਔਰਤਾਂ ਮਾਰੀਆਂ ਗਈਆਂ। ਸਾੜ੍ਹੀਆਂ ਦੀ ਖਿੱਚਾ-ਧੂਹੀ ਉਹਨਾਂ ਲਈ ਕਫਨ ਸਿੱਧ ਹੋਈ।

ਇਹ ਤਾਂ ਸਿਰਫ ਕੁੱਝ ਕੁ ਹੀ ਅੰਕੜੇ ਹਨ ਜੋ ਅਖਬਾਰਾਂ ਦੀਆਂ ਸੁਰਖੀਆਂ ਬਣ ਗਏ ਸਨ। ਭਾਰਤ ਵਰਗੇ ਜ਼ਹਾਲਤ ਨਾਲ ਭਰੇ ਮੁਲਕ ਵਿੱਚ ਹਰ ਸਾਲ ਐਕਸੀਡੈਂਟਾਂ ਅਤੇ ਜ਼ਹਿਰੀਲੀ ਸ਼ਰਾਬ ਪੀਣ ਨਾਲ ਵੀ ਸੈਂਕੜੇ ਮੌਤਾਂ ਹੁੰਦੀਆਂ ਹਨ। ਕਾਰਾਂ, ਸਕੂਟਰਾਂ, ਮੋਟਰ ਸਾਇਕਲਾਂ ਅਤੇ ਟਰੱਕਾਂ ਦੇ ਲਾਇਸੰਸ ਬਿਨਾਂ ਕੋਈ ਟਰੇਨਿੰਗ ਲਿਆਂ ਅਤੇ ਟੈਸਟ ਤੋਂ, ਘਰ ਆ ਜਾਂਦੇ ਹਨ। ਭਾਰਤੀ ਨੋਟਾਂ ਦਾ ਚੜ੍ਹਾਵਾ ਆਪਣੀ ਕਰਾਮਾਤ ਕਰ ਮਾਰਦਾ ਹੈ। ਨਲਾਇਕ ਸਰਕਾਰਾਂ ਨੂੰ ਲੋਕਾਂ ਦੀ ਹਿਫਾਜ਼ਤ ਦਾ ਕੋਈ ਫ਼ਿਕਰ ਨਹੀਂ ਹੈ। ਹਿੰਦੁਸਤਾਨ ਵਿਚ ਡਰਾਈਵਿੰਗ ਲਾਇਸੰਸ ਦੇਣ ਦਾ ਮਤਲਬ ਮੌਤ ਦਾ ਸਰਟੀਫਿਕੇਟ ਹੈ। ਉਥੇ ਟਰੈਫਿਕ ਦੇ ਕੋਈ ਨਿਯਮ ਨਹੀਂ ਹਨ ਪਰ ਮੂਰਖ ਜਨਤਾ ਕਾਰਾਂ, ਸਕੂਟਰਾਂ, ਮੋਟਰ ਸਾਇਕਲਾਂ ਦੀ ਬਹੁਤਾਤ ਨੂੰ ਹੀ ਤਰੱਕੀ ਕਹੀ ਜਾਂਦੀ ਹੈ। ਇਸ ਨੁਕਸ ਨੂੰ ਦੂਰ ਕਰਨ ਦੀ ਬਜਾਏ ਬੁੱਧੂ ਲੋਕ ਐਕਸੀਡੈਂਟ ਹੋਣ ਵਾਲੀ ਥਾਂ ਤੇ ਮਟੀਆਂ, ਮੰਦਰ ਅਤੇ ਡੇਰੇ ਬਣਾ ਕੇ ਚੜ੍ਹਾਵਾ ਚੜ੍ਹਾਣ ਨਾਲ ਸੁਰਖੁਰੂ ਹੋਣ ਦੀ ਕੋਸ਼ਿਸ਼ ਕਰਦੇ ਹਨ। ਅੰਧਵਿਸ਼ਵਾਸ ਨੂੰ ਦੂਰ ਕਰਨ ਲਈ ਸਰਕਾਰਾਂ ਕੋਈ ਉਪਰਾਲਾ ਨਹੀਂ ਕਰਦੀਆਂ ਸਗੋਂ ਜੋ ਲੋਕ ਇਹਨਾਂ ਅੰਧਵਿਸ਼ਵਾਸਾਂ ਦੀ ਵਿਰੋਧਤਾ ਕਰਦੇ ਹਨ, ਉਹਨਾਂ

ਨੂੰ ਕਚਹਿਰੀਆਂ ਵਿੱਚ ਪੇਸ਼ ਕੀਤਾ ਜਾਂਦਾ ਹੈ।

ਧਾਰਮਿਕ ਅਸਥਾਨਾਂ, ਡੇਰਿਆਂ ਆਦਿ ਵਿੱਚ ਹਰ ਸਾਲ ਲੱਖਾਂ ਕਰੋੜਾਂ ਰੁਪਈਆ ਚੜ੍ਹਦਾ ਹੈ। ਆਂਧਰਾ ਪ੍ਰਦੇਸ਼, ਦੇਵਸਥਾਨਮ ਬਾਲਾ ਜੀ ਦਾ ਮੰਦਰ ਹੈ ਅਤੇ ਉਥੇ ਹਰ ਰੋਜ਼ ਤਕਰੀਬਨ 3000 ਮੁੰਡਨ ਕੀਤੇ ਜਾਂਦੇ ਹਨ। ਇੱਥੇ ਹਰ ਸਾਲ 50 ਕਰੋੜ ਰੁਪਏ ਤੋਂ ਜ਼ਿਆਦਾ ਚੜ੍ਹਾਵਾ ਚੜ੍ਹਦਾ ਹੈ। ਗੁਰਦੁਆਰਿਆਂ ਅਤੇ ਮਾਤਾ ਦੇ ਮੰਦਰਾਂ ਵਿੱਚ ਵੀ ਹਰ ਸਾਲ ਭਗਤਜਨ ਕਰੋੜਾਂ ਰੁਪਏ ਚਾੜ੍ਹਦੇ ਹਨ ਕਿ ਉਹਨਾਂ ਦੀਆਂ ਸੁੱਖਣਾ ਪੂਰੀਆਂ ਹੋ ਜਾਣ।

ਭਾਰਤੀਆਂ ਦੀ ਮੂਰਖਤਾ ਅਤੇ ਜ਼ਹਾਲਤ ਕਈ ਕਲਾਬਾਜ਼ੀਆਂ ਨਾਲ ਰੰਗ ਦਿਖਾਉਂਦੀ ਹੈ। ਮੂਰਤੀਆਂ ਨੂੰ ਭੋਗ ਲੁਆਇਆ ਜਾਂਦਾ ਹੈ ਜਿਵੇਂ ਕਿ ਉਹ ਜੀਉਂਦੇ ਸਾਹ ਲੈਣ ਵਾਲੇ ਲਹੂ, ਹੱਡ ਮਾਸ ਦੇ ਬਣੇ ਹੋਣ। ਮੱਧ ਪ੍ਰਦੇਸ਼ ਦੇ ਜਾਮਸਾਵਰੀ ਵਿਖੇ ਭਗਵਾਨ ਹਨੂੰਮਾਨ ਦਾ ਮੰਦਰ ਹੈ। ਉਮਾ ਭਾਰਤੀ ਨੇ 16 ਅਪ੍ਰੈਲ 2003 ਨੂੰ ਭਗਵਾਨ ਹਨੂੰਮਾਨ ਨੂੰ ਕੇਕ ਖਿਲਾਉਣ ਦਾ ਡਰਾਮਾ ਕੀਤਾ।

ਰਾਜਸਥਾਨ ਦੇ ਸ਼ਹਿਰ ਜੋਧਪੁਰ ਦੇ ਲਾਗੇ ਕਰਨੀ ਮਾਤਾ ਦਾ ਮੰਦਰ ਹੈ। ਉੱਥੇ ਚੂਹਿਆਂ ਨੂੰ ਪਰਸ਼ਾਦ ਖੁਵਾ ਕੇ ਉਹਨਾਂ ਦੀ ਪੂਜਾ ਕੀਤੀ ਜਾਂਦੀ ਹੈ। ਪਟਿਆਲੇ ਵਿੱਚ ਕਾਲੀ ਦੇਵੀ ਦਾ ਮੰਦਰ ਹੈ। ਉੱਥੇ ਸ਼ਰਾਬ ਅਤੇ ਲੇਲਿਆਂ ਦਾ ਚੜ੍ਹਾਵਾ ਚਾੜ੍ਹ ਕੇ ਕਾਲੀ ਦੇਵੀ ਨੂੰ ਖੁਸ਼ ਕੀਤਾ ਜਾਂਦਾ ਹੈ। ਮੇਰੇ ਪਿੰਡ ਦੇ ਨਜ਼ਦੀਕ ਕਾਲਾਸੰਘਿਆ ਦੇ ਬਾਬਾ ਕਾਹਨ ਦਾਸ ਦੇ ਗੁਰਦੁਆਰੇ ਵਿਖੇ ਸ਼ਰਾਬ ਦਾ ਚੜ੍ਹਾਵਾ ਚਾੜ੍ਹਿਆ ਜਾਂਦਾ ਹੈ। ਭਾਰਤ ਵਿੱਚ ਹੋਰ ਵੀ ਬੜੇ ਐਹੋ ਜਿਹੇ ਧਾਰਮਿਕ ਸਥਾਨ ਹੋਣਗੇ ਜਿੱਥੇ ਮਾਸ ਅਤੇ ਨਸ਼ਿਆਂ ਦੀ ਵਰਤੋਂ ਕੀਤੀ ਜਾਂਦੀ ਹੈ।

ਗੁੱਗਾ ਪੂਜਣਾ ਤਾਂ ਪੰਜਾਬ ਵਿੱਚ ਅਜੇ ਤੱਕ ਪ੍ਰਚੱਲਤ ਹੈ ਜਿੱਥੇ ਨਾਗ ਦੇਵਤੇ ਨੂੰ ਕੱਚੀ ਲੱਸੀ ਅਤੇ ਦੁੱਧ ਪਾ ਕੇ ਖੁਸ਼ ਕੀਤਾ ਜਾਂਦਾ ਹੈ। ਗੁੱਗਾ ਪੂਜਣ ਵੇਲੇ ਸੇਵੀਆਂ ਦਾ ਪ੍ਰਸ਼ਾਦ ਵੀ ਦਿੱਤਾ ਜਾਂਦਾ ਹੈ। ਯੋਗੀ ਅਜੇ ਤੱਕ ਸੱਪ ਦਿਖਾ ਕੇ ਲੋਕਾਂ ਤੋਂ ਪੈਸੇ ਉਗਰਾਹ ਕੇ ਲੈ ਜਾਂਦੇ ਹਨ।

ਭਾਰਤ ਵਿੱਚ ਗੁਰਦੁਆਰਿਆਂ, ਮੰਦਰਾਂ, ਡੇਰਿਆਂ ਅਤੇ ਮਟੀਆਂ ਆਦਿ ਦੀ ਭਰਮਾਰ ਹੈ ਪਰ ਵਿੱਦਿਅਕ ਅਦਾਰਿਆਂ ਅਤੇ ਹਸਪਤਾਲਾਂ ਦੀ ਘਾਟ ਹੈ। ਭਾਰਤ ਦੀ ਜਨਗਣਨਾ ਦੀ ਰਿਪੋਰਟ 2002 ਮੁਤਾਬਕ ਭਾਰਤ ਵਿੱਚ 24 ਲੱਖ ਧਾਰਮਿਕ ਅਸਥਾਨ ਹਨ। ਡੇਰਿਆਂ, ਮਟੀਆਂ ਅਤੇ ਹੋਰ 'ਮਨੌਤੀ ਥਾਵਾਂ' ਦੀ ਗਿਣਤੀ ਇਸ ਤੋਂ ਘੱਟੋ ਘੱਟ ਦੁੱਗਣੀ ਹੋਵੇਗੀ ਪਰ ਜਦ ਹਸਪਤਾਲਾਂ ਵੱਲ ਨਿਗ੍ਹਾ ਮਾਰੀ ਜਾਵੇ ਤਾਂ ਉਹਨਾਂ ਦੀ ਗਿਣਤੀ ਸਿਰਫ 6 ਲੱਖ ਦੇ ਕਰੀਬ ਹੈ ਅਤੇ ਵਿੱਦਿਅਕ ਅਦਾਰਿਆਂ ਦੀ ਗਿਣਤੀ ਤਕਰੀਬਨ 15 ਲੱਖ। ਸਿਆਸਤ ਇੰਨੀ ਜ਼ਿਆਦਾ ਗੰਧਲੀ ਹੋ ਗਈ ਹੈ ਕਿ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ 'ਵੋਟਬੈਂਕ' ਵਜੋਂ ਵਰਤਿਆ ਜਾ ਰਿਹਾ ਹੈ। ਧਾਰਮਿਕ ਭਾਵਨਾਵਾਂ ਨੂੰ ਫਿਰਕੂ ਰੰਗਤ ਦੇ ਕੇ ਆਪਣੇ ਫਾਇਦੇ ਲਈ ਦੰਗੇ ਫਸਾਦ ਕਰਾ ਕੇ ਲੋਕਾਂ ਵਿੱਚ ਨਫ਼ਰਤ ਵਧਾਈ ਜਾਂਦੀ ਹੈ। ਇਸੇ ਕਰਕੇ ਫਿਰਕਾਪਣ ਅਤੇ ਧਾਰਮਿਕ ਜਨੂੰਨ ਭਾਰਤ ਵਿੱਚ ਵਧ ਰਿਹਾ ਹੈ। ਨਲਾਇਕ ਲੀਡਰ ਇਸ ਕਾਨੂੰਨ ਦੀ ਵਕਾਲਤ ਕਰਦੇ ਹਨ ਕਿ ਸਾਧੂਆਂ, ਸੰਤਾਂ, ਤਾਂਤਰਿਕਾਂ ਅਤੇ ਪੀਰਾਂ ਆਦਿ ਉੱਪਰ ਕਤਲ, ਬਦਮਾਸ਼ੀ, ਠੱਗੀ ਅਤੇ ਬਲਾਤਕਾਰ ਦੇ ਕੇਸ ਦਰਜ ਨਾ ਕੀਤੇ ਜਾਣ ਅਤੇ ਉਹਨਾਂ

ਨੂੰ ਕਾਨੂੰਨੀ ਛੋਟ ਦਿੱਤੀ ਜਾਣੀ ਚਾਹੀਦੀ ਹੈ। ਜਦੋਂ ਕਿ ਇਹਨਾਂ ਸਾਧੜਿਆਂ ਦੀਆਂ ਬਦਮਾਸ਼ੀਆਂ ਅਤੇ ਠੱਗੀਆਂ ਆਏ ਦਿਨ ਅਖਬਾਰਾਂ ਦੀਆਂ ਖ਼ਬਰਾਂ ਬਣਦੀਆਂ ਹਨ।

ਧਰਮ ਅਤੇ ਧਾਰਮਿਕ ਦਸਤਾਵੇਜ਼ਾਂ ਬਾਰੇ ਕਿੰਤੂ-ਪ੍ਰੰਤੂ ਤੋਂ ਅਸੀਂ ਭਾਰਤੀ ਲੋਕ ਸੈਂਕੜੇ ਵਰ੍ਹੇ ਪਿੱਛੇ ਹਾਂ। ਇਹਨਾਂ ਦੀ ਸਾਨੂੰ ਪੁਣਛਾਣ ਅਤੇ ਤਰਕ ਦੀ ਕਸਵੱਟੀ 'ਤੇ ਪਰਖਣ ਦਾ ਮਾਹੌਲ ਹੀ ਨਹੀਂ ਦਿੱਤਾ ਜਾਂਦਾ। ਇਹਨਾਂ 'ਤੇ ਪ੍ਰਸ਼ਨ ਚਿੰਨ੍ਹ ਲਾਉਣ ਨਾਲ ਇਨ੍ਹਾਂ ਭਗਤਾਂ ਦਾ ਧਰਮ ਖ਼ਤਰੇ ਵਿੱਚ ਪੈ ਜਾਂਦਾ ਹੈ, ਅਤੇ ਉਹਦੀ ਬੇਇੱਜ਼ਤੀ ਹੋ ਜਾਂਦੀ ਹੈ। ਅਸੀਂ ਸੱਚ ਨੂੰ ਮੰਨਣ ਲਈ ਅਜੇ ਤਿਆਰ ਨਹੀਂ ਹਾਂ ਅਤੇ ਸੱਚ ਬੋਲਣ ਵਾਲਿਆਂ ਦੇ ਖਿਲਾਫ ਫਤਵੇ ਜਾਰੀ ਕਰ ਦਿੰਦੇ ਹਾਂ।

ਜਨਵਰੀ 2001 ਨੂੰ ਕੋਲਕਾਤਾ ਵਿਚ ਭਾਰਤੀ ਕਾਂਗਰਸ ਦੇ ਇਤਿਹਾਸ ਦੇ ਫੰਕਸ਼ਨ ਸਮੇਂ ਡਾਕਟਰ ਅਮਰਤਿਆ ਸੇਨ ਨੋਬਲ ਪੁਰਸਕਾਰ ਜੇਤੂ ਤੋਂ ਉਦਘਾਟਨ ਕਰਵਾਇਆ ਗਿਆ। ਉਹਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਰਮਾਇਣ ਅਤੇ ਮਹਾਂਭਾਰਤ ਮਿਥਿਹਾਸਕ ਦਸਤਾਵੇਜ਼ ਹਨ ਅਤੇ ਇਹਨਾਂ ਨੂੰ ਇਤਿਹਾਸਕ ਦਸਤਾਵੇਜ਼ ਵਜੋਂ ਪ੍ਰਮਾਣਿਕ ਨਹੀਂ ਮੰਨਿਆ ਜਾ ਸਕਦਾ। ਪਰ ਕੀ ਅਸੀਂ ਆਪਣੀ ਪੜ੍ਹਾਈ ਦੇ ਸਲੇਬਸਾਂ ਵਿੱਚ ਇਹਨਾਂ ਧਾਰਮਿਕ ਵਿਸ਼ਿਆਂ ਬਾਰੇ ਆਲੋਚਨਾਤਮਿਕ ਪੜਚੋਲ ਕਰਨ ਦੀ ਆਗਿਆ ਦਿੰਦੇ ਹਾਂ?

ਕੰਪਿਊਟਰ ਅਤੇ ਟੀ.ਵੀ. ਵਰਗੇ ਮਾਧਿਅਮ ਦੇ ਜਿੱਥੇ ਹਾਂ ਪੱਖੀ ਗੁਣ ਹਨ, ਉਥੇ ਦੂਜੇ ਪਾਸੇ ਨਾਂਹਪੱਖੀ ਗੁਣਾਂ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਅੱਜ ਕੱਲ੍ਹ ਕਈ ਚੈਨਲ ਐਹੋ ਜਿਹੇ ਹਨ ਜੋ ਦਿਨ ਰਾਤ ਭਗਤੀ ਦਾ ਹੀ ਪ੍ਰਚਾਰ ਕਰੀ ਜਾ ਰਹੇ ਹਨ। ਇਸ ਨਾਲ ਲੋਕਾਂ ਦਾ ਅੰਧਵਿਸ਼ਵਾਸ ਹੋਰ ਪੱਕਾ ਹੋਈ ਜਾ ਰਿਹਾ ਹੈ ਅਤੇ ਉਹਨਾਂ ਵਿੱਚ ਕਿੰਤੂ ਪ੍ਰੰਤੂ ਕਰਨ ਦਾ ਮਾਦਾ ਖਤਮ ਹੁੰਦਾ ਜਾ ਰਿਹਾ ਹੈ। ਚਾਹੀਦਾ ਤਾਂ ਇਹ ਹੈ ਕਿ ਧਰਮ ਦੀ ਹਾਂ ਅਤੇ ਨਾਂਹ ਪੱਖੀ ਦੇਣ ਬਾਰੇ ਵਿਦਵਾਨਾਂ ਤੋਂ ਟੀ.ਵੀ. ਉੱਪਰ ਸਾਰਥਿਕ ਬਹਿਸ ਕਰਾਈ ਜਾਵੇ; ਵਿਗਿਆਨਕ ਨਜ਼ਰੀਏ ਤੋਂ ਪਰਖਿਆ ਜਾਵੇ ਅਤੇ ਧਰਮ ਦੀ ਅੱਜ ਦੇ ਦੌਰ ਵਿੱਚ ਮਹੱਤਤਾ ਨੂੰ ਸਾਰਿਆਂ ਪਾਸਿਆਂ ਤੋਂ ਦੇਖਿਆ ਜਾਵੇ। ਇਹ ਕੰਮ ਤਾਂ ਹੀ ਹੋ ਸਕਦਾ ਹੈ ਜੇਕਰ ਸਰਕਾਰਾਂ ਸੁਹਿਰਦਤਾ ਨਾਲ ਲੋਕਾਂ ਦੇ ਭਲੇ ਲਈ ਸੋਚਣ ਤਾਂ ਕਿ ਉਹ ਵਧੀਆ ਜੀਵਨ ਬਤੀਤ ਕਰ ਸਕਣ। ਇਹ ਵੀ ਸੋਚਣ ਵਾਲੀ ਗੱਲ ਹੈ ਕਿ ਅਸੀਂ ਧਾਰਮਿਕ ਰੀਤੀ ਰਿਵਾਜ਼ਾਂ ਅਤੇ ਲੱਖਾਂ ਦੀ ਤਾਦਾਦ ਵਿੱਚ ਤੁਰੇ ਫਿਰਦੇ ਸਾਧਾਂ ਉੱਪਰ ਕਿੰਨਾ ਸਮਾਂ ਅਤੇ ਪੈਸਾ ਬਰਬਾਦ ਕਰਦੇ ਹਾਂ।

# ਏਸ਼ੀਅਨ ਔਰਤਾਂ ਅਤੇ ਮਾਨਸਿਕ ਰੋਗ

ਉਦਾਸੀ ਨੂੰ ਮਾਨਸਿਕ ਸਿਹਤ ਨਾਲ ਜੋੜਿਆ ਜਾਂਦਾ ਹੈ ਅਤੇ ਇਸੇ ਕਰਕੇ ਘੋਰ-ਉਦਾਸੀ ਦੀ ਹਾਲਤ ਮਾਨਸਿਕ ਰੋਗ ਬਣ ਜਾਂਦੀ ਹੈ ਤੇ ਫਿਰ ਇਸ ਹਾਲਤ ਵਿਚ ਡਾਕਟਰੀ ਸਹਾਇਤਾ ਦੀ ਲੋੜ ਪੈਂਦੀ ਹੈ। ਭਾਰਤ ਵਰਗੇ ਪੱਛੜੇ ਅਤੇ ਪਿਛਾਂਹ ਖਿੱਚੂ ਸੱਭਿਆਚਾਰ ਵਾਲੇ ਮੁਲਕ ਵਿਚ ਮਾਨਸਿਕ ਰੋਗ ਹੋਣਾ ਇਕ ਬਹੁਤ ਵੱਡਾ ਸਰਾਪ ਹੈ। ਕਈ ਪੜ੍ਹੇ ਲਿਖੇ, ਅਧਪੜ੍ਹੇ ਅਤੇ ਅਨਪੜ੍ਹ ਲੋਕ ਸਾਧਾਂ, ਬਾਬਿਆਂ ਦੇ ਢੈਹੇ ਚੜ੍ਹ ਜਾਂਦੇ ਹਨ ਅਤੇ ਆਪਣੀ ਆਰਥਿਕਤਾ ਦਾ ਤਾਂ ਝੁੱਗਾ ਚੌੜ ਕਰਵਾਉਂਦੇ ਹੀ ਹਨ ਸਗੋਂ ਸਰੀਰਕ ਅਤੇ ਕਈ ਕੇਸਾਂ ਵਿਚ ਕਾਮਿਕ ਸ਼ੋਸ਼ਣ ਵੀ ਕਰਾਉਂਦੇ ਹਨ। ਨਿਪੁੰਸਕ ਸਰਕਾਰਾਂ ਅਤੇ ਲੋਕਾਂ ਦੇ ਅਖੌਤੀ ਚੌਧਰੀ ਇਸ ਕੁਕਰਮ ਨੂੰ ਅੱਖਾਂ ਤੇ ਕਾਲੀ ਪੱਟੀ ਬੰਨ੍ਹ ਕੇ ਹਊ ਪਰ੍ਹੇ ਕਰ ਦਿੰਦੇ ਹਨ।

ਦੇਖਿਆ ਜਾਵੇ ਤਾਂ ਇਸ ਸਾਰੇ ਸ਼ੋਸ਼ਣ ਦੀਆਂ ਜੜ੍ਹਾਂ ਧਰਮਾਂ ਨਾਲ ਜੁੜੀਆਂ ਹੋਈਆਂ ਹਨ ਅਤੇ ਇਸ ਕਰਕੇ ਲੋਕ ਧਰਮ ਦੇ ਏਜੰਟਾਂ ਤੋਂ ਆਪਣੀ ਖੱਜਲ ਖੁਆਰੀ ਕਰਾਉਂਦੇ ਚੂੰ ਤੱਕ ਨਹੀਂ ਕਰਦੇ। ਸਕੂਲ, ਕਾਲਜ਼, ਯੂਨੀਵਰਸਿਟੀ ਦੀਆਂ ਟੋਕਰਾ ਜਮਾਤਾਂ ਨਾਲ ਲੱਦੇ ਹੋਏ ਲੋਕ ਵੀ ਇਸ ਕੁੱਕੜਖੇਹ ਵਿਚ ਉਨ੍ਹੇ ਹੀ ਭਾਗੀਦਾਰ ਹਨ ਜਿੰਨ੍ਹੇ ਇਹਨਾਂ "ਟੋਕਰਾ ਜਮਾਤਾਂ" ਤੋਂ ਸੱਖਣੇ।

ਭਾਰਤੀ ਸੱਭਿਆਚਾਰ ਜਗੀਰਦਾਰੀ ਕਦਰਾਂ ਕੀਮਤਾਂ ਨਾਲ ਆਫਰਿਆ ਹੋਣ ਕਰਕੇ ਤਰਕ ਤੋਂ ਕੋਹਾਂ ਦੂਰ ਭੱਜਦਾ ਹੈ ਅਤੇ ਬਹੁਤੇ ਲੋਕਾਂ ਦੇ ਦਿਮਾਗ ਅਖੌਤੀ "ਕਰਤਾਰੀ ਸ਼ਕਤੀ" ਤੋਂ ਡਰੇ ਹੋਏ ਸਾਰੀ ਉਮਰ ਹੰਢਾ ਦਿੰਦੇ ਹਨ ਅਤੇ ਇਸ "ਕੂੜ-ਸਿਧਾਂਤ" ਨੂੰ ਅਗਾਂਹ ਤੋਂ ਅਗਾਂਹ ਬੱਚਿਆਂ ਰਾਹੀਂ ਤੋਰਦੇ ਰਹਿੰਦੇ ਹਨ। ਅਜੋਕੀ ਵਿਦਿਆ ਪ੍ਰਣਾਲੀ ਇਸ ਸਾਰੇ ਭੰਬਲਭੂਸੇ ਤੇ ਕੋਈ ਪ੍ਰਸ਼ਨ ਚਿੰਨ ਨਹੀਂ ਲਾਉਂਦੀ। ਇਹ ਦਾ ਨਤੀਜਾ ਇਹ ਨਿਕਲਦਾ ਹੈ ਕਿ ਧਰਮ ਦੀਆਂ ਥਾਂ-ਥਾਂ ਕਈ ਪ੍ਰਕਾਰ ਦੀਆਂ ਮੰਡੀਆਂ ਸਥਾਪਤ ਹੋ ਗਈਆਂ ਹਨ ਅਤੇ ਵਿਹਲੜਾਂ ਦੀਆਂ ਧਾੜਾਂ ਵਿੱਚ ਬੇਸ਼ੁਮਾਰ ਵਾਧਾ ਹੋ ਗਿਆ ਹੈ। ਐਹੋ ਜਿਹੇ ਪੇਂਦ ਚੜ੍ਹੇ ਸੱਭਿਆਚਾਰ ਨੂੰ ਲੈ ਕੇ ਜਦ ਕੁੱਝ ਭਾਰਤੀ, ਪੱਛਮੀ ਮੁਲਕਾਂ ਵਿਚ ਆਉਂਦੇ ਹਨ ਤਾਂ ਆਪਣੀਆਂ ਨਲਾਇਕੀਆਂ ਦਾ ਜਲੂਸ ਕੱਢਦੇ ਹਨ। ਪੱਛਮੀ ਮੁਲਕਾਂ ਵਿਚ ਵੀ ਇਸ ਕਰਕੇ ਬਾਬੇ, ਸਾਧਾਂ ਦੇ ਤੋਰੀ ਫੁੱਲਕੇ ਬੜੀ ਟੌਹਰ ਨਾਲ ਚੱਲ ਰਹੇ ਹਨ। ਇਹ ਆਪਣੀ ਇਸ਼ਤਿਹਾਰਬਾਜ਼ੀ ਸਿਰਫ ਦੇਸ਼ੀ ਜ਼ੁਬਾਨਾਂ ਦੇ ਅਖਬਾਰਾਂ, ਪਰਚਿਆਂ ਵਿਚ ਹੀ ਨਹੀਂ ਕਰਦੇ ਸਗੋਂ ਅੰਗਰੇਜ਼ੀ ਅਖਬਾਰਾਂ, ਰੇਡੀਓ ਅਤੇ ਟੀ. ਵੀ. ਤੇ ਵੀ ਦਾਅਵਾ ਕਰਦੇ ਹਨ। ਇਹਨਾਂ ਦੀ ਅਤੇ ਇਹਨਾਂ ਦੇ ਦਾਅਵਿਆਂ ਦੀ ਕਾਨੂੰਨੀ ਹਮਾਇਤ ਹੋਣ ਤੇ ਹੁਣ ਕਚਹਿਰੀਆਂ ਵਿਚ ਖਿਚਾਈ ਕੀਤੀ ਜਾ ਸਕਦੀ ਹੈ।

ਭਾਵੇਂ ਬਰਤਾਨੀਆਂ ਦੀ 'ਏਸ਼ੀਅਨ ਰੈਸ਼ਨਲਿਸਟ ਸੁਸਾਇਟੀ ਨੇ "ਰੇਡੀਓ ਫਾਇਵ ਲਾਈਵ" ਤੇ ਅੱਧੇ ਘੰਟੇ ਦੀ ਡਾਕੂਮੈਂਟਰੀ ਬਣਵਾ ਕੇ ਵੀ ਨਸ਼ਰ ਕੀਤੀ ਸੀ ਅਤੇ ਬਾਬਿਆਂ, ਸਾਧਾਂ, ਪੀਰਾਂ ਨੂੰ ਲਲਕਾਰਿਆਂ ਸੀ। ਸਥਾਨਿਕ ਕਾਂਉਸਲਰਾਂ ਅਤੇ ਪਾਰਲੀਮੈਂਟ ਦੇ ਮੈਂਬਰਾਂ ਨੇ ਕੁੱਝ ਨਹੀਂ ਕੀਤਾ। ਹੋਰ ਤਾਂ ਹੋਰ ਹੋਮ ਆਫਿਸ ਨੂੰ ਪਾਈ

ਚਿੱਠੀ ਦਾ ਜੁਆਬ ਵੀ ਇਹ ਆਇਆ ਕਿ "ਸਾਨੂੰ ਤਾਂ ਪਤਾ ਈ ਨਹੀਂ ਕਿ ਏਸ਼ੀਆਈਆਂ ਵਿਚ ਕੋਈ ਐਹੋ ਜਿਹੀ ਸਮੱਸਿਆ ਵੀ ਹੈ ਜਿਹਦੇ ਇਹ ਸਾਧ ਬਾਬੇ ਭਾਗੀਦਾਰ ਹਨ।" ਭਾਰਤ ਅਤੇ ਬਰਤਾਨੀਆਂ 'ਚ ਇਹਨਾਂ ਪਾਖੰਡੀਆਂ ਦੇ ਮਗਰ ਜ਼ਿਆਦਾ ਕਰਕੇ ਔਰਤਾਂ ਹੀ ਲੱਗਦੀਆਂ ਹਨ। ਸਚਾਈ ਤਾਂ ਇਹ ਵੀ ਹੈ ਕਿ ਮੁਟਿਆਰਾਂ ਵਿਚ ਮਾਨਸਿਕ ਬਿਮਾਰੀ ਨੇ ਉਹਨਾਂ ਨੂੰ ਆਤਮ ਹੱਤਿਆ ਤੱਕ ਅਪੜਾ ਦਿੱਤਾ ਹੈ ਅਤੇ ਆਤਮ-ਹੱਤਿਆ ਦੀ ਦਰ ਏਸ਼ੀਅਨ ਮੁਟਿਆਰਾਂ (16 ਤੋਂ 24 ਸਾਲ ਦੀ ਉਮਰ) 'ਚ ਸਭ ਤੋਂ ਉੱਪਰ ਹੈ।

ਏਸ਼ੀਆਈ ਔਰਤਾਂ ਦੀਆਂ ਮਾਨਸਿਕ ਸਮੱਸਿਆਵਾਂ ਦੀ ਜਦ ਚੀਰਫਾੜ ਕੀਤੀ ਜਾਂਦੀ ਹੈ ਤਾਂ ਪਿਛਾਂਹ ਖਿੱਚੂ ਸੱਭਿਆਚਾਰ ਦੀਆਂ ਕਦਰਾਂ ਕੀਮਤਾਂ ਅਹਿਮ ਰੋਲ ਨਿਭਾਉਂਦੀਆਂ ਹਨ। ਮੁੰਡਿਆਂ ਨਾਲੋਂ ਕੁੜੀਆਂ ਘਟੀਆਂ ਸਮਝਣਾ, ਜੋ ਕਿ ਕੁੜੀ ਦੇ ਜੰਮਣਸਾਰ ਹੀ ਸ਼ੁਰੂ ਹੋ ਜਾਂਦਾ ਹੈ ਭਾਵੇਂ ਕਿ ਦਿਖਾਵੇਬਾਜ਼ੀ ਕਰਕੇ ਹੁਣ ਕੁੱਝ ਕੁ ਕੁੜੀਆਂ ਦੇ ਜਨਮ ਦਿਨ ਮਨਾਉਣ ਦਾ ਰਿਵਾਜ਼ ਚੱਲ ਪਿਆ ਹੈ, ਪਰ ਫਿਰ ਵੀ ਕੁੜੀ ਜੰਮਣ ਤੇ ਸਹੀ ਮਾਅਨਿਆਂ ਵਿਚ ਤਨੋਮਨੋ ਅੱਜ ਵੀ ਖੁਸ਼ੀ ਨਹੀਂ ਮਹਿਸੂਸ ਕੀਤੀ ਜਾਂਦੀ। ਲੱਡੂ ਵੰਡਣਾ ਪਾਰਟੀਆਂ ਕਰਨੀਆਂ ਅੱਜ ਆਮ ਰਿਵਾਜ਼ ਨਹੀਂ ਬਣਿਆ ਅਤੇ ਸ਼ਾਇਦ ਇਸ ਪੌੜੀ ਤੇ ਚੜ੍ਹਣ ਲਈ ਸਾਨੂੰ ਅਜੇ ਕਾਫੀ ਲੰਬਾ ਸਫਰ ਕਰਨਾ ਪਵੇ।

ਕੁੜੀਆਂ ਨੂੰ ਭਾਵੇਂ ਸਕੂਲਾਂ ਵਿਚ ਪੜ੍ਹਨ ਲਈ ਭੇਜਿਆ ਜਾਂਦਾ ਹੈ ਪਰ ਕੋਸ਼ਿਸ਼ ਇਹ ਹੀ ਰਹਿੰਦੀ ਹੈ ਕਿ ਅਗਰ ਇੱਕਲਾ ਕੁੜੀਆਂ ਦਾ ਹੀ ਸਕੂਲ ਮਿਲ ਜਾਵੇ ਤਾਂ ਚੰਗਾ ਹੈ। ਹਾਈ ਸਕੂਲ ਵਿਚ ਜਾਣ ਤੇ ਕੁੜੀ ਤੇ ਖਾਸ ਨਿਗ੍ਹਾ ਰੱਖੀ ਜਾਂਦੀ ਹੈ ਕਿ ਉਹ ਕਿਹੋ ਜਿਹੇ ਕੱਪੜੇ ਪਾਉਂਦੀ ਹੈ। ਸਕੂਲ ਦੇ ਦੁਪਿਹਰ ਦੇ ਖਾਣੇ ਤੇ ਕਿਥੇ ਜਾਂਦੀ ਹੈ ਸਕੂਲ ਤੋਂ ਘਰ ਕਦ ਪਹੁੰਚਦੀ ਹੈ। ਉਹਦੀਆਂ ਸਹੇਲੀਆਂ ਕਿਹੜੀਆਂ ਕਿਹੜੀਆਂ ਹਨ, ਕਿਤੇ ਉਹਨਾਂ ਕੁੜੀਆਂ ਦੇ ਘਰ ਭਰਾ ਤਾਂ ਨਹੀਂ ਹਨ। ਸ਼ਾਮ ਨੂੰ ਬਾਹਰ ਜਾਣ ਜਾਂ ਕਿਸੇ ਦੇ ਘਰ ਜਾਂ ਪਾਰਟੀਆਂ ਤੇ ਜਾਣ ਦੀ ਪਾਬੰਦੀ ਲਾਈ ਜਾਂਦੀ ਹੈ। ਸਿਨਮਾ, ਥੀਏਟਰ ਜਾਂ ਕਿਸੇ ਹੋਰ ਮਨੋਰੰਜਨ ਵਾਲੀ ਥਾਂ ਵੀ ਉਹ ਨਹੀਂ ਜਾ ਸਕਦੀ। ਇਹਨਾਂ ਸਭ ਗੱਲਾਂ ਨੂੰ ਭਾਵੇਂ ਸਾਰੇ ਸੰਦਰਭ ਵਿਚ ਦੇਖਣ ਦੀ ਲੋੜ ਹੈ ਪਰ ਕਾਕਾ ਜੀ ਖੁੱਲ੍ਹੀਆਂ ਉਡਾਰੀਆਂ ਮਾਰਦਾ ਹੈ।

ਉਹਦੇ ਤੇ ਬੜੀ ਘੱਟ ਰੋਕ ਟੋਕ ਲਾਈ ਜਾਂਦੀ ਹੈ। ਦਾਰੂ ਬੱਤਾ, ਸਿਗਰਟ ਅਤੇ ਅਫੀਮ ਚਰਸ ਦੇ ਸੂਟਿਆਂ ਤੇ ਵੀ ਘੱਟ ਪਾਬੰਦੀ ਲਗਦੀ ਹੈ। ਕੁੜੀ ਲਈ ਤਾਂ ਇਹ ਸਭ ਕੁਝ ਵੀ ਵਰਜ਼ਿਤ ਹੈ। ਕਈ ਕੇਸਾਂ ਵਿਚ ਹਾਈ ਸਕੂਲ ਤੋਂ ਅਗਾਂਹ ਪੜ੍ਹਨ ਲਈ ਕੁੜੀ ਨੂੰ ਕਈ ਸ਼ਰਤਾਂ ਵਿਚੋਂ ਪਾਸ ਹੋਣਾ ਪੈਂਦਾ ਹੈ। ਮੰਨੀਆਂ ਸ਼ਰਤਾਂ ਦੀ ਵੀ ਤਣੀ ਕਸੀ ਰਹਿੰਦੀ ਹੈ ਅਤੇ ਅਗਰ ਕਿਤੇ ਵੀ ਕਾਣ ਆਈ ਤਾਂ ਕੁੜੀ ਨੂੰ ਜਾਂ ਤਾਂ ਘਰ ਬੈਠਾ ਲਿਆ ਜਾਂਦਾ ਹੈ ਅਤੇ ਜਾਂ ਫਿਰ ਨਿਗਰਾਨੀ ਹੇਠ ਕਿਤੇ ਕੰਮ ਤੇ ਲਵਾ ਦਿੱਤਾ ਜਾਂਦਾ ਹੈ।

ਇਹਨਾਂ ਸਾਰੀਆਂ ਗੱਲਾਂ ਦਾ ਮਾਨਸਿਕ ਸਿਹਤ ਨਾਲ ਸਿੱਧਾ ਸਬੰਧ ਹੈ। ਲੜਕੀ ਦਾ ਐਹੋ ਜਿਹੇ ਹਾਲਾਤ ਵਿਚ ਉਦਾਸ ਹੋਣਾ ਕੁਦਰਤੀ ਹੈ। ਲੜਕੀ ਦੇ ਸਿਰ ਉਤਾਂਹ ਚੁੱਕਣ ਤੇ ਮਾਰ ਕੁਟਾਈ ਤੱਕ ਵੀ ਨੌਬਤ ਆ ਜਾਂਦੀ ਹੈ। ਮਾਰ ਕੁਟਾਈ ਵਿਆਹੀਆਂ ਔਰਤਾਂ ਵੀ ਸਹਾਰਦੀਆਂ ਹਨ। ਬਰਤਾਨੀਆਂ ਵਿਚ 2003 ਦੇ ਅੰਕੜਿਆਂ

ਮੁਤਾਬਕ ਹਰ ਸਾਲ 120 ਔਰਤਾਂ ਦਾ ਕਤਲ ਘਰ ਮਾਰ ਕੁਟਾਈ ਕਰਕੇ ਹੋ ਜਾਂਦਾ ਹੈ ਅਤੇ 30 ਆਦਮੀ ਵੀ ਇਸ ਮਾਰਕੁਟਾਈ ਨਾਲ ਕਤਲ ਕਰ ਦਿੱਤੇ ਜਾਂਦੇ ਹਨ। ਇਹਨਾਂ ਵਿਚੋਂ ਭਾਰਤੀ, ਪਾਕਿਸਤਾਨੀ ਜਾਂ ਬੰਗਲਾਦੇਸ਼ੀ ਕਿਨ੍ਹੇ ਹਨ, ਇਸ ਬਾਰੇ ਅਜੇ ਨਿਰਣਾ ਕਰਨਾ ਬਾਕੀ ਹੈ। ਘਰ ਮਾਰਕੁਟਾਈ ਵਿਚ ਔਰਤਾਂ ਕਈ ਤਰ੍ਹਾਂ ਦੁੱਖ ਭੋਗਦੀਆਂ ਹਨ।

ਉਹ ਘਰ ਦੀ "ਝੂਠੀ ਇਜ਼ਤ" ਅਤੇ ਆਪਣੇ "ਮਾਪਿਆਂ ਦੀ ਇਜ਼ਤ" ਦੇ ਨਾਂ ਹੇਠ ਕੁੱਟ ਖਾਂਦੀਆਂ ਰਹਿੰਦੀਆਂ ਹਨ ਅਤੇ ਕਿਸੇ ਕੋਲ ਬਾਹਰ ਗੱਲ ਨਹੀਂ ਕਰਦੀਆਂ। ਕਈ ਔਰਤਾਂ ਨੂੰ ਇਸ ਬਾਰੇ ਜਾਣਕਾਰੀ ਨਹੀਂ ਹੈ ਕਿ ਉਹ ਸਰਕਾਰੀ ਜਾਂ ਗੈਰਸਰਕਾਰੀ ਸੰਸਥਾਵਾਂ ਜਾਂ ਪੁਲੀਸ ਨਾਲ ਸੰਪਰਕ ਕਰਕੇ ਸਹਾਇਤਾ ਲੈ ਸਕਦੀਆਂ ਹਨ। ਕਈ ਔਰਤਾਂ ਇਸ ਕਰਕੇ ਵੀ ਸੰਪਰਕ ਨਹੀਂ ਕਰਦੀਆਂ ਕਿ ਉਹਨਾਂ ਨੂੰ ਅੰਗਰੇਜ਼ੀ ਜੁਬਾਨ ਦੀ ਮੁਹਾਰਤ ਨਹੀਂ ਹੈ। ਪਰਿਵਾਰ ਦੇ ਟੁੱਟਣ ਅਤੇ ਬੱਚਿਆਂ ਦੀ ਖੱਜਲ ਖੁਆਰੀ ਦਾ ਡਰ ਵੀ ਉਹਨਾਂ ਨੂੰ ਘਰੋਂ ਬਾਹਰ ਕਦਮ ਪੁੱਟਣ ਤੋਂ ਵਰਜਦਾ ਹੈ। ਧਰਮ ਦੀ ਰੰਗਤ ਵੀ ਉਹਨਾਂ ਨੂੰ ਸਬਰ ਕਰਨ ਲਈ ਮਜ਼ਬੂਰ ਕਰਦੀ ਹੈ ਕਿ "ਮੇਰੀ ਤਾਂ ਕਿਸਮਤ ਈ ਐਸੀ ਹੈ, ਸੋ ਕਰਮਾਂ ਦਾ ਫਲ ਤਾਂ ਭੁਗਤਣਾ ਹੀ ਪਵੇਗਾ।" ਸਾਧ ਬਾਬਿਆਂ ਦੇ ਚੁੰਗਲ ਵਿਚ ਫਸਣ ਦਾ ਇਹ ਵੀ ਕਾਰਨ ਹੈ ਕਿ ਉਹਨਾਂ ਨੂੰ ਐਹੋ ਜਿਹੇ ਹਾਲਾਤ ਵਿਚ ਆਸ ਦੀ ਕੋਈ ਕਿਰਨ ਨਹੀਂ ਨਜ਼ਰ ਆਂਉਦੀ ਅਤੇ ਬਾਬੇ ਉਹਨਾਂ ਨੂੰ ਮਿਕਨਾਤੀਸੀ ਝੱਫਾ ਮਾਰਦੇ ਹਨ।

ਲੋਟੂ, ਧੋਖੇਬਾਜ਼ ਸਾਧਾਂ ਦੇ ਜੰਜਾਲ ਵਿਚ ਫਸਣ ਤੇ ਉਹ "ਵਿਚਾਰੀਆਂ ਔਰਤਾਂ" ਕਿਉਕ "ਸੈਂਡ" "Quick Sand" ਵਿਚ ਬਸ ਫਿਰ ਥੱਲੇ ਹੀ ਥੱਲੇ ਧੱਸਦੀਆਂ ਜਾਂਦੀਆਂ ਹਨ। ਘੋਰ ਉਦਾਸੀ ਦੀ ਹਾਲਤ ਵਿਚ ਜਦ ਕੇਸ ਸੋਸ਼ਲ ਸਰਵਿਸਜ਼ ਵਰਗੇ ਅਦਾਰਿਆਂ ਦੇ ਬਸ ਪੈ ਜਾਂਦਾ ਹੈ ਤਾਂ ਉਥੇ ਵੀ ਉਹਨਾਂ ਦੇ ਦੁੱਖਾਂ ਵਿਚ ਵਾਧਾ ਹੀ ਹੁੰਦਾ ਹੈ। ਗੋਰੇ ਡਾਕਟਰਾਂ, ਸੋਸ਼ਲਵਰਕਰਾਂ ਅਤੇ ਗੋਰੇ ਕਾਮਿਆਂ ਨੂੰ ਬੋਲੀ ਦੀ ਦਿੱਕਤ ਤੋਂ ਬਿਨਾਂ "ਪਿਛਾਂਹ ਖਿੱਚੂ ਜਗੀਰੂ ਕਦਰਾਂ ਕੀਮਤਾਂ" ਵਾਲੇ ਸੱਭਿਆਚਾਰ ਦੀਆਂ ਤੰਦਾਂ ਦੀ ਸਮਝ ਨਹੀਂ ਲਗਦੀ ਅਤੇ ਉਹ ਆਪਣੀ ਸਮਝ ਮੁਤਾਬਕ ਬਸ ਬੁੱਤਾ ਜੇਹਾ ਲਾਈ ਜਾਂਦੇ ਹਨ। ਮਰੀਜ਼ ਦੀ ਹਾਲਤ ਵਿਚ ਕੋਈ ਸੁਧਾਰ ਨਹੀਂ ਆਉਂਦਾ। ਮਰੀਜ਼ ਨੂੰ ਕਾਉਸਲਿੰਗ ਜਾਂ "ਢਾਰਸ ਦੁਆਊ ਗਰੁੱਪਾਂ" ਵਿਚ ਭੇਜਣ ਦੀ ਬਜਾਏ ਤੇਜ਼ ਤਰਾਰ ਦੁਆਈਆਂ ਦਿੱਤੀਆਂ ਜਾਂਦੀਆਂ ਹਨ। ਜਦੋਂ ਕਿ ਐਹੋ ਜੇਹੇ ਗੋਰੇ ਮਰੀਜ਼ਾਂ ਨੂੰ ਇਹਨਾਂ ਦੁਆਈਆਂ ਜਾਂ ਬਿਜਲੀ ਦੇ ਕਰੰਟ ਲਗਾਉਣ ਦਾ ਸੁਆਲ ਹੀ ਨਹੀਂ ਉਠਾਇਆ ਜਾਂਦਾ।

ਗੱਲ ਇਥੇ ਹੀ ਖ਼ਤਮ ਨਹੀਂ ਹੋ ਜਾਂਦੀ, ਅਗਰ ਕੋਈ ਦੇਸੀ ਸੋਸ਼ਲਵਰਕਰ ਜਾਂ ਹੋਰ ਸਰਕਾਰੀ ਕਾਮਾ ਐਹੋ ਜਿਹੇ ਮਰੀਜ਼ ਨਾਲ ਕੰਮ ਕਰਦਾ ਹੈ ਤਾਂ ਵਲੈਤ 'ਚ ਜੰਮਿਆ ਪਲਿਆ ਹੋਣ ਕਰਕੇ 'ਦੇਸੀ-ਰੂੜਵਾਦੀ ਸੱਭਿਆਚਾਰ' ਦੀਆਂ ਤਣੀਆਂ ਤੋਂ ਬੇਸਮਝ ਅਤੇ ਬੋਲੀ ਦੀ ਪੂਰੀ ਮੁਹਾਰਤ ਨਾ ਹੋਣ ਕਰਕੇ ਗੱਲ ਸੁਧਰਨ ਦੀ ਬਜਾਏ ਵਿਗੜਦੀ ਤੁਰੀ ਜਾਂਦੀ ਹੈ। ਜੇਹੜੇ ਕੁੱਝ ਕਾਮੇ ਬੋਲੀ ਠੀਕ ਤਰ੍ਹਾਂ ਸਮਝਦੇ ਹਨ ਅਤੇ ਸੱਭਿਆਚਾਰ ਤੋਂ ਵੀ ਵਾਕਿਫ ਹਨ ਉਹ ਆਪ ਧਰਮ ਵਿਚ ਰੰਗੇ ਹੋਣ ਕਰਕੇ ਇਹਨਾਂ ਮਰੀਜ਼ਾਂ ਨੂੰ ਧਰਮ ਦੀ ਚੇਟਕ ਲਾਂਉਦੇ ਹਨ ਅਤੇ ਸਮੱਸਿਆ ਦਾ ਕੋਈ ਤਰਕਸ਼ੀਲ ਹੱਲ ਨਹੀਂ ਦੱਸਦੇ।

ਇਹ ਸਾਰੀਆਂ ਗੱਲਾਂ ਏਸ਼ੀਅਨ ਔਰਤਾਂ ਦੀ ਹਾਲਤ ਕਾਫੀ ਖਸਤਾ ਬਣਾ ਰਹੀਆਂ ਹਨ।

ਧਾਰਮਿਕ ਚੌਧਰੀ ਆਪਣਾ ਮਤਲਬ ਸਿਰਫ ਢੋਲਕੀਆਂ, ਛੈਣੇਂ ਵਜਾਉਣ ਤੱਕ ਹੀ ਰੱਖਦੇ ਹਨ ਅਤੇ ਸਿਆਸੀ ਲੀਡਰਾਂ ਨੂੰ ਆਪਣੀ ਸਿਆਸਤ ਵਿਚੋਂ ਵਿਹਲ ਨਹੀਂ ਮਿਲਦੀ ਕਿ ਉਹ ਇਹਨਾਂ ਸਮੱਸਿਆਵਾਂ ਵੱਲ ਕੋਈ ਧਿਆਨ ਦੇ ਸਕਣ।

# ਰੱਬ ਦੀ ਹੋਂਦ ਬਾਰੇ ਆਸਤਿਕ ਅਤੇ ਨਾਸਤਿਕ
# ਵੱਖੋ-ਵੱਖਰੇ ਈਸ਼ਵਰ ਜਾਂ ਖ਼ੁਦਾ

ਰੱਬ 'ਚ ਯਕੀਨ ਵੀ ਬਾਕੀ ਵਹਿਮਾਂ ਭਰਮਾਂ ਵਾਂਗ ਇਕ ਭਰਮ ਹੈ। ਇਸ ਵਹਿਮ, ਭਰਮ ਦੀ ਤਹਿ ਹੇਠ ਜਾਣ ਲਈ ਆਸਤਿਕ ਅਤੇ ਨਾਸਤਿਕ ਦੇ ਸੁਆਲ ਜੁਆਬ ਸਾਡੀ ਮੱਦਦ ਕਰਨਗੇ।

ਆਸਤਿਕ - ਕੀ ਤੁਸੀਂ ਈਸ਼ਵਰ ਨੂੰ ਮੰਨਦੇ ਹੋ?

ਨਾਸਤਿਕ - ਮੈਂ ਆਪਣੇ ਸ਼ਹਿਰ ਵਿਚ ਕਈ ਈਸ਼ਵਰਾਂ ਨੂੰ ਜਾਣਦਾ ਹਾਂ ਜਿਵੇਂ ਇਕ ਈਸ਼ਵਰ ਬਜਾਜ ਹੈ, ਇਕ ਈਸ਼ਵਰ ਹਲਵਾਈ ਹੈ, ਇਕ ਈਸ਼ਵਰ ਨਾਈ ਹੈ, ਇਕ ਈਸ਼ਵਰ ਸੁਨਿਆਰ ਹੈ, ਇਕ ਈਸ਼ਵਰ ਮੇਰੇ ਦੋਸਤ ਦਾ ਲੜਕਾ ਹੈ। ਇਨ੍ਹਾਂ ਈਸ਼ਵਰਾਂ ਵਿਚੋਂ ਤੁਹਾਡਾ ਮਤਲਬ ਕਿਸ ਈਸ਼ਵਰ ਤੋਂ ਹੈ?

ਆਸਤਿਕ - ਮੇਰਾ ਮਤਲਬ ਇਨ੍ਹਾਂ ਈਸ਼ਵਰਾਂ ਵਿਚੋਂ ਕਿਸੇ ਈਸ਼ਵਰ ਤੋਂ ਨਹੀਂ ਮੇਰਾ ਮਤਲਬ ਉਸ ਈਸ਼ਵਰ ਤੋਂ ਹੈ ਜੋ ਇਸ ਦੁਨੀਆਂ ਨੂੰ ਪੈਦਾ ਕਰਨ ਵਾਲਾ ਹੈ।

ਨਾਸਤਿਕ - ਅੱਛਾ, ਅੱਛਾ ਤਾਂ ਤੁਹਾਡਾ ਮਤਲਬ ਈਸ਼ਵਰ ਨਾਮੀ ਕਿਸੇ ਸੱਚ ਮੁੱਚ ਦੇ ਮਨੁੱਖ ਤੋਂ ਨਹੀਂ ਹੈ ਪਰ ਕਿਸੇ ਫਰਜ਼ੀ ਵਜੂਦ ਤੋਂ ਹੈ। ਪਰ ਦੁਨੀਆਂ ਦੇ ਫਰਜ਼ੀ ਈਸ਼ਵਰ ਵੀ ਤਾਂ ਬਹੁਤ ਸਾਰੇ ਹਨ। ਤੁਸੀਂ ਇਨ੍ਹਾਂ ਫਰਜ਼ੀ ਈਸ਼ਵਰਾਂ ਵਿਚੋਂ ਕਿਸ ਈਸ਼ਵਰ ਵੱਲ ਇਸ਼ਾਰਾ ਕਰ ਰਹੇ ਹੋ?

ਆਸਤਿਕ - ਦੁਨੀਆਂ ਦਾ ਇਕ ਹੀ ਈਸ਼ਵਰ ਹੈ ਜੀਹਨੇ ਇਹਨੂੰ ਪੈਦਾ ਕੀਤਾ, ਇਸ ਸੰਸਾਰ ਨੂੰ ਬਣਾਇਆ ਅਤੇ ਉਹ ਫਰਜ਼ੀ ਨਹੀਂ ਹੈ।

ਨਾਸਤਿਕ - ਜੇਕਰ ਦੁਨੀਆਂ ਦਾ ਪੈਦਾ ਕਰਨ ਵਾਲਾ ਸੱਚਮੁੱਚ ਦਾ ਕੋਈ ਇੱਕ ਈਸ਼ਵਰ ਜਾਂ ਪੁਰਸ਼ ਹੁੰਦਾ ਤਾਂ ਉਹਦੇ ਵੱਲੋਂ ਆਪ ਉਹਦੀਆਂ ਗੱਲਾਂ, ਗੁਣਾਂ ਆਦਿ ਬਾਰੇ ਦੱਸਿਆ ਹੁੰਦਾ ਅਤੇ ਉਹ ਸਿਰਫ਼ ਇਕ ਹੀ ਤਰ੍ਹਾਂ ਦੇ ਹੁੰਦੇ। ਪਰ ਤੁਹਾਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਉਹ ਇਕੋ ਜੇਹੇ ਨਹੀਂ ਹਨ। ਇਹ ਇਸ ਲਈ ਕਿ ਇਹ ਕਿਸੇ ਸੱਚਮੁੱਚ ਦੇ ਈਸ਼ਵਰ ਦੁਆਰਾ ਨਹੀਂ ਦੱਸਿਆ ਗਿਆ ਪਰੰਤੂ ਵੱਖ ਵੱਖ ਲੋਕਾਂ ਦੁਆਰਾ ਕਲਪਿਤ ਅਤੇ ਮਨਘੜਤ ਕੀਤੇ ਹੋਏ ਹਨ ਅਤੇ ਉਨ੍ਹਾਂ ਉਪਰ ਵਿਸ਼ਵਾਸ ਦੇ ਠੱਪੇ ਲਾਏ ਹੋਏ ਹਨ। ਇਹ ਵੀ ਕਿ ਉਨ੍ਹਾਂ ਗਲਤੀ ਨਾਲ ਇਕ ਦੂਜੇ ਦੇ ਫਰਜ਼ੀ ਈਸ਼ਵਰ ਦੇ ਨਾਮ ਨਾਲ ਝੂਠੇ ਵਿਸ਼ਵਾਸ ਰਾਹੀਂ ਨੱਥੀ ਕੀਤੇ ਹੋਏ ਗੁਣਾਂ ਨੂੰ ਆਪ ਕਾਲਪਨਿਕ ਤਰੀਕਿਆਂ ਨਾਲ ਆਪਣੇ ਫਾਇਦੇ ਮੁਤਾਬਕ ਜੋੜਿਆ ਹੁੰਦਾ ਹੈ ਅਤੇ ਆਪਣੇ ਈਸ਼ਵਰ ਨੂੰ ਦੂਜੇ ਦੇ ਈਸ਼ਵਰ ਨਾਲੋਂ ਵਧੀਆ, ਸਹੀ ਰਾਹ ਦਰਸਾਊ ਅਤੇ ਤਾਕਤਵਰ ਦਿਖਾਇਆ ਹੁੰਦਾ।

ਆਸਤਿਕ - ਕਿਸ ਤਰ੍ਹਾਂ?

ਨਾਸਤਿਕ - ਮਿਸਾਲ ਦੇ ਤੌਰ ਤੇ ਹਿੰਦੂਆਂ ਦੇ ਕੁੱਝ ਬਜ਼ੁਰਗਾਂ ਨੇ ਇਕ ਐਸੇ ਈਸ਼ਵਰ ਦੀ ਕਲਪਣਾ ਕੀਤੀ ਹੈ ਕਿ ਜੋ ਸਾਡੀ ਜ਼ਮੀਨ ਤੇ ਕਦੀ ਮੱਛਲੀ ਦੇ ਰੂਪ ਵਿਚ, ਕਦੇ ਕੱਛੂ ਦੇ ਰੂਪ ਵਿਚ, ਕਦੇ ਸੂਰ ਦੇ ਰੂਪ ਵਿਚ ਪ੍ਰਗਟ ਹੁੰਦਾ ਰਿਹਾ ਹੈ ਅਤੇ ਕਦੇ ਅੱਧਾ ਮਨੁੱਖ-ਅੱਧੇ ਸ਼ੇਰ ਦੇ ਰੂਪ ਵਿੱਚ ਅਤੇ ਕਦੇ ਮਨੁੱਖ ਦੇ ਰੂਪ ਵਿੱਚ ਫਿਰ ਮਨੁੱਖਾਂ ਦੇ ਰੂਪ ਵਿਚ ਕੁੱਝ ਕਾਲ ਤੱਕ ਜ਼ਿੰਦਾ ਰਹਿ ਕੇ, ਚੱਲ ਫਿਰ ਕੇ ਸੌਂ ਜਾਗ ਕੇ ਮਰ ਗਿਆ।

ਇਹ ਵੀ ਨਹੀਂ, ਮਾਨਵ ਰੂਪ ਵਿਚ ਆਪਣੇ ਪਿੱਛੇ ਬੱਚੇ ਵੀ ਛੱਡ ਗਿਆ ਅਤੇ ਕਿਹਾ ਜਾਂਦਾ ਹੈ ਕਿ ਕਲਜੁੱਗ ਵਿਚ ਉਹ ਹੁਣ ਫੇਰ ਜਨਮ ਲੈਣ ਵਾਲਾ ਹੈ। ਉਸ ਈਸ਼ਵਰ ਨੂੰ ਈਸਾਈ, ਮੁਸਲਮਾਨ ਅਤੇ ਕਈ ਹੋਰ ਧਰਮਾਂ ਅਤੇ ਫ਼ਿਰਕਿਆਂ ਦੇ ਲੋਕ ਫਰਜ਼ੀ, ਮਨਘੜਤ ਈਸ਼ਵਰ ਕਹਿੰਦੇ ਹਨ। ਇਸ ਤੋਂ ਬਿਨਾਂ ਹਿੰਦੂਆਂ ਦਾ ਇਕ ਹੋਰ ਜਥਾ ਕਹਿੰਦਾ ਹੈ ਕਿ ਉਪਨਿਸ਼ਦਾਂ ਮੁਤਾਬਕ ਇਹ ਸਾਰਾ ਜਗਤ ਹੀ ਈਸ਼ਵਰ ਹੈ। ਇਸ ਸੰਸਾਰ ਵਿਚ ਜੋ ਕੁੱਝ ਯਾਨਿ ਸੱਪ, ਬਿੱਛੂ, ਪਿੱਸੂ, ਖਟਮਲ, ਸ਼ੇਰ, ਗਿੱਦੜ, ਇਸਤਰੀ, ਪੁਰਸ਼, ਇੱਟਾਂ, ਪੱਥਰ, ਘਾਹ-ਫੂਸ, ਮਲ ਮੂਤਰ, ਗੋਬਰ ਮਿੱਟੀ, ਦਰੱਖਤ ਪੌਦੇ, ਪੰਛੀ, ਮੱਛੀਆਂ ਆਦਿ ਸਭ ਵਿਚ ਈਸ਼ਵਰ ਬਿਰਾਜਮਾਨ ਹੈ। ਇਹ ਸਭ ਕੁੱਝ ਈਸ਼ਵਰ ਜਾਂ ਬ੍ਰਹਮ ਰੂਪ ਹੈ। ਇਸ ਈਸ਼ਵਰ ਨੂੰ ਕਈ ਫ਼ਿਰਕਿਆਂ ਵਾਲੇ ਕਾਲਪਨਿਕ ਈਸ਼ਵਰ ਕਹਿੰਦੇ ਹਨ।

ਬ੍ਰਹਮੋਂ ਸਮਾਜ ਅਤੇ ਆਰੀਆ ਸਮਾਜ ਦੇ ਸੰਸਥਾਪਕ ਜਿਸ ਈਸ਼ਵਰ ਨੂੰ ਦੁਨੀਆਂ ਦਾ ਪੈਦਾ ਕਰਨ ਵਾਲਾ ਦੱਸਦੇ ਹਨ, ਉਹ ਉਹਦਾ ਆਪਣਾ ਹੀ ਮਨਘੜਤ ਅਲੱਗ ਰੂਪ ਪ੍ਰਗਟ ਕਰਦੇ ਹਨ। ਬ੍ਰਹਮੋਂ ਸਮਾਜ ਦੇ ਕਥਨ ਅਨੁਸਾਰ ਉਨ੍ਹਾਂ ਦੇ ਈਸ਼ਵਰ ਨੇ ਨੇਸਤੀ ਤੋਂ ਇਸ ਦੁਨੀਆਂ ਦੀ ਹਸਤੀ ਕਰ ਦਿੱਤੀ ਹੈ ਅਤੇ ਆਰੀਆ ਸਮਾਜੀਆਂ ਮੁਤਾਬਕ ਉਨ੍ਹਾਂ ਦੇ ਈਸ਼ਵਰ ਨੇ ਨੇਸਤੀ ਤੋਂ ਹਸਤੀ ਨਹੀਂ ਕੀਤੀ ਪਰੰਤੂ ਪ੍ਰਕ੍ਰਿਤੀ (ਜੜ) ਅਤੇ ਜੀਵ (ਸ਼ਕਤੀ) ਪਹਿਲਾਂ ਤੋਂ ਵਰਤਮਾਨ ਸਨ। ਉਨ੍ਹਾਂ ਨੂੰ ਲੈ ਕੇ ਹੀ ਈਸ਼ਵਰ ਨੇ ਦੁਨੀਆਂ, ਸੰਸਾਰ ਦੀ ਰਚਨਾ ਕਰ ਦਿੱਤੀ। ਬ੍ਰਹਮੋਂ ਲੋਕ ਕਹਿੰਦੇ ਹਨ ਕਿ ਉਨ੍ਹਾਂ ਦਾ ਈਸ਼ਵਰ ਉਨ੍ਹਾਂ ਦੇ ਨਾਲ ਹੁਣ ਵੀ ਗੱਲਬਾਤ ਕਰਦਾ ਹੈ ਜਦੋਂ ਕਿ ਆਰੀਆ ਸਮਾਜੀ ਕਹਿੰਦੇ ਹਨ ਕਿ ਅੱਜ ਤੋਂ ਲਗਭਗ ਦੋ ਅਰਬ ਸਾਲ ਈਸ਼ਵਰ ਨੇ ਸਿਰਫ਼ ਚਾਰ ਰਿਸ਼ੀਆਂ ਨੂੰ ਬਹੁਤ ਸਾਰੇ ਮੰਤਰ ਸਿਖਾਲੇ ਸਨ। ਇਸ ਤੋਂ ਬਾਅਦ ਉਹ ਬਿਲਕੁਲ ਚੁੱਪ ਹਨ। ਮਜ਼ੇਦਾਰ ਗੱਲ ਇਹ ਹੈ ਕਿ ਇਨ੍ਹਾਂ ਆਰੀਆ ਸਮਾਜੀਆਂ 'ਚੋਂ ਕੁਝ ਕਹਿੰਦੇ ਹਨ ਕਿ ਉਨ੍ਹਾਂ ਦਾ ਈਸ਼ਵਰ ਮਾਸ ਖਾਣ ਨੂੰ ਪਾਪ ਕਹਿੰਦਾ ਹੈ ਅਤੇ ਕੁੱਝ ਕਹਿੰਦੇ ਹਨ ਕਿ ਮਾਸ ਖਾਣਾ ਠੀਕ ਹੈ। ਇਹ ਵੀ ਕਿ ਜੇਕਰ ਕਿਸੇ ਔਰਤ ਦਾ ਪਤੀ ਕੋਲ ਨਾ ਹੋਵੇ ਤਾਂ ਇਕ ਸਮੇਂ ਤੋਂ ਬਾਅਦ ਉਹ ਜੇਕਰ ਕਿਸੇ ਆਦਮੀ ਨਾਲ ਸਬੰਧ ਬਣਾ ਕੇ ਬੱਚੇ ਪੈਦਾ ਕਰ ਲਵੇ ਤਾਂ ਇਹਦੇ ਵਿਚ ਈਸ਼ਵਰ ਦੀ ਖੁਸ਼ੀ ਹੈ ਪਰ ਕਈ ਹੋਰ ਲੱਖਾਂ ਕਰੋੜਾਂ ਲੋਕ ਐਸੇ ਹਨ ਇਸ ਦੁਨੀਆਂ ਵਿਚ ਜੋ ਇਸ ਗੱਲ ਨੂੰ ਮਹਾਂਪਾਪ ਕਹਿੰਦੇ ਹਨ।

ਈਸਾਈ ਲੋਕ ਆਪਣੀ ਅਲੱਗ ਕਹਾਣੀ ਸੁਣਾਉਂਦੇ ਹਨ। ਉਹ ਕਹਿੰਦੇ ਹਨ ਕਿ ਈਸ਼ਵਰ ਨੇ ਇੱਕ ਵਾਰ ਅਤੇ ਕੇਵਲ ਇਕ ਵਾਰ ਹੀ ਈਸਾ ਦੇ ਰੂਪ ਵਿਚ ਅਵਤਾਰ ਲਿਆ ਹੈ ਅਤੇ ਉਸ ਤੋਂ ਪਹਿਲਾਂ ਅਤੇ ਉਸ ਤੋਂ ਬਾਅਦ ਫੇਰ ਕਦੇ ਨਹੀਂ ਲਿਆ। ਉਨ੍ਹਾਂ ਦਾ ਇਕ ਮਸ਼ਹੂਰ ਅਤੇ ਪੁਰਾਣਾ ਮਜ਼ਹਬ ਈਸਾ ਦੀ ਮਾਂ ਨੂੰ "ਈਸ਼ਵਰ ਦੀ ਮਾਂ" 'ਚ ਯਕੀਨ ਕਰਦਾ ਹੈ। ਉਸ ਮਜ਼ਹਬ ਨੂੰ ਮੰਨਣ ਵਾਲੇ ਉਹਦੀ ਪੂਜਾ ਵੀ ਕਰਦੇ ਹਨ ਅਤੇ ਕਹਿੰਦੇ ਹਨ ਕਿ ਮਸੀਹ ਦੀ ਮਾਂ ਦਾ ਗਰਭ ਈਸ਼ਵਰ ਤੋਂ ਹੀ ਹੋਇਆ ਸੀ ਅਤੇ ਇਸ ਵਿਚ ਕਿਸੇ ਪੁਰਸ਼ ਦਾ ਕੋਈ ਦਖਲ ਨਹੀਂ ਸੀ। ਇਹ ਵੀ ਕਿ ਜੋ ਨਾਰੀ ਪੁਰਸ਼ ਈਸਾ ਮਸੀਹ 'ਚ ਮੁਕਤੀ ਦਾਤੇ ਵਜੋਂ ਵਿਸ਼ਵਾਸ ਕਰੇਗਾ, ਉਹ ਮਰਨ ਤੋਂ ਬਾਅਦ, ਨਿਆਂ ਦੇ ਦਿਨ ਆਉਣ ਤੇ ਸਦਾ ਲਈ ਸਵਰਗ ਵਿਚ ਭੇਜ ਦਿੱਤਾ ਜਾਵੇਗਾ। ਬਾਕੀ ਦੇ ਸਭ ਨਰਕ ਦੀ ਅੱਗ ਵਿਚ ਸਿੱਟੇ ਜਾਣਗੇ ਅਤੇ ਉਨ੍ਹਾਂ ਨੂੰ ਦਯਾਵਾਨ ਈਸ਼ਵਰ

ਵੱਲੋਂ ਕਿਸੇ ਤਰ੍ਹਾਂ ਦਾ ਵੀ ਅਰਾਮ ਨਹੀਂ ਦਿੱਤਾ ਜਾਵੇਗਾ। ਉਥੇ ਉਨ੍ਹਾਂ ਦਾ ਕੰਮ ਸਿਰਫ਼ ਦੰਦ ਪੀਹਣਾ ਅਤੇ ਰੋਣਾ ਪਿੱਟਣਾ ਹੋਵੇਗਾ। ਉਹ ਜਿੰਨਾ ਦੁੱਖ ਪਾਉਣਗੇ, ਉਨ੍ਹਾਂ ਹੀ ਈਸ਼ਵਰ ਦਾ ਪਵਿੱਤਰ ਅਤੇ ਦਿਆਲੂ ਦਿਲ ਠੰਡਾ ਹੋਵੇਗਾ। ਉਹ ਇਹ ਵੀ ਕਹਿੰਦੇ ਹਨ ਕਿ ਅੰਜੀਲ (ਬਾਈਬਲ) ਵਿਚ ਸਭ ਕਿਤਾਬਾਂ ਸ਼ਾਮਲ ਹਨ ਅਤੇ ਉਹ ਈਸ਼ਵਰ ਦੀ ਬਾਣੀ ਹੈ ਅਤੇ ਬਾਈਬਲ ਤੋਂ ਇਲਾਵਾ ਜਿੰਨੀਆਂ ਕਿਤਾਬਾਂ ਦੁਨੀਆਂ ਵਿਚ ਹਨ ਉਹ ਸਭ ਮਨੁੱਖਾਂ ਦੀ ਬਾਣੀ ਹੈ।

ਮੁਸਲਮਾਨਾਂ ਦੀ ਆਪਣੀ ਅਲੱਗ ਕਹਾਣੀ ਹੈ। ਉਹ ਕੁਰਾਨ ਹੀ ਪੁਸਤਕ ਨੂੰ ਆਖਰੀ ਕਲਾਮ (ਅੰਤਿਮ ਬਾਣੀ) ਦੱਸਦੇ ਹਨ। ਉਹ ਕਹਿੰਦੇ ਹਨ ਕਿ ਈਸ਼ਵਰ ਦਾ ਕੋਈ ਮਾਂ ਬਾਪ ਨਹੀਂ ਹੈ ਅਤੇ ਉਹਨੇ ਕਦੀ ਕੋਈ ਅਵਤਾਰ ਨਹੀਂ ਲਿਆ। ਉਹਨੇ ਕੀ ਆਪਣੇ ਬਾਰੇ ਅਤੇ ਮਨੁੱਖਾਂ ਬਾਰੇ ਜੋ ਕੁੱਝ ਕਹਿਣਾ ਸੀ ਉਹ ਸਭ ਉਹਨੇ ਜ਼ਬਰਾਈਲ ਫਰਿਸ਼ਤੇ ਰਾਹੀਂ ਮੁਹੰਮਦ ਸਾਹਿਬ ਨੂੰ ਕਹਿ ਦਿੱਤਾ ਹੈ ਜੋ ਉਸ ਵੱਲੋਂ ਆਖਰੀ ਪੈਗੰਬਰ ਸਨ ਅਤੇ ਉਹ ਸਾਰੀ ਦੀ ਸਾਰੀ ਬਾਣੀ ਕੁਰਾਨ ਵਿਚ ਹੈ - ਜਿਸਦੀ ਇਕ ਬਹੁਤ ਸੁੰਦਰ ਜਿਲਦ ਸਦਾ ਈਸ਼ਵਰ ਕੋਲ ਰਹਿੰਦੀ ਹੈ। ਜਦੋਂ ਕਿ ਅਹਸਦੀ ਸਾਹਿਬਾਨ ਕਹਿੰਦੇ ਹਨ ਕਿ ਹਜ਼ਰਤ ਮੁਹੰਮਦ ਸਾਹਿਬ ਖੁਦਾ ਦੇ ਆਖਰੀ ਪੈਗੰਬਰ ਨਹੀਂ ਸਨ ਸਗੋਂ ਖੁਦਾ ਇਸ ਕਾਲ ਵਿਚ ਵੀ ਉਨ੍ਹਾਂ ਦੇ ਹਾਦੀ ਮਿਰਜ਼ਾ ਗੁਲਾਮ ਅਹਿਮਦ ਸਾਹਿਬ ਨਾਲ ਗੱਲਬਾਤ ਕਰਦਾ ਰਿਹਾ ਹੈ ਅਤੇ ਇੱਕ ਜਾਂ ਦੂਸਰੀ ਆਉਣ ਵਾਲੀ ਦੁਰਘਟਨਾ ਬਾਰੇ ਉਨ੍ਹਾਂ ਨੂੰ ਪਤਾ ਦਿੰਦਾ ਰਿਹਾ ਹੈ। ਮੁਸਲਮਾਨ ਕਹਿੰਦੇ ਹਨ ਕਿ ਖੁਦਾ ਨੇ ਸਾਨੂੰ ਗਾਉਣ ਅਤੇ ਵਜਾਉਣ ਦੇ ਜ਼ਰੀਏ ਪੂਜਾ ਕਰਨਾ ਮਨਾ ਕੀਤਾ ਹੋਇਆ ਹੈ ਪਰੰਤੂ ਬ੍ਰਹਮੋਂ, ਆਰੀਆ, ਹਿੰਦੂ ਅਤੇ ਸਿੱਖ ਕਹਿੰਦੇ ਹਨ ਕਿ ਉਸ ਨੇ ਸਾਨੂੰ ਗਾ ਬਜਾ ਕੇ ਪੂਜਾ ਕਰਨ ਤੋਂ ਮਨ੍ਹਾ ਨਹੀਂ ਕੀਤਾ।

ਈਸਾਈ ਕਹਿੰਦੇ ਹਨ ਕਿ ਉਨ੍ਹਾਂ ਦੇ ਈਸ਼ਵਰ ਨੇ ਉਨ੍ਹਾਂ ਨੂੰ ਇਕ ਪਤਨੀ ਦੇ ਜਿਉਂਦੇ ਜੀਅ, ਦੂਸਰਾ ਵਿਆਹ ਕਰਨਾ ਮਨ੍ਹਾਂ ਕੀਤਾ ਹੋਇਆ ਹੈ। ਪਰ ਮੁਸਲਮਾਨ ਕਹਿੰਦੇ ਹਨ ਕਿ ਈਸ਼ਵਰ ਨੇ ਇਕ ਬੀਵੀ ਦੇ ਜਿਉਂਦੇ ਜੀਅ, ਚਾਰ ਨਿਕਾਹ ਕਰਨੇ ਉਚਿੱਤ ਦੱਸਿਆ ਹੋਇਆ ਹੈ। ਮੁਸਲਮਾਨ ਕਹਿੰਦੇ ਹਨ ਕਿ ਸਾਡੇ ਅੱਲ੍ਹਾ ਨੇ ਹੋਰ ਤਾਂ ਸਭ ਤਰ੍ਹਾਂ ਦੇ ਪਸ਼ੂਆਂ ਨੂੰ ਮਾਰ ਕੇ ਉਨ੍ਹਾਂ ਦਾ ਮਾਸ ਖਾਣਾ ਉਚਿੱਤ ਦੱਸਿਆ ਹੋਇਆ ਹੈ ਪਰ ਸੂਰ ਦਾ ਮਾਸ ਖਾਣਾ ਮਨ੍ਹਾਂ ਕੀਤਾ ਹੋਇਆ ਹੈ। ਇਸਾਈ ਅਤੇ ਸਿੱਖ ਕਹਿੰਦੇ ਹਨ ਕਿ ਸਾਨੂੰ ਈਸ਼ਵਰ (ਵਾਹਿਗੁਰੂ) ਨੇ ਸੂਰ ਖਾਣ ਤੇ ਕੋਈ ਪਾਬੰਦੀ ਨਹੀਂ ਲਾਈ ਹੋਈ। ਇਸ ਤਰ੍ਹਾਂ ਦੀਆਂ ਸੈਂਕੜੇ ਹੋਰ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਦੇ ਅਨੁਸਾਰ ਇਕ ਮਜ਼ਹਬ ਦਾ ਈਸ਼ਵਰ ਦੂਸਰੇ ਮਜ਼ਹਬ ਦੇ ਈਸ਼ਵਰ ਦੇ ਬਿਲਕੁਲ ਹੀ ਉਲਟ ਸਿੱਖਿਆ ਦਿੰਦਾ ਹੈ। ਜੇਕਰ ਇਹ ਬਹੁਤ ਸਾਰੇ ਈਸ਼ਵਰ ਨਾ ਹੁੰਦੇ ਤਾਂ ਉਨ੍ਹਾਂ ਦੀ ਆਪਸ ਵਿਚ ਇਸ ਤਰ੍ਹਾਂ ਦੀ ਵਿਰੋਧੀ ਸਿੱਖਿਆ ਕਿਉਂ ਹੁੰਦੀ ਜਦੋਂ ਕਿ ਉਹਨੂੰ ਸਰਵਗਿਆਨੀ ਅਤੇ ਹਰ ਕਲਾ ਸੰਪੂਰਨ ਕਿਹਾ ਜਾਂਦਾ ਹੈ। ਇਸ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਫਰਜ਼ੀ ਈਸ਼ਵਰ ਵੀ ਇੱਕ ਨਹੀਂ ਸਗੋਂ ਬਹੁਤ ਸਾਰੇ ਹਨ ਅਤੇ ਵੱਖਰੇ-ਵੱਖਰੇ ਹਨ। ਵੱਖ ਵੱਖ ਸਮੇਂ ਵੱਖ-ਵੱਖ ਲੋਕਾਂ ਵੱਲੋਂ ਵੱਖ-ਵੱਖ ਈਸ਼ਵਰ ਪੈਦਾ ਕੀਤੇ ਗਏ ਹਨ। ਅਸਲ ਵਿਚ ਸੱਚਮੁੱਚ ਦਾ ਕੋਈ ਐਸਾ ਈਸ਼ਵਰ ਨਹੀਂ ਹੈ ਜੋ ਕਿ ਸਾਰੀ ਦੁਨੀਆਂ ਦਾ ਇਕੋ ਹੀ ਹੋਵੇ ਅਤੇ ਜੇਹਨੂੰ ਕਿਹਾ ਜਾ ਸਕੇ ਕਿ ਉਹਨੇ ਮਨੁੱਖ ਅਤੇ ਹੋਰ ਜੀਵਾਂ ਨੂੰ ਪੈਦਾ

ਕੀਤਾ ਸੀ। ਸਗੋਂ ਸੱਚ ਤਾਂ ਇਹ ਹੈ ਕਿ ਇਹ ਮਨੁੱਖ ਹੀ ਹੈ ਜੇਹਨੇ ਈਸ਼ਵਰ ਨੂੰ ਪੈਦਾ ਕੀਤਾ ਹੈ ਅਤੇ ਅਲੱਗ-ਅਲੱਗ ਮਨੁੱਖਾਂ ਨੇ ਆਪਣੇ ਆਪਣੇ ਹਾਲਾਤ ਮੁਤਾਬਕ ਵੱਖਰੇ ਵੱਖਰੇ ਫਰਜ਼ੀ ਈਸ਼ਵਰ ਵੀ ਇੱਕ ਨਹੀਂ ਸਗੋਂ ਬਹੁਤ ਸਾਰੇ ਹਨ ਅਤੇ ਵੱਖ-ਵੱਖ ਸਮੇਂ ਵੱਖ-ਵੱਖ ਲੋਕਾਂ ਵੱਲੋਂ ਵੱਖ-ਵੱਖ ਈਸ਼ਵਰ ਪੈਦਾ ਕੀਤੇ ਗਏ ਹਨ। ਅਸਲ ਵਿਚ ਸੱਚਮੁੱਚ ਦਾ ਕੋਈ ਐਸਾ ਈਸ਼ਵਰ ਨਹੀਂ ਹੈ ਜੋ ਕਿ ਸਾਰੀ ਦੁਨੀਆਂ ਦਾ ਇਕੋ ਹੀ ਹੋਵੇ ਅਤੇ ਜੇਹਨੂੰ ਕਿਹਾ ਜਾ ਸਕੇ ਕਿ ਉਹਨੇ ਮਨੁੱਖ ਅਤੇ ਹੋਰ ਜੀਵਾਂ ਨੂੰ ਪੈਦਾ ਕੀਤਾ ਸੀ। ਸਗੋਂ ਸੱਚ ਤਾਂ ਇਹ ਹੈ ਕਿ ਉਹ ਮਨੁੱਖ ਹੀ ਹੈ ਜੇਹਨੇ ਈਸ਼ਵਰ ਨੂੰ ਪੈਦਾ ਕੀਤਾ ਹੈ ਅਤੇ ਅਲੱਗ ਅਲੱਗ ਮਨੁੱਖਾਂ ਨੇ ਆਪਣੇ ਆਪਣੇ ਹਾਲਾਤ ਮੁਤਾਬਕ ਵੱਖਰੇ ਵੱਖਰੇ ਫਰਜ਼ੀ ਈਸ਼ਵਰ ਰਚੇ ਜਾਂ ਪੈਦਾ ਕੀਤੇ ਹਨ।

ਮੈਂ ਸੱਚ ਦਾ ਪੈਰੋਕਾਰ ਹਾਂ ਅਤੇ ਵਿਗਿਆਨਕ ਸੋਚ ਨੂੰ ਆਪਣੀ ਜੀਵਨਸ਼ੈਲੀ ਵਿਚ ਢਾਲਿਆ ਹੋਇਆ ਹੈ ਅਤੇ ਇਸੇ ਕਰਕੇ ਮੈਂ ਮਨੁੱਖਾਂ ਦੁਆਰਾ ਘੜੇ ਜਾਂ ਪੈਦਾ ਕੀਤੇ ਹੋਏ ਕਲਪਿਤ ਅਤੇ ਫਰਜ਼ੀ ਈਸ਼ਵਰਾਂ ਨੂੰ ਕੇਵਲ ਕਲਪਿਤ ਮਨਘੜਤ ਅਤੇ ਫਰਜ਼ੀ ਹੀ ਮੰਨਦਾ ਹਾਂ, ਸੱਚ ਨਹੀਂ ਮੰਨਦਾ ਅਤੇ ਨਾ ਹੀ ਕਿਸੇ ਦੇ ਡਰ ਨਾਲ ਕਿਸੇ ਹੋਰ ਤੇ ਉਹਨੂੰ ਮੜ੍ਹਦਾ ਹਾਂ। ਜੇਕਰ ਵਿਗਿਆਨ ਦੀ ਕਸਵੱਟੀ ਤੇ ਕੋਈ ਮੈਨੂੰ ਈਸ਼ਵਰ ਦਾ ਸਬੂਤ ਦੇ ਦੇਵੇ ਤਾਂ ਮੈਂ ਉਹਨੂੰ ਮੰਨਣ ਲਈ ਤਿਆਰ ਹਾਂ ਪਰ ਅਜੇ ਤੱਕ ਈਸ਼ਵਰ ਦਾ ਵਜੂਦ ਤਰਕਸ਼ੀਲਤਾ ਦੇ ਆਧਾਰ ਤੇ ਸਾਹਮਣੇ ਆ ਨਹੀਂ ਸਕਿਆ।

# ਸੱਚੇ ਅਤੇ ਕਲਪਿਤ ਵਜੂਦ ਦੇ ਪਰਖਣ ਦੀ ਕਸੌਟੀ

ਆਸਤਿਕ - ਤੁਸੀਂ ਕਲਪਿਤ ਜਾਂ ਫਰਜ਼ੀ ਵਜੂਦ ਕਿਸ ਨੂੰ ਕਹਿੰਦੇ ਹੋ?

ਨਾਸਤਿਕ - ਸੰਸਕ੍ਰਿਤ ਜਾਂ ਹਿੰਦੀ ਵਿੱਚ ਜਿਸ ਨੂੰ ਕਲਪਣਾ ਕਹਿੰਦੇ ਹਨ, ਉਹਨੂੰ ਉਰਦੂ ਵਿਚ ਫਰਜ਼ ਕਰਨਾ ਜਾਂ ਖਿਆਲ ਬੰਨਣਾ ਕਹਿੰਦੇ ਹਨ। ਪੰਜਾਬੀ 'ਚ ਅਸੀਂ ਇਹਨੂੰ ਮਨਘੜਤ ਜਾਂ ਖਿਆਲੀ ਪਲਾਓ ਕਹਿ ਸਕਦੇ ਹਾਂ। ਮਨੁੱਖ ਵਿਚ ਜੋ ਕਲਪਣਾ ਸ਼ਕਤੀ ਹੈ, ਉਸ ਰਾਹੀਂ ਉਹ ਸੈਂਕੜੇ ਐਹੋ ਜਿਹੀਆਂ ਗੱਲਾਂ ਦੀ ਕਲਪਣਾ ਕਰ ਸਕਦਾ ਹੈ ਅਤੇ ਕਰਦਾ ਹੈ ਜਿਹਨਾਂ ਦੀ ਅਸਲ ਵਿਚ ਕੋਈ ਹੋਂਦ ਨਹੀਂ ਹੁੰਦੀ। ਮੰਨ ਲਉ ਕਿ ਮੇਰਾ ਵਿਆਹ ਨਹੀਂ ਹੋਇਆ ਅਤੇ ਮੇਰੀ ਕੋਈ ਪਤਨੀ ਨਹੀਂ ਹੈ ਪਰ ਮੈਂ ਬੈਠਾ ਬੈਠਾ ਇਹ ਫਰਜ਼ ਕਰ ਸਕਦਾ ਹਾਂ ਕਿ ਮੇਰਾ ਵਿਆਹ ਹੋ ਗਿਆ ਹੈ, ਮੇਰੀ ਪਤਨੀ 18 ਸਾਲਾਂ ਦੀ ਹੈ। ਉਹਦਾ ਮੇਰੇ ਕੱਦ ਤੋਂ ਕੁੱਝ ਛੋਟਾ ਕੱਦ ਹੈ। ਉਹਦਾ ਰੰਗ ਗੋਰਾ ਹੈ। ਉਹਦੇ ਵਾਲ ਕਮਰ ਤੋਂ ਹੇਠਾਂ ਤਾਂਈ ਲਟਕਦੇ ਹਨ। ਉਹਦਾ ਚਿਹਰਾ ਬਹੁਤ ਸੁੰਦਰ ਹੈ। ਮੱਥਾ, ਅੱਖਾਂ, ਨੱਕ, ਕੰਨ ਅਤੇ ਬੁੱਲ੍ਹ ਆਪਣੀ ਆਪਣੀ ਥਾਂ ਬਹੁਤ ਦਿਲ ਖਿੱਚਵੇਂ ਹਨ। ਉਹ ਦੇਖਣ ਨੂੰ ਵੀ ਬਹੁਤ ਭੋਲੀ ਭਾਲੀ ਲੱਗਦੀ ਹੈ। ਸੁਭਾਅ ਦੀ ਬਹੁਤ ਨੇਕ ਹੈ। ਉਹ ਘਰ ਦਾ ਸਾਰਾ ਕੰਮ ਬਹੁਤ ਚੰਗੀ ਤਰ੍ਹਾਂ ਜਾਣਦੀ ਹੈ। ਮੇਰੇ ਲਈ ਉਹਦੇ ਮਨ ਵਿਚ ਅਥਾਂਹ ਪਿਆਰ ਹੈ। ਇਹੋ ਜਿਹੀਆਂ ਹੋਰ ਗੱਲਾਂ ਵੀ ਮੈਂ ਚਿਤਵ ਸਕਦਾ ਹਾਂ। ਇਹ ਸਭ ਖਿਆਲੀ ਪਲਾਓ, ਵਹਿਮ, ਫਰਜ਼ੀ, ਮਨਘੜਤ ਜਾਂ ਕਲਪਿਤ ਤਸਵੀਰ ਹੈ। ਇਹ ਤਸਵੀਰ ਮਨ ਨੂੰ ਧੂਹ ਪਾਉਣ ਵਾਲੀ ਵੀ ਹੋ ਸਕਦੀ ਹੈ। ਪਰ ਇਸ ਸਭ ਦੇ ਬਾਵਜੂਦ ਇਹਦੀ ਕੋਈ ਹਕੀਕਤ ਨਹੀਂ ਹੈ ਅਤੇ ਇਹ ਸੱਚ ਨਹੀਂ ਹੈ। ਇਸ ਪਤਨੀ ਦੀ ਕਲਪਿਤ ਤਸਵੀਰ ਤੇ ਵਿਸ਼ਵਾਸ਼ ਕਰਕੇ ਮੈਂ ਆਪਣੇ ਦਿਲ ਵਿਚ ਕੁੱਝ ਦੇਰ ਲਈ ਫਰਜ਼ੀ ਖੁਸ਼ੀ ਹਾਸਲ ਕਰ ਸਕਦਾ ਹਾਂ। ਪਰ ਭੁੱਖ ਵੇਲੇ ਮੈਂ ਇਸ ਫਰਜ਼ੀ ਪਤਨੀ ਦੇ ਹੱਥ ਨਾਲ ਪੱਕਿਆ ਹੋਇਆ ਖਾਣਾ ਨਹੀਂ ਖਾ ਸਕਦਾ। ਅਗਰ ਮੈਂ ਆਪਣੇ ਬਾਹਰ ਦੇ ਕੰਮਾਂ ਕਾਜਾਂ ਤੋਂ ਥੱਕ ਕੇ ਵਾਪਿਸ ਘਰ ਆਉਣ ਪਿੱਛੋਂ ਇਹ ਚਾਹਵਾਂ ਕਿ ਮੇਰੀ ਪਤਨੀ ਗਰਮੀ ਦੇ ਮੌਸਮ ਵਿਚ ਮੈਨੂੰ ਸ਼ਰਬਤ ਦਾ ਗਲਾਸ ਦੇਵੇ ਜਾਂ ਸ਼ਕੰਜਵੀ ਬਣਾ ਕੇ ਮੇਰੇ ਮੂਹਰੇ ਰੱਖ ਦੇਵੇ ਅਤੇ ਮੈਨੂੰ ਕੁੱਝ ਖਾਣ ਨੂੰ ਵੀ ਦੇਵੇ ਤਾਂ ਮੇਰੀਆਂ ਇਹ ਇੱਛਾਵਾਂ ਪੂਰੀਆਂ ਨਹੀਂ ਹੋ ਸਕਦੀਆਂ। ਮੇਰੀ ਸੁਸ਼ੀਲ ਅਤੇ ਸੁੰਦਰ ਫਰਜ਼ੀ ਪਤਨੀ ਨਾ ਤਾਂ ਮੈਨੂੰ ਪਿਆਸ ਬੁਝਾਉਣ ਲਈ ਸ਼ਰਬਤ, ਸ਼ਿਕੰਜਵੀ ਜਾਂ ਪਾਣੀ ਦਾ ਗਲਾਸ ਦੇਵੇਗੀ ਅਤੇ ਪੇਟ ਦੀ ਭੁੱਖ ਮਿਟਾਉਣ ਲਈ ਨਾ ਹੀ ਕੁੱਝ ਖਾਣ ਨੂੰ ਦੇਵੇਗੀ। ਮੈਂ ਇਸ ਕਲਪਿਤ ਪਤਨੀ ਨੂੰ ਰੱਖ ਕੇ ਵੀ ਭੁੱਖੇ ਦਾ ਭੁੱਖਾ ਅਤੇ ਪਿਆਸੇ ਦਾ ਪਿਆਸਾ ਹੀ ਰਹਾਂਗਾ। ਮੇਰਾ ਘਰ ਹੋਵੇਗਾ ਤਾਂ ਮੇਰੀ ਖਿਆਲੀ ਪਤਨੀ ਕਦੇ ਉਸ ਨੂੰ ਬਣਾ ਸੰਵਾਰ ਕੇ ਸਾਫ਼ ਨਹੀਂ ਰੱਖੇਗੀ। ਮੇਰੀਆਂ ਚੀਜ਼ਾਂ, ਕੱਪੜੇ ਆਦਿ ਅਗਰ ਇੱਧਰ ਉੱਧਰ ਖਿਲਰੀਆਂ ਪਈਆਂ ਹੋਣਗੀਆਂ ਤਾਂ ਮੇਰੀ ਇਹ ਫਰਜ਼ੀ ਪਤਨੀ ਕਦੀ ਵੀ ਉਨ੍ਹਾਂ ਨੂੰ ਚੁੱਕ ਕੇ ਅਤੇ ਸੰਭਾਲ ਕੇ ਤਰਤੀਬ ਨਾਲ ਨਹੀਂ ਰੱਖੇਗੀ। ਮੈਂ ਇਹ ਇੱਛਾ ਕਰ ਸਕਦਾ ਹਾਂ ਕਿ ਮੇਰੇ ਬੱਚੇ ਹੋਣ ਅਤੇ ਮੈਂ ਉਨ੍ਹਾਂ ਨੂੰ ਆਪਣੀ ਗੋਦ ਵਿਚ ਲੈ ਕੇ ਖਿਡਾਵਾਂ, ਉਨ੍ਹਾਂ ਨੂੰ ਲਾਡ ਲਡਾਵਾਂ, ਪਿਆਰ ਕਰਾਂ, ਉਨ੍ਹਾਂ ਨੂੰ ਹਸਾਵਾਂ, ਆਪ ਹੱਸਾਂ ਪਰ ਮੇਰੀ ਇਹ ਪਤਨੀ ਮੇਰੇ ਲਈ

ਕੋਈ ਬੱਚੇ ਨਹੀਂ ਪੈਦਾ ਕਰ ਸਕਦੀ। ਮਤਲਬ ਇਹ ਕਿ ਮੇਰੀਆਂ ਅਤੇ ਮੇਰੇ ਘਰ ਦੀਆਂ ਜ਼ਰੂਰਤਾਂ ਪੂਰੀਆਂ ਨਹੀਂ ਹੋਣਗੀਆਂ। ਮੇਰਾ ਫਰਜ਼ੀ ਪਰਿਵਾਰ, ਫਰਜ਼ੀ ਹੀ ਰਹੇਗਾ ਅਤੇ ਕਦੇ ਵੀ ਸੱਚਮੁੱਚ ਦਾ ਨਹੀਂ ਹੋਵੇਗਾ। ਮੈਂ ਐਸੇ ਕਲਪਿਤ ਪਰਿਵਾਰ ਤੋਂ ਜਿਸ ਤਰ੍ਹਾਂ ਦਾ ਪਹਿਲਾਂ ਸੀ ਯਾਨਿ ਬਿਨਾਂ ਪਤਨੀ ਅਤੇ ਬੱਚਿਆਂ ਤੋਂ, ਵੈਸਾ ਹੀ ਰਹਾਂਗਾ।

ਹੁਣ ਤੁਸੀਂ ਧਿਆਨ ਨਾਲ ਸੋਚੋ ਕਿ ਅਗਰ ਇਸ ਤਰ੍ਹਾਂ ਕਲਪਿਤ ਤਸਵੀਰਾਂ ਬਣਾ ਕੇ ਜੇਕਰ ਲੋਕਾਂ ਦੇ ਘਰ ਵਸ ਸਕਦੇ ਹੁੰਦੇ ਅਤੇ ਲੋਕ ਕਬੀਲਦਾਰ ਬਣ ਸਕਦੇ ਤਾਂ ਸਾਰਾ ਕੰਮ ਕਿੰਨਾ ਆਸਾਨ ਹੋ ਜਾਂਦਾ। ਚਾਰ ਪੰਜ ਮਿੰਟ ਦੀ ਕਲਪਨਾ ਕਰਨ ਨਾਲ ਸਾਰੀ ਘਰ ਗ੍ਰਹਿਸਥੀ ਦਾ ਮਕਸਦ ਪੂਰਾ ਹੋ ਜਾਂਦਾ। ਨਾ ਹਿੰਗ ਲਗਦੀ ਨਾ ਫਟਕੜੀ ਅਤੇ ਰੰਗ ਵੀ ਚੋਖਾ ਆ ਜਾਂਦਾ। ਮੇਰਾ ਖਿਆਲ ਹੈ ਤੁਸੀਂ ਸਮਝ ਗਏ ਹੋਵੋਗੇ ਕਿ ਕਿਸੇ ਚੀਜ਼ ਬਾਰੇ ਝੂਠ, ਮੂਠ, ਫਰਜ਼ੀ ਜਾਂ ਖਿਆਲੀ ਵਿਸ਼ਵਾਸ ਕਰਨ ਤੋਂ ਕੀ ਮਤਲਬ ਹੁੰਦਾ ਹੈ।

ਆਸਤਿਕ - ਹਾਂ ਜੀ, ਇਹ ਤਾਂ ਮੈਂ ਸਮਝ ਗਿਆ ਪਰ ਜੇਕਰ ਤੁਸੀਂ ਕਦੀ ਕੋਈ ਸੱਚਮੁੱਚ ਦੀ ਔਰਤ ਨਾ ਦੇਖੀ ਹੁੰਦੀ ਤਾਂ ਤੁਸੀਂ ਆਪਣੀ ਐਸੀ ਪਤਨੀ ਦੀ ਕਲਪਿਤ ਤਸਵੀਰ ਵੀ ਕਦੇ ਨਾ ਬੰਨ੍ਹ ਸਕਦੇ।

ਨਾਸਤਿਕ - ਹਾਂ ਇਹ ਸੱਚ ਹੈ, ਬਿਲਕੁਲ ਸੱਚ ਹੈ। ਜਦ ਤੱਕ ਕਿਸੇ ਤਰ੍ਹਾਂ ਦਾ ਕੋਈ ਸੱਚਾ ਵਜੂਦ ਨਾ ਹੋਵੇ ਅਤੇ ਉਹਦਾ ਕਿਸੇ ਇਨਸਾਨ ਨੂੰ ਗਿਆਨ ਨਾ ਹੋਵੇ ਤਦ ਤੱਕ ਉਸਦੇ ਨਮੂਨੇ ਤੇ ਉਹ ਕੋਈ ਕਲਪਿਤ ਤਸਵੀਰ ਨਹੀਂ ਬਣਾ ਸਕਦਾ। ਤੁਸੀਂ ਜਿਸ ਨੂੰ ਈਸ਼ਵਰ, ਪ੍ਰਮੇਸ਼ਵਰ, ਵਾਹਿਗੁਰੂ, ਖੁਦਾ, ਅੱਲਾ ਜਾਂ ਗੌਡ ਕਹਿੰਦੇ ਹੋ ਅਤੇ ਹੋਰ ਹਜ਼ਾਰਾਂ ਲੋਕ ਜਿਸ ਨੂੰ ਗਣੇਸ਼, ਭੈਰੋਂ, ਦੁਰਗਾ, ਕਾਲੀ, ਸਰਸਵਤੀ, ਸੀਤਲਾ ਆਦਿ ਦੇਵਤੇ ਅਤੇ ਦੇਵੀਆਂ ਕਹਿੰਦੇ ਹਨ। ਉਹ ਸਭ ਮੇਰੀ ਕਲਪਿਤ ਪਤਨੀ ਦੀ ਤਰ੍ਹਾਂ ਫਰਜ਼ੀ ਰੱਬ, ਦੇਵਤੇ ਅਤੇ ਦੇਵੀਆਂ ਹਨ। ਉਨ੍ਹਾਂ ਸਾਰਿਆਂ ਦੀ ਇਨਸਾਨ ਨੇ ਸੱਚ-ਮੁੱਚ ਦੇ ਇਨਸਾਨ ਜਾਂ ਪਸ਼ੂ ਨੂੰ ਦੇਖ ਕੇ ਅਤੇ ਜਾਣ ਕੇ ਹੀ ਕਲਪਣਾ ਕੀਤੀ ਹੈ ਅਤੇ ਇਸੇ ਲਈ ਵੱਖ ਵੱਖ ਸਮੇਂ ਦੇ ਵੱਖ ਵੱਖ ਲੋਕਾਂ ਨੇ ਆਪਣੀਆਂ ਆਪਣੀਆਂ ਵੱਖਰੀਆਂ ਹਾਲਾਤਾਂ ਦੇ ਅਨੁਸਾਰ ਵੱਖਰੇ ਵੱਖਰੇ ਈਸ਼ਵਰਾਂ, ਦੇਵਤਿਆਂ ਅਤੇ ਦੇਵੀਆਂ ਦੀ ਕਲਪਣਾ ਕੀਤੀ ਹੈ। ਇਨ੍ਹਾਂ ਸਾਰਿਆਂ ਬਾਰੇ ਆਪਾਂ ਪਹਿਲਾਂ ਹੀ ਚਰਚਾ ਕਰ ਚੁੱਕੇ ਹਾਂ ਕਿ ਇਹ ਵੱਖਰੇ ਵੱਖਰੇ ਰੱਬਾਂ, ਈਸ਼ਵਰਾਂ ਦੀਆਂ ਕਿਵੇਂ ਕਲਪਨਾਵਾਂ ਹੋਈਆਂ।

ਆਸਤਿਕ - ਇਹ ਬਿਆਨ ਤਾਂ ਤੁਹਾਡਾ ਜ਼ਰੂਰ ਠੀਕ ਲਗਦਾ ਹੈ ਪਰ ਤੁਸੀਂ ਇਹ ਦੱਸੋ ਕਿ ਕੋਈ ਵਜੂਦ ਸੱਚਾ ਹੈ ਜਾਂ ਫਰਜ਼ੀ ਅਤੇ ਝੂਠਾ ਹੈ, ਉਸ ਦੀ ਕੀ ਪਛਾਣ ਹੈ?

ਨਾਸਤਿਕ - ਉਹਦੀ ਪਛਾਣ ਉਨ੍ਹਾਂ ਨਿਯਮਾਂ ਨੂੰ ਸਮਝਣ ਅਤੇ ਗ੍ਰਹਿਣ ਕਰਨ ਨਾਲ ਹੋ ਸਕਦੀ ਹੈ, ਜਿਹਨਾਂ ਦੇ ਬਿਨਾਂ ਤੇ ਇਸ ਕਾਲ ਵਿਚ ਵੱਖ ਵੱਖ ਤਰ੍ਹਾਂ ਦੇ ਵਿਗਿਆਨ ਦੀ ਖੋਜ ਹੋ ਰਹੀ ਹੈ। ਹੁਣ ਜੇ ਮੈਂ ਆਪਣੀ ਫਰਜ਼ੀ ਪਤਨੀ ਨੂੰ ਆਪਣੀ ਮੂਰਖਤਾ ਦੇ ਕਾਰਨ ਸੱਚਮੁੱਚ ਦੀ ਸਮਝ ਲਵਾਂ ਜਾਂ ਵਿਸ਼ਵਾਸ ਕਰ ਲਵਾਂ ਅਤੇ ਕੋਈ ਸੂਝਵਾਨ ਆਦਮੀ ਮੈਨੂੰ ਇਸ ਕਾਲਪਨਿਕ ਵਿਸ਼ਵਾਸ ਤੋਂ ਨਿਜਾਤ ਦੁਆਣੀ ਚਾਹਵੇ ਤਾਂ ਉਹ ਮੈਨੂੰ ਇਸ ਤਰ੍ਹਾਂ ਕਹੇਗਾ ਕਿ ਤੁਸੀਂ ਆਪਣੀ ਪਤਨੀ ਨੂੰ ਕਹੋ ਕਿ ਮੇਜ਼ ਤੇ ਜਿਹੜੀ ਘੜੀ ਰੱਖੀ ਹੈ, ਉਸ ਨੂੰ ਵੇਖ ਕੇ ਦੱਸੇ ਕਿ ਕੀ ਵਕਤ ਹੋਇਆ ਹੈ? ਹੁਣ

ਜੇਕਰ ਤੁਹਾਡੀ ਪਤਨੀ ਕਲਪਿਤ ਹੈ ਤਾਂ ਉਹ ਨਾਂ ਤੁਹਾਡੀ ਇਸ ਗੱਲ ਨੂੰ ਸੁਣ ਸਕੇਗੀ ਅਤੇ ਨਾ ਹੀ ਵਕਤ ਦੱਸੇਗੀ ਤੁਸੀਂ ਉਸ ਨੂੰ ਆਖੋ ਕਿ ਫਲਾਣੀ ਚੀਜ਼ ਚੁੱਕ ਕੇ ਲੈ ਆਉ, ਪਰ ਤੁਹਾਡੀ ਕਲਪਿਤ ਪਤਨੀ ਤੁਹਾਨੂੰ ਉਹ ਚੀਜ਼ ਚੁੱਕ ਕੇ ਨਹੀਂ ਦੇਵੇਗੀ। ਅਗਰ ਤੁਸੀਂ ਕਹੋ ਕਿ ਮੇਰੇ ਲਈ ਦਸ ਵਜੇ ਤੱਕ ਰੋਟੀ ਬਣਾ ਰੱਖਣਾ ਤਾਂ ਤੁਸੀਂ ਦੇਖੋਗੇ ਕਿ ਉਸ ਨੇ ਕੋਈ ਰੋਟੀ ਨਹੀਂ ਬਣਾਈ ਅਤੇ ਤੁਸੀਂ ਇਸ ਆਸ ਵਿਚ ਭੁੱਖੇ ਦੇ ਭੁੱਖੇ ਰਹਿ ਜਾਓਗੇ ਕਿਉਂਕਿ ਖਿਆਲੀ ਪਤਨੀ ਕੋਈ ਖਾਣਾ ਨਹੀਂ ਪਕਾ ਸਕਦੀ। ਗਰਮੀ ਦੇ ਵੇਲੇ ਤੁਹਾਨੂੰ ਠੰਡੇ ਪਾਣੀ ਅਤੇ ਪੱਖੇ ਦੀ ਹਵਾ ਦੀ ਜ਼ਰੂਰਤ ਹੋਵੇ ਤਾਂ ਕਲਪਿਤ ਪਤਨੀ ਤੁਹਾਨੂੰ ਠੰਡਾ ਪਾਣੀ ਪਿਲਾ ਕੇ ਅਤੇ ਪੱਖੇ ਨਾਲ ਹਵਾ ਕਰਕੇ ਤੁਹਾਡੀ ਗਰਮੀ ਨੂੰ ਦੂਰ ਨਹੀਂ ਕਰ ਸਕਦੀ।

ਵਿਗਿਆਨ ਦੀ ਇਸ ਵਿਧੀ ਨੂੰ ਪ੍ਰੀਕਸ਼ਾ, ਪ੍ਰਯੋਗ, ਤਜ਼ਰਬਾ ਜਾਂ ਟੈਸਟ ਕਹਿੰਦੇ ਹਨ। ਜੇ ਤੁਸੀਂ ਇਸ ਤਜ਼ਰਬੇ ਦੀ ਕਸੌਟੀ ਤੋਂ ਕੰਮ ਲਵੋ ਅਤੇ ਆਪਣੇ ਕੁਦਰਤੀ ਵਰਤਾਰਿਆਂ ਦੀ ਸਮਝ ਤੋਂ ਮੂੰਹ ਨਾ ਮੋੜੋ ਤਾਂ ਫਿਰ ਝੂਠੇ ਵਜੂਦ ਨੂੰ ਝੂਠਾ ਅਤੇ ਸੱਚੇ ਵਜੂਦ ਨੂੰ ਸੱਚਾ ਪਛਾਨਣ ਵਿਚ ਕੋਈ ਮੁਸ਼ਕਿਲ ਨਹੀਂ ਆਵੇਗੀ।

ਕਿਸੇ ਇਨਸਾਨ ਵਿਚ ਬੁੱਧੀ ਦਾ ਜਦ ਤੱਕ ਕਾਫੀ ਵਿਕਾਸ ਨਾ ਹੋਵੇ ਅਤੇ ਉਸ ਨੂੰ ਕਿਸੇ ਮਿਥਿਆ ਵਿਸ਼ਵਾਸ ਨੂੰ ਛੱਡਣ ਦੀ ਸੱਚੀ ਲੋੜ ਮਾਲੂਮ ਨਾ ਹੋਵੇ ਤਦ ਤੱਕ ਉਹ ਉਹਨੂੰ ਨਹੀਂ ਛੱਡ ਸਕਦਾ ਅਤੇ ਨਾ ਹੀ ਉਹਨੂੰ ਛੱਡਣ ਦੀ ਲੋੜ ਮਹਿਸੂਸ ਹੁੰਦੀ ਹੈ। ਇਸ ਤੋਂ ਮੁਕਤੀ ਪਾਉਣ ਲਈ ਉਹਨੂੰ ਕਿਸੇ ਵਿਗਿਆਨਕ ਕਸੌਟੀ ਤੇ ਰੱਖ ਕੇ ਪਰਖਣਾ ਚਾਹੀਦਾ ਹੈ। ਇਹ ਹੀ ਕਾਰਨ ਹੈ ਕਿ ਗਣੇਸ਼, ਭੈਰੋਂ, ਕਾਲੀ, ਦੁਰਗਾ, ਸੀਤਲਾ, ਈਸ਼ਵਰ, ਅੱਲਾ, ਰੱਬ, ਖੁਦਾ, ਗੌਡ ਆਦਿ ਦਾ ਸਿੱਖਿਆ ਵਿਸ਼ਵਾਸ ਵੀ ਕਰੋੜਾਂ ਲੋਕਾਂ ਵਿਚ ਵੜਿਆ ਹੋਇਆ ਹੈ। ਅਗਰ ਤੁਹਾਨੂੰ ਝੂਠ ਦੀ ਬਜਾਏ ਸੱਚ ਦੀ ਜ਼ਰੂਰਤ ਮਹਿਸੂਸ ਹੁੰਦੀ ਹੋਵੇ ਤਾਂ ਤੁਸੀਂ ਵਿਗਿਆਨ ਦੀ ਇਸ ਤਜ਼ਰਬੇ ਵਾਲੀ ਕਸੌਟੀ ਤੇ ਆਪਣੇ ਵਿਸ਼ਵਾਸ ਨੂੰ ਪਰਖ ਕੇ ਦੇਖੋਗੇ ਅਤੇ ਫਿਰ ਤੁਹਾਨੂੰ ਉਨ੍ਹਾਂ ਦਾ ਖੋਟਾ ਅਤੇ ਖਾਰਾਪਣ ਆਪ ਹੀ ਮਲੂਮ ਹੋ ਜਾਵੇਗਾ।

ਆਸਤਿਕ – ਸ੍ਰੀਮਾਨ ਜੀ, ਮੈਂ ਹੋਰ ਲੱਖਾਂ ਕਰੋੜਾਂ ਇਨਸਾਨਾਂ ਦੀ ਤਰ੍ਹਾਂ ਹਠੀ ਅਤੇ ਇਕਪਾਸੜ ਨਹੀਂ ਹਾਂ ਅਤੇ ਨਾ ਹੀ ਮੈਂ ਕੱਟੜ ਹਾਂ ਅਤੇ ਆਪਣੇ ਦਿਮਾਗ ਨੂੰ ਕੋਈ ਈਸ਼ਵਰ ਬਾਰੇ ਜਿਸ ਜਿਸ ਤਰ੍ਹਾਂ ਨਾਲ ਸੋਚਣ ਅਤੇ ਵਿਚਾਰਨ ਬਾਰੇ ਕਹੋਗੇ ਮੈਂ ਉਹਦੇ ਆਧਾਰ ਤੇ ਹੀ ਕੋਈ ਇਹਦੇ ਬਾਰੇ ਨਤੀਜਾ ਕੱਢਣ ਦੀ ਕੋਸ਼ਿਸ਼ ਕਰਾਂਗਾ।

## ਈਸ਼ਵਰ ਦੇ ਗੁਣ ਅਤੇ ਸਰਬ ਸ਼ਕਤੀਮਾਨ ਦੀ ਪ੍ਰੀਖਿਆ

ਨਾਸਤਿਕ – ਇਹ ਤਾਂ ਫਿਰ ਬਹੁਤ ਵਧੀਆ ਗੱਲ ਹੈ। ਹੁਣ ਤੁਸੀਂ ਮੈਨੂੰ ਇਹ ਦੱਸੋ ਕਿ ਤੁਸੀਂ ਆਪਣੇ ਈਸ਼ਵਰ, ਪ੍ਰਮਾਤਮਾ, ਪਰਮੇਸ਼ਵਰ, ਵਾਹਿਗੁਰੂ, ਅੱਲਾ, ਖ਼ੁਦਾ, ਰੱਬ, ਗੌਡ ਵਿਚ ਕਿਸ ਕਿਸ ਤਰ੍ਹਾਂ ਦੇ ਗੁਣ ਮੰਨਦੇ ਹੋ?

ਆਸਤਿਕ – ਮੈਂ ਉਹਨੂੰ : 1. ਸਰਵਗਿਆਨੀ – ਸਭ ਸੰਸਾਰ ਦਾ ਗਿਆਨ ਜਾਨਣ ਵਾਲਾ ਅਤੇ ਸਭ ਤੋਂ ਉੱਤਮ ਮੰਨਦਾ ਹਾਂ ਅਤੇ ਯਕੀਨ ਕਰਦਾ ਹਾਂ।

2. ਸਰਵਸ਼ਕਤੀਮਾਨ ਹੋਣ 'ਚ ਯਕੀਨ ਕਰਦਾ ਹਾਂ।

3. ਦਯਾਵਾਨ ਅਤੇ ਸਭ ਦੀ ਭਲਾਈ ਕਰਨ ਵਾਲਾ ਮੰਨਦਾ ਹਾਂ।

4. ਮੇਰਾ ਇਹ ਵੀ ਵਿਸ਼ਵਾਸ ਹੈ ਕਿ ਉਹ ਹਰ ਜਗ੍ਹਾ ਹਾਜ਼ਰ ਨਾਜ਼ਿਰ ਹੈ ਅਤੇ ਕੋਈ ਵੀ ਚੀਜ਼ ਉਹਦੀ ਹੋਂਦ ਤੋਂ ਬਿਨਾਂ ਨਹੀਂ ਹੈ।

ਨਾਸਤਿਕ – ਬਹੁਤ ਅੱਛਾ! ਹੁਣ ਤੁਸੀਂ ਇਹ ਸੋਚੋ ਕਿ ਜੇਕਰ ਇਨ੍ਹਾਂ ਗੁਣਾਂ ਵਾਲਾ ਕੋਈ ਸੱਚਮੁੱਚ ਦਾ ਵਜੂਦ ਵਰਤਮਾਨ ਹੋਵੇ ਤਾਂ ਉਹ ਸਾਡੇ ਸਾਰਿਆਂ ਲਈ ਕਿੰਨੀ ਵਧੀਆ ਗੱਲ ਹੋਵੇਗੀ। ਐਹੋ ਜੇਹਾ ਵਜੂਦ ਸਾਡੇ ਲਈ ਕਿੰਨਾ ਲਾਭਕਾਰੀ ਅਤੇ ਹਿਤਕਾਰੀ ਸਾਬਿਤ ਹੋ ਸਕਦਾ ਹੈ – ਇਹਦਾ ਅਸੀਂ ਅੰਦਾਜ਼ਾ ਵੀ ਨਹੀਂ ਲਾ ਸਕਦੇ।

ਆਸਤਿਕ – ਬਿਲਕੁਲ ਠੀਕ! ਅਸੀਂ ਈਸ਼ਵਰ ਨੂੰ ਮੰਨਣ ਵਾਲੇ ਲੋਕ ਈਸ਼ਵਰ ਨੂੰ ਇਨਸਾਨਾਂ ਦੇ ਮੁਕਾਬਲੇ ਅਸੰਖਯ ਗੁਣਾਂ ਜ਼ਿਆਦਾ ਆਪਣਾ ਸ਼ੁਭਚਿੰਤਕ ਅਤੇ ਹਿਤਕਾਰੀ ਮੰਨਦੇ ਹਾਂ।

ਨਾਸਤਿਕ – ਬਹੁਤ ਵਧੀਆ! ਹੁਣ ਅਸੀਂ ਇਹ ਵੇਖਣਾ ਹੈ ਕਿ ਤੁਸੀਂ ਆਪਣੇ ਈਸ਼ਵਰ ਦੇ ਸਬੰਧ ਵਿਚ ਜੋ ਇਸ ਤਰ੍ਹਾਂ ਦਾ ਵਿਸ਼ਵਾਸ਼ ਰੱਖਦੇ ਹੋ, ਉਹ ਸੱਚਮੁੱਚ ਠੀਕ ਵੀ ਹੈ ਜਾਂ ਨਹੀਂ। ਇਹਨੂੰ ਪਰਖਣ ਲਈ ਅਸੀਂ ਵਿਗਿਆਨ ਦੇ ਉਸ ਨਿਯਮ ਤੋਂ ਕੰਮ ਲੈਣਾ ਚਾਹਾਂਗੇ ਜੇਹਦਾ ਨਾਮ ਇਮਤਿਹਾਨ, ਟੈਸਟ ਅਤੇ ਪੱਖਪਾਤ ਤੋਂ ਰਹਿਤ ਹੋ ਕੇ ਸਾਡੇ ਨਾਲ ਨਾਲ ਆਪਣੇ ਇਸ ਵਿਸ਼ਵਾਸ ਨੂੰ ਪ੍ਰੀਖਿਆ ਦੀ ਕਸੌਟੀ ਤੇ ਪਰਖਣਾ ਸ਼ੁਰੂ ਕਰੇ ਅਤੇ ਫਿਰ ਤੁਸੀਂ ਦੇਖੋਗੇ ਕਿ ਤੁਹਾਡਾ ਵਿਸ਼ਵਾਸ਼ ਬਿਲਕੁਲ ਕਲਪਨਾ ਤੇ ਅਧਾਰਤ ਹੈ।

ਆਸਤਿਕ – ਠੀਕ ਹੈ ਸ਼੍ਰੀਮਾਨ ਜੀ!

ਨਾਸਤਿਕ – ਤੁਹਾਡਾ ਰੱਬ, ਈਸ਼ਵਰ ਕਿਥੇ ਹੈ?

ਆਸਤਿਕ – ਮੈਂ ਤੁਹਾਨੂੰ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਉਹ ਹਰ ਥਾਂ ਮੌਜੂਦ ਹੈ।

ਨਾਸਤਿਕ – ਕੀ ਉਹ ਸਾਡੇ ਇਸ ਕਮਰੇ ਵਿਚ ਵੀ ਐਸ ਵੇਲੇ ਮੌਜੂਦ ਹੈ?

ਆਸਤਿਕ – ਜੀ ਹਾਂ, ਹੈ।

ਨਾਸਤਿਕ – ਕੀ ਉਹ ਇਸ ਸਮੇਂ ਸਾਡੀ ਸਾਰੀ ਗੱਲਬਾਤ ਸੁਣ ਰਿਹਾ ਹੈ?

ਆਸਤਿਕ – ਬਿਨਾਂ ਸ਼ੱਕ, ਹਾਂ, ਉਹ ਸੁਣ ਰਿਹਾ ਹੈ।

ਨਾਸਤਿਕ – ਕੀ ਉਹ ਸਾਡੀ ਭਾਸ਼ਾ, ਬੋਲੀ ਸਮਝ ਸਕਦਾ ਹੈ?

ਆਸਤਿਕ – ਕੀ ਭੋਲੀਆਂ ਗੱਲਾਂ ਕਰਦੇ ਹੋ। ਉਹ ਇਸ ਸੰਸਾਰ ਦੇ ਜੀਵਾਂ

ਦੀ ਹਰ ਭਾਸ਼ਾ ਬੋਲੀ ਦਾ ਜਾਣਕਾਰ ਹੈ।

ਨਾਸਤਿਕ – ਕੀ ਉਹ ਹਰ ਭਾਸ਼ਾ ਬੋਲ ਵੀ ਸਕਦਾ ਹੈ?

ਆਸਤਿਕ – ਜੀ ਹਾਂ, ਬਿਲਕੁਲ ਬੋਲ ਸਕਦਾ ਹੈ।

ਨਾਸਤਿਕ – ਇਹ ਚੰਗੀ ਗੱਲ ਹੈ। ਹੁਣ ਅਸੀਂ ਤੁਹਾਡੇ ਉਸ ਈਸ਼ਵਰ ਦੀ ਜਿਸ ਨੂੰ ਤੁਸੀਂ ਇਥੇ ਮੌਜੂਦ ਸਮਝਦੇ ਹੋ ਪ੍ਰੀਖਿਆ ਕਰਨ ਲਈ ਉਸ ਨੂੰ ਇਹ ਬੇਨਤੀ ਕਰਦੇ ਹਾਂ ਕਿ ਤੁਹਾਡੇ ਨਾਲ ਸਾਡੀ ਜੋ ਵੀ ਹੁਣ ਤੱਕ ਗੱਲਬਾਤ ਹੋਈ ਹੈ, ਉਸ ਨੂੰ ਸਾਡੀ ਭਾਸ਼ਾ ਵਿਚ ਬੋਲ ਕੇ ਸੁਣਾਵੇ ਅਤੇ ਐਸੀ ਆਵਾਜ਼ ਵਿਚ ਸੁਣਾਵੇ ਕਿ ਅਸੀਂ ਦੋਵੇਂ ਹੀ ਸੁਣੀਏ ਅਤੇ ਸਮਝ ਸਕੀਏ। ਤੁਸੀਂ ਆਪਣੇ ਈਸ਼ਵਰ ਤੋਂ ਪੁੱਛੋ ਕਿ ਕੀ ਉਹ ਇਸ ਤਰ੍ਹਾਂ ਕਰਨ ਲਈ ਤਿਆਰ ਹੈ?

ਆਸਤਿਕ – ਜੀ ਨਹੀਂ, ਇਸ ਤਰ੍ਹਾਂ ਦਾ ਤਾਂ ਉਹ ਕੁੱਝ ਵੀ ਨਹੀਂ ਬੋਲ ਸਕਦਾ।

ਨਾਸਤਿਕ – ਅੱਛਾ, ਜੇ ਉਹ ਬੋਲ ਨਹੀਂ ਸਕਦਾ ਤਾਂ ਕੀ ਲਿਖਕੇ ਦੱਸ ਸਕਦਾ ਹੈ?

ਮਿਸਾਲ ਦੇ ਤੌਰ ਤੇ ਅਸੀਂ ਕਾਗਜ਼ ਅਤੇ ਪਿਨਸਲ ਇਥੇ ਰੱਖ ਦਿੰਦੇ ਹਾਂ ਅਤੇ ਉਹ ਪਿਨਸਲ ਨੂੰ ਚੁੱਕ ਕੇ ਸਾਡੀ ਸਾਰੀ ਗੱਲਬਾਤ ਨੂੰ ਪੰਜਾਬੀ ਅੱਖਰਾਂ ਵਿਚ ਲਿਖ ਦੇਵੇ।

ਆਸਤਿਕ – ਜੀ ਨਹੀਂ, ਉਹ ਇਹ ਵੀ ਨਹੀਂ ਕਰ ਸਕਦਾ।

ਨਾਸਤਿਕ – ਹੁਣ ਜੇਕਰ ਕੋਈ ਆਦਮੀ ਆਪਣੇ ਭਰਾ ਨੂੰ ਨਾਲ ਲੈ ਕੇ ਤੁਹਾਡੇ ਕੋਲ ਆਵੇ ਅਤੇ ਕਹੇ ਕਿ ਮੇਰਾ ਭਰਾ ਬਹੁਤ ਚੰਗੀ ਤਰ੍ਹਾਂ ਅੰਗਰੇਜ਼ੀ ਜ਼ੁਬਾਨ ਜਾਣਦਾ ਹੈ, ਅਤੇ ਤੁਸੀਂ ਜੋ ਇਕ ਕਲਰਕ ਦੀ ਨੌਕਰੀ ਲਈ, ਇਸ਼ਤਹਾਰ ਦਿੱਤਾ ਸੀ, ਉਹਦੇ ਲਈ ਇੰਟਰਵਿਊ ਵਾਸਤੇ, ਉਹ ਵੀ ਇਕ ਉਮੀਦਵਾਰ ਹੈ ਅਤੇ ਕ੍ਰਿਪਾ ਕਰਕੇ ਤੁਸੀਂ ਇਹ ਨੌਕਰੀ ਉਹਨੂੰ ਜ਼ਰੂਰ ਦੇ ਦਿਉ। ਤੁਸੀਂ ਇਹ ਬੇਨਤੀ ਸੁਣ ਕੇ ਜੁਆਬ ਦਿਉਗੇ ਕਿ ਕੀ ਸਬੂਤ ਹੈ ਕਿ ਤੁਹਾਡੇ ਭਰਾ ਨੂੰ ਅੰਗਰੇਜ਼ੀ ਜ਼ੁਬਾਨ ਦੀ ਚੰਗੀ ਮੁਹਾਰਤ ਹੈ ਤਾਂ ਉਹ ਕਹਿ ਸਕਦਾ ਹੈ ਕਿ ਤੁਸੀਂ ਮੇਰੇ ਭਰਾ ਦੀ ਪ੍ਰੀਖਿਆ, ਟੈਸਟ ਲੈ ਲਵੋ। ਤੁਸੀਂ ਅੰਗਰੇਜ਼ੀ ਵਿਚ ਉਹਦੇ ਨਾਲ ਗੱਲਬਾਤ ਕਰੋ। ਤੁਸੀਂ ਕਿਸੇ ਅੰਗਰੇਜ਼ੀ ਦੀ ਕਿਤਾਬ ਵਿਚੋਂ ਉਹਦੇ ਤੋਂ ਕੁੱਝ ਪੜ੍ਹਵਾ ਕੇ ਦੇਖ ਲਓ। ਕਿਸੇ ਕਾਗਜ਼ ਤੇ ਉਹਦੇ ਕੋਲੋਂ ਅੰਗਰੇਜ਼ੀ ਵਿਚ ਕੁੱਝ ਲਿਖਵਾ ਕੇ ਦੇਖ ਲਉ। ਇਨ੍ਹਾਂ ਟੈਸਟਾਂ ਤੋਂ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਮੇਰਾ ਭਰਾ ਅੰਗਰੇਜ਼ੀ ਜਾਣਦਾ ਹੈ ਜਾਂ ਨਹੀਂ।

ਆਸਤਿਕ – (ਵਿਚੋਂ ਹੀ ਗੱਲ ਕੱਟਕੇ) ਹਾਂ ਇਹ ਠੀਕ ਹੈ, ਬਿਨਾਂ ਪ੍ਰੀਖਿਆ ਲਿਆ ਕਿਸ ਤਰ੍ਹਾਂ ਪਤਾ ਲੱਗ ਸਕਦਾ ਹੈ ਕਿ ਉਹਨੂੰ ਅੰਗਰੇਜ਼ੀ ਜ਼ੁਬਾਨ ਦੀ ਮੁਹਾਰਤ ਹੈ ਜਾਂ ਨਹੀਂ।

ਨਾਸਤਿਕ – ਠੀਕ ਹੈ, ਹੁਣ ਜੇਕਰ ਤੁਸੀਂ ਉਹਦੇ ਨਾਲ ਅੰਗਰੇਜ਼ੀ ਜ਼ੁਬਾਨ ਵਿਚ ਕੁੱਝ ਬੋਲੋ ਤਾਂ ਉਹ ਮੂਹਰਿਓ ਕੋਈ ਜੁਆਬ ਨਾ ਦੇਵੇ, ਤੁਸੀਂ ਉਹਦੇ ਸਾਹਮਣੇ ਅੰਗਰੇਜ਼ੀ ਭਾਸ਼ਾ ਵਿਚ ਕੁੱਝ ਸਤਰਾਂ ਲਿਖਣ ਨੂੰ ਕਹੋ ਅਤੇ ਉਹ ਇਕ ਅੱਖਰ ਵੀ ਨਾ ਲਿਖ ਸਕੇ ਤਾਂ ਤੁਸੀਂ ਇਸ ਸਾਰੀ ਪ੍ਰੀਖਿਆ ਦੇ ਬਾਅਦ ਕੀ ਨਤੀਜਾ ਕੱਢੋਗੇ?

ਆਸਤਿਕ – ਮੈਂ ਇਹ ਨਤੀਜਾ ਕੱਢਾਂਗਾ ਕਿ ਉਸ ਆਦਮੀ ਨੂੰ ਅੰਗਰੇਜ਼ੀ

ਨਹੀਂ ਆਉਂਦੀ ਅਤੇ ਜੋ ਵੀ ਉਹਦੇ ਬਾਰੇ ਉਹਦੇ ਭਰਾ ਨੇ ਬਿਆਨ ਕੀਤਾ ਸੀ, ਉਹ ਬਿਲਕੁਲ ਕੋਰਾ ਝੂਠ ਸੀ।

ਨਾਸਤਿਕ - ਹੁਣ ਤੁਸੀਂ ਇਸ ਪ੍ਰੀਖਿਆ ਇਮਤਿਹਾਨ ਦੇ ਇਸੇ ਨਿਯਮ ਅਨੁਸਾਰ ਈਸ਼ਵਰ ਦੇ ਵਿਸ਼ੇ ਵਿਚ ਵੀ ਆਪਣੇ ਵਿਸ਼ਵਾਸ ਮੁਤਾਬਕ ਕਿ ਈਸ਼ਵਰ ਸਾਡੀਆਂ ਸਭ ਗੱਲਾਂ ਨੂੰ ਇਥੇ ਸੁਣਦਾ ਅਤੇ ਸਮਝ ਰਿਹਾ ਹੈ, ਬਾਰੇ ਕੀ ਨਤੀਜਾ ਕੱਢੋਗੇ?

ਆਸਤਿਕ - ਇਸ ਪ੍ਰੀਖਿਆ ਦੇ ਅਧਾਰ ਤੇ ਬਿਨਾ ਸ਼ਕ ਮੈਂ ਵੀ ਇਹ ਨਤੀਜਾ ਕੱਢਾਂਗਾ ਕਿ ਇਥੇ ਕੋਈ ਸਰਵ-ਗਿਆਨੀ ਅਤੇ ਸਰਵ-ਵਿਆਪਕ ਈਸ਼ਵਰ ਨਹੀਂ ਹੈ ਜੋ ਸਾਡੀ ਗੱਲਬਾਤ ਨੂੰ ਸੁਣਦਾ ਅਤੇ ਸਮਝਦਾ ਹੋਵੇ।

ਨਾਸਤਿਕ - ਠੀਕ ਹੈ।

ਆਸਤਿਕ - ਪਰ ਕੀ ਇਹ ਨਹੀਂ ਹੋ ਸਕਦਾ ਕਿ ਉਹ ਇਥੇ ਮੌਜੂਦ ਹੋਵੇ ਅਤੇ ਸਾਡੀਆਂ ਸਾਰੀਆਂ ਗੱਲਾਂ ਸੁਣਦਾ ਅਤੇ ਸਮਝਦਾ ਹੋਵੇ ਪਰ ਸਾਨੂੰ ਕੁੱਝ ਦੱਸਣਾ ਨਾ ਚਾਹੁੰਦਾ ਹੋਵੇ।

ਨਾਸਤਿਕ - ਹਾਂ, ਹੋ ਸਕਦਾ ਹੈ। ਪਰ ਸੁਆਲ ਇਹ ਹੈ ਕਿ ਜੋ ਸਰਵ-ਵਿਆਪਕ ਹੋਵੇ ਅਤੇ ਸਭ ਤਰ੍ਹਾਂ ਦਾ ਗਿਆਨ ਰੱਖਦਾ ਹੋਵੇ, ਹਰੇਕ ਘਟਨਾ ਅਤੇ ਹਰੇਕ ਗੱਲ ਨੂੰ ਜਾਣਦਾ ਹੋਵੇ, ਉਹ ਜੋ ਕੁੱਝ ਬੋਲਣ ਅਤੇ ਦੱਸਣ ਜਾਂ ਲਿਖਣ ਦੀ ਸ਼ਕਤੀ ਨਾ ਰੱਖਦਾ ਹੋਵੇ ਜਾਂ ਅਗਰ ਸ਼ਕਤੀ ਰੱਖਦਾ ਹੋਵੇ ਪਰ ਕਿਸੇ ਨੂੰ ਕੁੱਝ ਦੱਸਣਾ ਨਾ ਚਾਹੁੰਦਾ ਹੋਵੇ, ਤਾਂ ਉਹ ਸਾਡੇ ਕਿਸ ਕੰਮ ਦਾ ਹੈ?

ਆਸਤਿਕ - ਨਿਰਸੰਦੇਹ, ਕਿਸੇ ਕੰਮ ਦਾ ਨਹੀਂ।

ਨਾਸਤਿਕ - ਹੁਣ ਜੇ ਇਹ ਮੰਨਿਆ ਜਾਵੇ ਕਿ ਉਸ ਵਿਚ ਕਿਸੇ ਗੱਲ ਦੇ ਬੋਲਣ ਜਾਂ ਦੱਸਣ ਜਾਂ ਲਿਖਣ ਦੀ ਸ਼ਕਤੀ ਹੀ ਨਹੀਂ ਹੈ ਤਾਂ ਫਿਰ ਉਹ ਲੋਕ ਜੋ ਕੁੱਝ ਕਿਤਾਬਾਂ ਨੂੰ ਅਲਹਾਮੀ (ਯਾਨੀ ਰੱਬ ਦੀਆਂ ਲਿਖੀਆਂ) ਦੱਸ ਕੇ ਇਹ ਕਹਿੰਦੇ ਫਿਰਦੇ ਹਨ ਕਿ ਇਨ੍ਹਾਂ ਵਿਚ ਜੋ ਬਾਣੀ ਹੈ, ਉਹ ਕਿਸੇ ਮਨੁੱਖ ਦੀ ਨਹੀਂ ਪਰੰਤੂ ਰੱਬ ਦੀ ਬਾਣੀ ਹੈ, ਉਨ੍ਹਾਂ ਦਾ ਕਹਿਣਾ ਸਿਵਾਏ ਝੂਠ ਦੇ ਹੋਰ ਕੀ ਹੋ ਸਕਦਾ ਹੈ?

ਆਸਤਿਕ - ਬਿਲਕੁਲ ਠੀਕ, ਸਿਵਾਏ ਝੂਠ ਦੇ ਹੋਰ ਕੁਝ ਨਹੀਂ ਹੋ ਸਕਦਾ। ਭਾਰਤਵਰਸ਼ ਵਿਚ ਸਾਡੇ ਪੂਰਵਜ਼ ਸੰਸਕ੍ਰਿਤ ਭਾਸ਼ਾ ਬੋਲਦੇ ਅਤੇ ਲਿਖਦੇ ਸਨ। ਉਨ੍ਹਾਂ ਦੀਆਂ ਲਿਖੀਆਂ ਹੋਈਆਂ ਕਿਤਾਬਾਂ ਸੰਸਕ੍ਰਿਤ ਭਾਸ਼ਾ ਅਤੇ ਦੇਵ ਨਾਗਰੀ ਲਿਪੀ ਵਿਚ ਮਿਲਦੀਆਂ ਹਨ। ਹੁਣ ਉਨ੍ਹਾਂ ਵਿਚੋਂ ਕੁਝ ਪੁਸਤਕਾਂ ਨੂੰ ਜਿਹਨਾਂ ਦਾ ਨਾਂ "ਵੇਦ" ਦੱਸਿਆ ਜਾਂਦਾ ਹੈ, ਇਕ ਪਾਸੇ ਕੱਢ ਕੇ ਉਨ੍ਹਾਂ ਬਾਰੇ ਕਹਿਣਾ ਕਿ "ਇਹ ਮਨੁੱਖ ਦੀ ਬਾਣੀ ਨਹੀਂ ਸਗੋਂ ਰੱਬ ਦੀ ਬਾਣੀ ਹੈ", ਜਾਣ ਬੁੱਝ ਕੇ ਜਾਂ ਅਣਜਾਣੇ ਝੂਠ ਜਾਂ ਗੱਪ ਮਾਰਨ ਦੇ ਸਿਵਾਏ ਹੋਰ ਕੁਝ ਨਹੀਂ ਹੋ ਸਕਦਾ। ਇਸੇ ਤਰ੍ਹਾਂ ਇਬਰਾਨੀ ਭਾਸ਼ਾ ਦੀਆਂ ਪੁਸਤਕਾਂ ਵਿਚੋਂ ਬਾਈਬਲ ਦੀ ਕਿਤਾਬ ਨੂੰ ਅਤੇ ਅਰਬੀ ਭਾਸ਼ਾ ਦੀਆਂ ਕਿਤਾਬਾਂ ਵਿਚੋਂ ਕੁਰਾਨ ਨੂੰ ਅਤੇ ਗੁਰਮੁਖੀ ਭਾਸ਼ਾ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਰੱਬ ਦੀ ਬਾਣੀ ਦੱਸਣਾ ਵੀ ਸਿਵਾਏ ਗੱਪ ਦੇ ਹੋਰ ਕੁਝ ਨਹੀਂ ਹੈ।

ਨਾਸਤਿਕ - ਤੁਸੀਂ ਠੀਕ ਨਤੀਜਾ ਕੱਢਿਆ ਹੈ ਕਿਉਂਕਿ ਜੇਕਰ ਇਹ ਈਸ਼ਵਰ (ਰੱਬਾ, ਅੱਲਾ, ਖੁਦਾ, ਗੌਡ) ਕਿਸੇ ਜ਼ਮਾਨੇ ਵਿਚ ਸੰਸਕ੍ਰਿਤ ਜਾਂ ਇਬਰਾਨੀ

ਜਾਂ ਅਰਬੀ ਭਾਸ਼ਾ ਜਾਂ ਪੰਜਾਬੀ ਵਿਚ ਕੁਝ ਬਾਣੀ ਪ੍ਰਗਟ ਕਰ ਚੁੱਕਾ ਹੈ ਤਾਂ ਉਹੀ ਈਸ਼ਵਰ ਸਾਡੀ ਪੰਜਾਬੀ ਵਿਚ ਹੋ ਰਹੀ ਗੱਲਬਾਤ ਨੂੰ ਕਿਉਂ ਨਹੀਂ ਸਮਝ ਸਕਦਾ?

ਆਸਤਿਕ - ਤੁਹਾਡਾ ਇਹ ਸ਼ੰਕਾ ਬਿਲਕੁਲ ਠੀਕ ਹੈ।

ਨਾਸਤਿਕ - ਗੱਲ ਇਹ ਹੈ ਕਿ ਇਸ ਤਰ੍ਹਾਂ ਦੇ ਈਸ਼ਵਰ ਦਾ ਸਾਰਾ ਵਿਸ਼ਵਾਸ ਹੀ ਮਿਥਿਆ ਹੈ। ਐਸਾ ਸਰਵ-ਗਿਆਨੀ, ਸਰਵ-ਸ਼ਕਤੀਮਾਨ, ਘਟ ਘਟ ਦੀ ਜਾਨਣ ਵਾਲਾ ਰੱਬ, ਈਸ਼ਵਰ, ਅੱਲਾ, ਗੌਡ, ਵਾਹਿਗੁਰੂ ਨਾ ਪਹਿਲਾਂ ਕਦੀ ਸੀ ਅਤੇ ਨਾ ਹੀ ਅੱਗੇ ਨੂੰ ਹੋਵੇਗਾ ਅਤੇ ਨਾ ਹੀ ਹੁਣ ਹੈ।

ਆਸਤਿਕ - ਪਰ ਕੁਝ ਲੋਕ ਵਿਸ਼ਵਾਸ ਕਰਦੇ ਹਨ ਕਿ ਉਹ ਪਹਿਲਾਂ ਵੀ ਅਤੇ ਹੁਣ ਵੀ ਇਨਸਾਨਾਂ ਦੇ ਅੰਤਾਕਰਣ (ਜ਼ਮੀਰ) ਰਾਹੀ ਉਨ੍ਹਾਂ ਤੱਕ ਆਪਣੀਆਂ ਨਸੀਹਤਾਂ ਪਹੁੰਚਾਉਂਦਾ ਹੈ।

ਨਾਸਤਿਕ - ਕਦੇ ਵੀ ਨਹੀਂ, ਇਹ ਸੰਭਵ ਨਹੀਂ ਹੈ। ਜਦ ਕਿਸੇ ਸਰਵ-ਗਿਆਨੀ, ਸਰਵ-ਸ਼ਕਤੀਮਾਨ, ਈਸ਼ਵਰ ਦੀ ਹਸਤੀ ਦਾ ਵਿਸ਼ਵਾਸ ਹੀ ਬਿਲਕੁਲ ਮਿਥਿਆ ਹੋਵੇ ਤਾਂ ਫਿਰ ਕਿਸੇ ਐਸੇ ਫਰਜ਼ੀ ਈਸ਼ਵਰ ਦੀ ਬਾਣੀ ਨੂੰ ਸੁਨਣ ਦਾ ਦਾਵਾ ਕਿਵੇਂ ਠੀਕ ਹੋ ਸਕਦਾ ਹੈ? ਜੋ ਈਸ਼ਵਰ ਜਾਂ ਰੱਬ ਅਸਲ ਵਿਚ ਹੈ ਹੀ ਨਹੀਂ, ਉਹਦਾ ਦਰਸ਼ਨ ਕੀ ਅਤੇ ਉਹਦੀ ਬਾਣੀ ਕੀ?

ਇਸ ਦੇ ਇਲਾਵਾ ਕਿਸ ਅੰਤਾਕਰਣ ਦੇ ਦੁਆਰਾ ਤੁਸੀਂ ਆਪਣੇ ਕਲਪਿਤ ਈਸ਼ਵਰ ਦੀ ਬਾਣੀ ਨੂੰ ਸੁਨਣ ਦਾ ਵਿਸ਼ਵਾਸ ਕਰਦੇ ਹੋ, ਉਸ ਅੰਤਾਕਰਣ ਦਾ ਖਿਆਲ ਇਸ ਲਈ ਵੀ ਸਿਰਫ਼ ਤੇ ਸਿਰਫ਼ ਕਲਪਿਤ ਹੈ ਕਿ ਉਸ ਦੇ ਜ਼ਰੀਏ ਈਸ਼ਵਰ ਦੇ ਕੁੱਲ ਪੁਜਾਰੀ ਕਿੰਨੀਆਂ ਹੀ ਗੱਲਾਂ ਬਾਰੇ ਈਸ਼ਵਰ ਵੱਲੋਂ ਇਕ ਦੂਸਰੇ ਤੋਂ ਬਿਲਕੁਲ ਵੱਖਰੇ ਵੱਖਰੇ ਅਤੇ ਕਈ ਵਾਰ ਆਪਸ ਵਿਚ ਵਿਰੋਧੀ ਆਦੇਸ਼ ਪ੍ਰਗਟ ਕਰਦੇ ਹਨ। ਮਿਸਾਲ ਦੇ ਤੌਰ 'ਤੇ ਦੁਨੀਆਂ ਦੀ ਉਤਪਤੀ ਦੇ ਸਬੰਧ ਵਿਚ ਆਰੀਆ ਸਮਾਜੀਆ, ਸਨਾਤਨ ਧਰਮੀਆਂ, ਮੁਸਲਮਾਨਾਂ ਅਤੇ ਈਸਾਈਆਂ ਦੀ ਸਿੱਖਿਆ ਇੱਕ ਨਹੀਂ ਹੈ ਸਗੋਂ ਬਿਲਕੁਲ ਹੀ ਵੱਖਰੋ ਵੱਖਰੀ ਹੈ। ਪਾਪ ਅਤੇ ਪੁੰਨ ਦੇ ਫਲਾਂ ਬਾਰੇ ਵੀ ਆਰੀਆ ਸਮਾਜੀਆਂ ਅਤੇ ਮੁਸਲਮਾਨਾਂ ਦੇ ਵਿਸ਼ਵਾਸ ਇਕ ਨਹੀਂ ਹਨ ਸਗੋਂ ਬਿਲਕੁਲ ਵੱਖਰੋ ਵੱਖਰੇ ਹਨ। ਨਿਜਾਤ ਜਾਂ ਮੁਕਤੀ ਬਾਰੇ ਬ੍ਰਹਮੋ ਸਮਾਜ, ਆਰੀਆ ਸਮਾਜੀ ਅਤੇ ਮੁਸਲਮਾਨਾਂ ਦੇ ਵਿਸ਼ਵਾਸ ਜੁੱਦੇ ਜੁੱਦੇ ਹਨ। ਭਲੇ ਅਤੇ ਬੁਰੇ ਕਰਮਾਂ ਬਾਰੇ ਵੀ ਇਕ ਮਜ਼ਹਬ ਦੇ ਲਈ ਜੋ ਕਰਮ ਬੁਰਾ ਹੈ, ਉਹ ਦੂਸਰੇ ਲਈ ਭਲਾ ਹੈ। ਨਿਯੋਗ ਦਾ ਵਿਭਚਾਰ ਆਰੀਆ ਸਮਾਜੀਆਂ ਵਿਚ ਉਚਿੱਤ ਹੈ ਪਰ ਬ੍ਰਹਮੋ ਸਮਾਜੀਆਂ ਵਿਚ ਉਚਿੱਤ ਨਹੀਂ ਹੈ। ਮੁਸਲਮਾਨਾਂ ਨੂੰ ਈਸ਼ਵਰ ਨੇ ਇਕ ਪੁਰਸ਼ ਲਈ ਇਕ ਪਤਨੀ ਦੇ ਜੀਵਤ ਰਹਿਣ ਤੇ ਵੀ ਕਈ ਵਿਆਹ ਉਚਿੱਤ ਦੱਸੇ ਹਨ ਪਰ ਈਸਾਈਆਂ ਨੂੰ ਉਚਿੱਤ ਨਹੀਂ ਦੱਸੇ। ਯਹੂਦੀਆਂ ਅਤੇ ਮੁਸਲਮਾਨਾਂ ਵਿਚ ਰੱਬ ਨੂੰ ਖੁਸ਼ ਕਰਨ ਲਈ ਪਸ਼ੂਆਂ ਦੀ ਬਲੀ ਦੇਣਾ ਉਚਿੱਤ ਹੈ ਪਰ ਬ੍ਰਹਮੋ ਸਮਾਜੀਆਂ ਅਤੇ ਆਰੀਆ ਵਿਚ ਇਹ ਠੀਕ ਨਹੀਂ ਹੈ। ਇਸ ਦੇ ਇਲਾਵਾ ਇੱਕੋ ਹੀ ਮਜ਼ਹਬ ਦੇ ਲੋਕਾਂ ਵਿਚ ਵੀ ਕੁਝ ਵਾਸਤੇ ਇਕ ਕੰਮ ਭਲਾ ਹੈ ਅਤੇ ਦੂਸਰਿਆਂ ਲਈ ਉਹ ਕੰਮ ਬੁਰਾ ਹੈ। ਮਿਸਾਲ ਦੇ ਤੌਰ 'ਤੇ ਬ੍ਰਹਮੋ ਸਮਾਜ ਦੇ ਬਾਨੀ ਦੇ ਅੰਤਾਕਰਨ ਅਨੁਸਾਰ ਸ਼ਰਾਬ ਪੀਣਾ, ਮਾਸ ਖਾਣਾ ਅਤੇ ਇਕ ਪਤਨੀ ਦੇ ਮੌਜੂਦ ਹੋਣ ਤੇ ਵੀ ਖਾਸ ਖਾਸ ਹਾਲਤਾਂ ਵਿਚ ਦੂਸਰਾ ਵਿਆਹ ਕਰਨਾ ਉਚਿੱਤ ਸੀ ਮਗਰ ਨਵ-ਵਿਧਾਨ ਬ੍ਰਹਮੋ

ਸਮਾਜ ਦੇ ਬਾਨੀ ਬਾਬੂ ਕੇਸ਼ਵ ਚੰਦਰ ਸੈਨ ਸਾਹਿਬ ਮੁਤਾਬਕ ਉਨ੍ਹਾਂ ਵਿਚੋਂ ਕੋਈ ਵੀ ਕੰਮ ਉਚਿੱਤ ਨਹੀਂ ਸੀ। ਬਾਬੂ ਕੇਸ਼ਵ ਚੰਦਰ ਸੈਨ ਸਾਹਿਬ ਨੇ ਆਪਣੇ ਖਾਸ ਯਤਨ ਨਾਲ ਜੋ ਨਿਯਮ ਨੰਬਰ ਤਿੰਨ ਸੀ ਨੂੰ 1872 'ਚ ਪਾਸ ਕਰਾਇਆ ਸੀ। ਇਸ ਨਿਯਮ ਅਨੁਸਾਰ ਕਿਸੇ ਲੜਕੀ ਦੇ ਲਈ 14 ਸਾਲ ਅਤੇ ਕਿਸੇ ਲੜਕੇ ਦੇ ਲਈ 18 ਸਾਲ ਤੋਂ ਘੱਟ ਉਮਰ ਵਿਚ ਵਿਆਹ ਕਰਨਾ ਉਚਿੱਤ ਨਹੀਂ। ਪਰ ਜਦ ਉਨ੍ਹਾਂ ਨੂੰ ਇਕ ਮਹਾਰਾਜੇ ਦੇ ਨਾਲ ਆਪਣੀ ਬੇਟੀ ਦਾ ਵਿਆਹ ਕਰਨ ਦਾ ਮੌਕਾ ਮਿਲਿਆ ਤਦ ਉਨ੍ਹਾਂ ਨੇ ਬਾਵਜੂਦ ਇਸ ਦੇ ਕਿ ਉਨ੍ਹਾਂ ਦੀ ਬੇਟੀ ਦੀ ਉਮਰ 14 ਅਤੇ ਮਹਾਰਾਜਾ ਸਾਹਿਬ ਦੀ ਉਮਰ 18 ਸਾਲ ਤੋਂ ਘੱਟ ਸੀ, ਤਦ ਵੀ ਉਨ੍ਹਾਂ ਦਾ ਵਿਆਹ ਕਰ ਦਿੱਤਾ ਅਤੇ ਕਿਹਾ ਕਿ ਉਨ੍ਹਾਂ ਨੇ ਇਹ ਕੰਮ ਆਪਣੇ ਅੰਤਾਕਰਣ ਵਿਚ ਈਸ਼ਵਰ ਦੇ ਆਦੇਸ਼ ਅਨੁਸਾਰ ਕੀਤਾ ਹੈ। ਪਰ ਉਨ੍ਹਾਂ ਦੇ ਬਹੁਤ ਸਾਰੇ ਚੇਲਿਆਂ ਨੇ ਇਸ ਗੱਲ ਦਾ ਖੰਡਨ ਕੀਤਾ ਅਤੇ ਕਿਹਾ ਕਿ ਉਨ੍ਹਾਂ ਦਾ ਇਹ ਕੰਮ ਉਨ੍ਹਾਂ ਦੇ ਆਪਣੇ ਅੰਤਾਂਕਰਣ ਅਨੁਸਾਰ ਈਸ਼ਵਰ ਦੀ ਆਗਿਆ ਦੇ ਵਿਰੁੱਧ ਹੈ। ਇਸ ਤੋਂ ਬਿਨਾਂ ਬਾਬੂ ਕੇਸ਼ਵ ਚੰਦਰ ਸੈਨ ਦੇ ਅੰਤਾਂਕਰਣ ਮੁਤਾਬਕ ਮਾਸ ਖਾਣਾ ਠੀਕ ਨਹੀਂ ਸੀ ਪਰ ਉਨ੍ਹਾਂ ਦੇ ਹੀ ਸਮਾਜ ਦੇ ਇਕ ਮਸ਼ਹੂਰ ਪ੍ਰਚਾਰਕ ਬਾਬੂ ਪ੍ਰਤਾਪ ਚੰਦਰ ਨੂੰ ਈਸ਼ਵਰ ਵੱਲੋਂ ਜੋ ਅੰਤਾਂਕਰਨ ਮੁਤਾਬਕ ਸਮੱਸਿਆ ਮਿਲੀ ਅਨੁਸਾਰ ਮਾਸਾਹਾਰ ਉਚਿੱਤ ਸੀ। ਬ੍ਰਹਮੋ ਸਮਾਜ ਵਿਚਲੇ ਕਿੰਨੇ ਹੀ ਭਗਤਜਨ ਮਾਸ ਖਾਣ ਨੂੰ ਈਸ਼ਵਰ ਦੀ ਆਗਿਆ ਦੇ ਵਿਰੁੱਧ ਮੰਨਦੇ ਹਨ ਅਤੇ ਹੋਰ ਕਈ ਬ੍ਰਹਮੋ ਸਮਾਜੀ ਮਾਸ ਖਾਣ ਨੂੰ ਈਸ਼ਵਰ ਦੀ ਆਗਿਆ ਦੇ ਅਨੁਕੂਲ ਮੰਨਦੇ ਹਨ। ਇਸੇ ਤਰ੍ਹਾਂ ਹੀ ਆਰੀਆ ਸਮਾਜੀਆਂ ਵਿਚੋਂ ਕਈ ਮਾਸ ਖਾਣਾ ਠੀਕ ਅਤੇ ਕਈ ਗਲਤ ਮੰਨਦੇ ਹਨ। ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਗੱਲਾਂ ਹਨ ਜੋ ਸਾਫ ਗਵਾਹੀ ਦਿੰਦੀਆਂ ਹਨ ਕਿ ਜਿਸ ਤਰ੍ਹਾਂ ਈਸ਼ਵਰ ਦਾ ਵਿਸ਼ਵਾਸ ਸਿਰਫ਼ ਇਕ ਕਲਪਿਤ ਵਿਸ਼ਵਾਸ ਹੈ, ਉਸ ਤਰ੍ਹਾਂ ਹੀ ਅੰਤਾਂਕਰਣ (ਜ਼ਮੀਰ) ਦੇ ਨਾਮ ਨਾਲ ਉਸ ਦੀ ਬਾਣੀ (ਕਲਾਮ) ਦੇ ਸੁਨਣ ਜਾਂ ਉਸ ਵੱਲੋਂ ਉਸਦੀ ਬਾਣੀ (ਕਲਾਮ) ਦੀ ਕੋਈ ਪੁਸਤਕ ਪ੍ਰਾਪਤ ਕਰਨ ਦਾ ਵਿਸ਼ਵਾਸ ਵੀ ਬਿਲਕੁਲ ਕਲਪਿਤ, ਮਨਘੜਤ ਅਤੇ ਗਲਤ ਹੈ।

# ਈਸ਼ਵਰ ਦੇ ਸਰਵ-ਸ਼ਕਤੀਮਾਨ ਹੋਣ ਦੀ ਪ੍ਰੀਖਿਆ

ਨਾਸਤਿਕ – ਤੁਸੀਂ ਕਿਹਾ ਸੀ ਕਿ ਤੁਸੀਂ ਈਸ਼ਵਰ ਨੂੰ ਸਰਵ–ਸ਼ਕਤੀਮਾਨ ਜਾਂ ਕੁੱਲ ਤਾਕਤਾਂ ਵਾਲਾ ਵੀ ਮੰਨਦੇ ਹੋ?

ਆਸਤਿਕ – ਜੀ ਹਾਂ, ਮੈਂ ਐਸਾ ਕਿਹਾ ਸੀ।

ਨਾਸਤਿਕ – ਹੁਣ ਪ੍ਰੀਖਿਆ ਦੀ ਕਸੌਟੀ ਨਾਲ ਅਸੀਂ ਤੁਹਾਡੇ ਇਸ ਵਿਸ਼ਵਾਸ਼ ਨੂੰ ਵੀ ਪਰਖਣਾ ਅਤੇ ਇਹ ਵੇਖਣਾ ਚਾਹੁੰਦੇ ਹਾਂ ਕਿ ਤੁਹਾਡਾ ਇਹ ਵਿਸ਼ਵਾਸ਼ ਵੀ ਸੱਚ ਹੈ ਜਾਂ ਨਹੀਂ। ਹੁਣ ਤੁਸੀਂ ਇਹ ਦੱਸੋ ਕਿ ਸਰਵ–ਸ਼ਕਤੀਮਾਨ ਤੋਂ ਤੁਹਾਡਾ ਕੀ ਮਤਲਬ ਹੈ?

ਆਸਤਿਕ – ਸਰਵ–ਸ਼ਕਤੀਮਾਨ ਤੋਂ ਕੁੱਝ ਈਸ਼ਵਰ–ਵਿਸ਼ਵਾਸ਼ੀ ਇਹ ਮਤਲਬ ਰੱਖਦੇ ਹਨ ਕਿ ਉਨ੍ਹਾਂ ਦਾ ਈਸ਼ਵਰ ਆਪਣੀ ਇੱਛਾ ਸ਼ਕਤੀ ਨਾਲ ਜਿਸ ਚੀਜ਼ ਨੂੰ ਚਾਹੇ ਪ੍ਰਗਟ ਕਰ ਸਕਦਾ ਹੈ ਅਤੇ ਜਿਸ ਚੀਜ਼ ਨੂੰ ਚਾਹੇ ਮਿਟਾ ਸਕਦਾ ਹੈ। ਇਸ ਲਈ ਉਨ੍ਹਾਂ ਦੇ ਵਿਸ਼ਵਾਸ਼ ਅਨੁਸਾਰ ਇਕ ਵੇਲਾ ਸੀ ਜਦ ਇਸ ਸੰਸਾਰ ਵਿਚ ਇਕ ਵੀ ਚੀਜ਼ ਮੌਜੂਦ ਨਹੀਂ ਸੀ ਯਾਨਿ ਨਾ ਕੋਈ ਜੜ (ਮਾਦਾ) ਸੀ ਅਤੇ ਨਾ ਹੀ ਕੋਈ ਸ਼ਕਤੀ (ਤਾਕਤ) ਸੀ ਪਰ ਈਸ਼ਵਰ ਨੇ ਇੱਛਾ ਜ਼ਾਹਿਰ ਕੀਤੀ ਅਤੇ ਕਿਹਾ ਕਿ ਜੜ ਪਦਾਰਥ ਪ੍ਰਗਟ ਹੋਵੇ ਅਤੇ ਉਹ ਨੇਸਤੀ ਤੋਂ ਹਸਤੀ ਵਿਚ ਆ ਗਏ। ਐਸੇ ਤਰ੍ਹਾਂ ਉਹਨੇ ਕਿਹਾ ਕਿ ਤਾਪ ਦੀ ਸ਼ਕਤੀ ਪ੍ਰਗਟ ਹੋਵੇ ਅਤੇ ਉਹ ਨੇਸਤੀ ਤੋਂ ਹਸਤੀ ਵਿਚ ਆ ਗਈ। ਉਸ ਨੇ ਕਿਹਾ ਕਿ ਬਿਜਲੀ ਦੀ ਤਾਕਤ ਪ੍ਰਗਟ ਹੋਵੇ ਅਤੇ ਉਹ ਉਹਦੇ ਕਹਿਣ ਤੇ ਆਪਣੇ ਆਪ ਪੈਦਾ ਹੋ ਗਈ। ਉਹਨੇ ਕਿਹਾ ਕਿ ਇੱਕ ਚੁੰਬਕ ਪ੍ਰਗਟ ਹੋਵੇ ਅਤੇ ਉਹ ਉਹਦੇ ਕਹਿਣ ਨਾਲ ਆਪਣੇ ਆਪ ਪੈਦਾ ਹੋ ਗਈ। ਇਸੇ ਤਰ੍ਹਾਂ ਇਕ ਦਿਨ ਬੈਠੇ ਬੈਠੇ ਉਹਨੇ ਕਿਹਾ ਕਿ ਰੋਸ਼ਨੀ ਦੇਣ ਵਾਲਾ ਇਕ ਸੂਰਜ ਬਣ ਜਾਵੇ ਅਤੇ ਫਿਰ ਇਕ ਸੂਰਜ ਬਣ ਗਿਆ, ਇੱਕ ਐਸੀ ਪ੍ਰਿਥਵੀ ਬਣ ਜਾਵੇ ਜਿਸ ਉਤੇ ਕੋਈ ਆਬਾਦੀ ਨਾ ਹੋਵੇ ਤਾਂ ਇਕ ਐਸੀ ਪ੍ਰਿਥਵੀ ਬਣ ਗਈ। ਫਿਰ ਕੁੱਝ ਸਮੇਂ ਬਾਅਦ ਉਹਨੇ ਹੁਕਮ ਦਿੱਤਾ ਕਿ ਇਸ ਪ੍ਰਿਥਵੀ ਤੇ ਤਰ੍ਹਾਂ–ਤਰ੍ਹਾਂ ਦੇ ਦਰਖਤ, ਪਸ਼ੂ, ਪੰਛੀ, ਜਾਨਵਰ ਅਤੇ ਇਨਸਾਨ ਪੈਦਾ ਹੋ ਜਾਣ ਅਤੇ ਉਹ ਪੈਦਾ ਹੋ ਗਏ। ਐਸੇ ਤਰ੍ਹਾਂ ਹੀ ਉਹਨੇ ਆਪਣੀ ਇੱਛਾ ਸ਼ਕਤੀ ਅਰਥਾਤ ਇਰਾਦੇ ਦੀ ਤਾਕਤ ਨਾਲ ਇਹ ਕੁੱਲ ਦੁਨੀਆਂ ਅਤੇ ਚੀਜ਼ਾਂ ਪੈਦਾ ਕਰ ਦਿੱਤੀਆਂ। ਕਈ ਈਸ਼ਵਰਵਾਦੀ ਇਹ ਮੰਨਦੇ ਹਨ ਕਿ ਈਸ਼ਵਰ ਵਿਚ ਕਿਸੇ ਚੀਜ਼ ਨੂੰ ਜੋ ਕਦੇ ਪਹਿਲਾਂ ਨਹੀਂ ਸੀ, ਪੈਦਾ ਕਰ ਦੇਣ ਦੀ ਤਾਕਤ ਨਹੀਂ ਹੈ। ਉਨ੍ਹਾਂ ਮੁਤਾਬਕ ਜੜ, ਪਦਾਰਥ, ਬੇਜਾਨ ਸ਼ਕਤੀਆਂ ਅਤੇ ਇਨਸਾਨਾਂ ਦੀਆਂ ਰੂਹਾਂ ਸਦਾ ਤੋਂ ਇਥੇ ਰਹਿੰਦੀਆਂ ਰਹੀਆਂ ਹਨ ਅਤੇ ਪਰਮੇਸ਼ਵਰ ਇਨ੍ਹਾਂ ਚੀਜ਼ਾਂ ਆਪਣੀ ਕਾਰੀਗਰੀ ਦੀ ਤਾਕਤ ਜ਼ਰੀਏ ਇੱਕ ਜਾਂ ਦੂਸਰੀ ਸ਼ਕਲ ਵਿਚ ਘੜ ਘੜ ਕੇ ਤਿਆਰ ਕਰ ਦਿੰਦਾ ਹੈ ਅਤੇ ਉਹ ਹਰ ਰੋਜ਼ ਇਸ ਕਾਰੀਗਰੀ ਦੇ ਕੰਮ ਵਿਚ ਲੱਗਿਆ ਰਹਿੰਦਾ ਹੈ। ਉਹ ਹੀ ਹੈ ਜੋ ਆਪਣੀ ਇਸ ਤਾਕਤ ਨਾਲ ਸਾਰੇ ਸੰਸਾਰ ਨੂੰ ਚਲਾਉਂਦਾ ਹੈ ਅਰਥਾਤ ਆਪਣੀ ਇੱਛਾ ਅਨੁਸਾਰ ਕਦੀ ਕਿਸੇ ਨੂੰ ਬਣਾ ਕੇ ਪ੍ਰਗਟ ਕਰਦਾ ਹੈ ਅਤੇ ਕਦੀ ਕਿਸੇ ਨੂੰ ਢਾਹ ਕੇ ਨਸ਼ਟ ਕਰ ਦਿੰਦਾ ਹੈ। ਉਹੀ ਆਪਣੀ ਇੱਛਾ ਅਨੁਸਾਰ ਇਸ ਪ੍ਰਿਥਵੀ

ਨੂੰ ਹਲਾ ਕੇ ਭੂਚਾਲ ਲੈ ਆਉਂਦਾ ਹੈ। ਕਦੀ ਮੀਂਹ ਪਾਉਂਦਾ ਹੈ। ਕਦੀ ਤੂਫ਼ਾਨ ਲੈ ਆਉਂਦਾ ਹੈ ਅਤੇ ਕਦੀ ਬਿਜਲੀ ਗਿਰਾ ਦਿੰਦਾ ਹੈ। ਉਹੀ ਲੱਖਾਂ ਬੱਚੇ ਪੈਦਾ ਕਰਦਾ ਹੈ ਅਤੇ ਲੱਖਾਂ ਕਰੋੜਾਂ ਇਨਸਾਨਾਂ, ਜਾਨਵਰਾਂ ਅਤੇ ਪਸ਼ੂਆਂ ਪੰਛੀਆਂ ਨੂੰ ਮੌਤ ਭੇਜ ਕੇ ਮਾਰ ਦਿੰਦਾ ਹੈ ਮਤਲਬ ਕਿ ਉਹਦੀ ਤਾਕਤ ਦੀ ਕੋਈ ਹੱਦ ਨਹੀਂ ਹੈ। ਇਸ ਕੁੱਲ ਵਿਸ਼ਵ ਤੇ ਉਹਦਾ ਰਾਜ ਹੈ, ਉਹਦੀ ਰਜ਼ਾ ਤੋਂ ਬਿਨਾਂ ਤਾਂ ਇਕ ਪੱਤਾ ਵੀ ਨਹੀਂ ਹਿੱਲ ਸਕਦਾ। ਸਭ ਕੁਝ ਉਹਦੇ ਹੁਕਮ 'ਚ ਹੈ। ਵੱਡੇ ਵੱਡੇ ਸੂਰਜ, ਚੰਦ ਅਤੇ ਪ੍ਰਿਥਵੀ ਉਹਦੀ ਤਾਕਤ ਨੂੰ ਲੈ ਕੇ ਕਾਇਮ ਹਨ। ਉਹ ਜੋ ਕੁੱਝ ਚਾਹੁੰਦਾ ਹੈ, ਉਹ ਹੀ ਕਰ ਸਕਦਾ ਹੈ ਅਤੇ ਕਰਦਾ ਹੈ। ਉਹ ਸਰਵ-ਸ਼ਕਤੀਮਾਨ ਜਾਂ ਸਭ ਕੁੱਝ ਕਰਨ ਦੀ ਤਾਕਤ ਰੱਖਦਾ ਹੈ।

ਨਾਸਤਿਕ - ਇਸ ਵਿਸ਼ਵ ਜਾਂ ਕੁਦਰਤ ਦੀ ਸੱਤਾ ਤਾਂ ਨਿਰਸੰਦੇਹ ਸੱਚ ਹੈ ਪਰੰਤੂ ਉਹਨੂੰ ਕਿਸੇ ਪੁਰਸ਼ ਨੇ ਆਪਣੀ ਇੱਛਾ ਮੁਕਤੀ ਅਰਥਾਤ ਇਰਾਦੇ ਦੀ ਤਾਕਤ ਨਾਲ ਨੇਸਤੀ ਤੋਂ ਹਸਤੀ ਨਹੀਂ ਕੀਤਾ ਕਿਉਂਕਿ ਇਹ ਵਿਸ਼ਵ ਜੇਹਨਾਂ ਦੋ ਤਰ੍ਹਾਂ ਦੀਆਂ ਚੀਜ਼ਾਂ ਅਰਥਾਤ ਜੜ ਅਤੇ ਸ਼ਕਤੀ ਨਾਲ ਬਣਿਆ ਹੋਇਆ ਹੈ, ਉਹ ਇਥੇ ਸਦਾ ਤੋਂ ਹੈ ਅਤੇ ਸਦਾ ਰਹਿੰਦੀ ਹੈ। ਉਹ ਕਦੇ ਵੀ ਨਸ਼ਟ ਨਹੀਂ ਹੁੰਦੀ। ਇਸ ਲਈ ਉਨ੍ਹਾਂ ਨੂੰ ਕੋਈ ਸਿਰਜਣ ਵਾਲਾ ਜਾਂ ਨੇਸਤੀ ਤੋਂ ਹਸਤੀ ਵਿਚ ਲਿਆਉਣ ਵਾਲਾ ਨਹੀਂ ਹੋ ਸਕਦਾ। ਜੜ੍ਹ ਅਤੇ ਸ਼ਕਤੀ ਦੇ ਆਪਸ ਵਿਚ ਮੇਲ ਨਾਲ ਇਸ ਦੁਨੀਆਂ ਵਿਚ ਕਈ ਤਰ੍ਹਾਂ ਦੇ ਆਕਾਰ ਕਦੀ ਪ੍ਰਗਟ ਅਤੇ ਕਦੇ ਅਲੋਪ ਹੁੰਦੇ ਰਹਿੰਦੇ ਹਨ ਅਰਥਾਤ ਬਣਦੇ ਜਾਂ ਮਿਟਦੇ ਰਹਿੰਦੇ ਹਨ। ਇਨ੍ਹਾਂ ਅਕਾਰਾਂ ਨੂੰ ਕੋਈ ਵਿਸ਼ੇਸ਼ ਪੁਰਸ਼ ਨਹੀਂ ਬਣਾਉਂਦਾ, ਹਾਂ ਇਹ ਦੋਵੇਂ ਸਦਾ ਤੋਂ ਹਨ ਅਤੇ ਉਨ੍ਹਾਂ ਦਾ ਇਹ ਸ੍ਰਿਸ਼ਟੀ ਦਾ ਖੇਲ ਵੀ ਸਦਾ ਤੋਂ ਹੈ। ਉਨ੍ਹਾਂ ਦਾ ਪੈਦਾ ਕਰਨ ਜਾਂ ਘੜਨ ਵਾਲਾ ਕੋਈ ਪੁਰਸ਼ ਨਾ ਪਹਿਲਾਂ ਕਦੀ ਸੀ ਅਤੇ ਨਾ ਹੀ ਹੁਣ ਹੈ। ਉਹਦੀ ਕਦੀ ਅੱਜ ਤੱਕ ਜ਼ਰੂਰਤ ਨਹੀਂ ਹੋਈ ਅਤੇ ਨਾ ਹੀ ਅਗਾਂਹ ਨੂੰ ਹੋਵੇਗੀ। ਸਰਵ-ਸ਼ਕਤੀਮਾਨ ਪੁਰਸ਼ ਦਾ ਵਿਚਾਰ ਲੋਕਾਂ ਦੀ ਅਗਿਆਨਤਾ ਤੋਂ ਪੈਦਾ ਹੋਇਆ ਹੈ। ਕੋਈ ਸਰਵ-ਸ਼ਕਤੀਮਾਨ ਈਸ਼ਵਰ ਕਿਸੇ ਥਾਂ, ਅਸਮਾਨ ਜਾਂ ਪ੍ਰਿਥਵੀ ਉੱਤੇ ਮੌਜੂਦ ਨਹੀਂ ਹੈ, ਜਿਸ ਤਰ੍ਹਾਂ ਇਸ ਕਮਰੇ ਵਿਚ ਤੁਹਾਡੇ ਸਰਵ-ਗਿਆਨੀ ਰੱਬ, ਅੱਲਾ, ਈਸ਼ਵਰ, ਵਾਹਿਗੁਰੂ ਦਾ ਮੌਜੂਦ ਹੋਣਾ ਝੂਠ ਸਾਬਿਤ ਹੋ ਚੁੱਕਿਆ ਹੈ। ਉਸੇ ਤਰ੍ਹਾਂ ਤੁਹਾਡੇ ਸਰਵ-ਸ਼ਕਤੀਮਾਨ ਈਸ਼ਵਰ ਦਾ ਮੌਜੂਦ ਹੋਣਾ ਵੀ ਪ੍ਰੀਖਿਆ ਦੀ ਕਸਵੱਟੀ ਨਾਲ ਝੂਠਾ ਸਾਬਿਤ ਕੀਤਾ ਜਾ ਸਕਦਾ ਹੈ।

ਆਸਤਿਕ - ਉਹ ਕਿਸ ਤਰ੍ਹਾਂ?

ਨਾਸਤਿਕ - ਤੁਸੀਂ ਆਪਣੇ ਸਰਵ-ਸ਼ਕਤੀਮਾਨ ਈਸ਼ਵਰ ਨੂੰ ਕਹੋ ਕਿ ਮੇਰੀ ਉਸ ਪਿਨਸਲ ਨੂੰ ਜੋ ਮੇਜ਼ ਤੇ ਰੱਖੀ ਹੋਈ ਹੈ ਨੂੰ ਚੁੱਕ ਕੇ ਕਿਸੇ ਦੂਸਰੀ ਥਾਂ ਰੱਖ ਦੇਵੇ। ਉਹਨੂੰ ਪ੍ਰਾਰਥਨਾ ਕਰਕੇ ਦੇਖੋ ਕਿ ਉਹ ਐਸਾ ਕਰ ਸਕਦਾ ਹੈ ਜਾਂ ਨਹੀਂ?

ਆਸਤਿਕ - ਮੈਂ ਪ੍ਰੀਖਿਆ ਕਰਕੇ ਵੇਖ ਲਿਆ ਹੈ, ਉਹ ਤੁਹਾਡੀ ਪਿਨਸਲ ਨੂੰ ਨਹੀਂ ਚੁੱਕ ਸਕਿਆ।

ਨਾਸਤਿਕ - ਮੈਂ ਆਪਣੇ ਹੱਥ ਦੀ ਇੱਕ ਉਂਗਲ ਨੂੰ ਅੱਗੇ ਵੱਲ ਕੱਢ ਕੇ ਖੜ੍ਹਦਾ ਹਾਂ। ਤੁਸੀਂ ਆਪਣੇ ਈਸ਼ਵਰ ਨੂੰ ਬੇਨਤੀ ਕਰੋ ਕਿ ਉਹ ਮੇਰੀ ਉਂਗਲ ਨੂੰ ਝੁਕਾ ਦੇਵੇ।

ਆਸਤਿਕ - ਮੈਂ ਉਹਨੂੰ ਬੇਨਤੀ, ਪ੍ਰਾਰਥਨਾ ਕੀਤੀ ਅਤੇ ਕੁੱਝ ਦੇਰ ਇੰਤਜ਼ਾਰ ਵੀ ਕੀਤਾ ਪਰ ਤੁਹਾਡੀ ਉਂਗਲ ਵੈਸੀ ਹੀ ਹੈ, ਉਹਨੂੰ ਸਰਵ-ਸ਼ਕਤੀਮਾਨ ਈਸ਼ਵਰ ਝੁਕਾ ਨਹੀਂ ਸਕਿਆ।

ਨਾਸਤਿਕ - ਤੁਸੀਂ ਆਪਣੇ ਸਰਵ-ਸ਼ਕਤੀਮਾਨ ਈਸ਼ਵਰ ਨੂੰ ਕਹੋ ਕਿ ਮੇਰੇ ਸਾਹਮਣੇ ਜੋ ਕਾਗਜ਼ ਰੱਖਿਆ ਹੋਇਆ ਹੈ, ਉਹਨੂੰ ਪਾੜ ਕੇ ਦੋ ਟੁਕੜੇ ਕਰ ਦੇਵੇ।

ਆਸਤਿਕ - ਉਹ ਇਹ ਵੀ ਨਹੀਂ ਕਰ ਸਕਦਾ।

ਨਾਸਤਿਕ - ਤੁਸੀਂ ਆਪਣੇ ਸਰਵ-ਸ਼ਕਤੀਮਾਨ ਈਸ਼ਵਰ ਨੂੰ ਕਹੋ ਕਿ ਮੇਰੀ ਮੇਜ਼ ਤੇ ਛੋਟੀ ਜੇਹੀ ਘੰਟੀ ਰੱਖੀ ਹੋਈ ਹੈ, ਉਹ ਉਹਨੂੰ ਚੁੱਕ ਕੇ ਵਜਾਏ ਤਾਂ ਸਹੀ।

ਆਸਤਿਕ - ਉਹ ਘੰਟੀ ਚੁੱਕ ਕੇ ਨਹੀਂ ਵਜਾ ਸਕਦਾ।

ਨਾਸਤਿਕ - ਫਿਰ ਉਹ ਕੇਹੋ ਜੇਹਾ ਸਰਵ-ਸ਼ਕਤੀਮਾਨ ਪੁਰਸ਼ ਹੈ, ਉਸ ਵਿਚ ਤਾਂ ਐਨੀ ਸ਼ਕਤੀ ਵੀ ਨਹੀਂ ਹੈ ਜੋ ਕਿ ਇੱਕ ਤਿੰਨ ਸਾਲਾਂ ਦੇ ਬੱਚੇ ਵਿਚ ਹੁੰਦੀ ਹੈ ਅਤੇ ਜੋ ਮੇਰੀ ਪਿਨਸਲ ਨੂੰ ਚੁੱਕ ਕੇ ਇਕ ਥਾਂ ਤੋਂ ਦੂਸਰੇ ਥਾਂ ਰੱਖ ਸਕਦਾ ਹੈ, ਇਸ ਕਾਗਜ਼ ਨੂੰ ਪਾੜ ਕੇ ਦੋ ਦੀ ਥਾਂ ਚਾਰ ਟੁਕੜੇ ਕਰ ਸਕਦਾ ਹੈ, ਮੇਰੀ ਘੰਟੀ ਨੂੰ ਚੁੱਕ ਕੇ ਵਜਾ ਸਕਦਾ ਹੈ। ਹੁਣ ਜੇਕਰ ਕੋਈ ਸੱਚਮੁੱਚ ਦਾ ਐਸਾ ਈਸ਼ਵਰ ਹੋਵੇ ਜੋ ਤੁਹਾਡੇ ਕਹਿਣ ਅਨੁਸਾਰ ਇਸ ਪ੍ਰਿਥਵੀ ਨੂੰ ਹਿਲਾ ਸਕਦਾ ਹੈ ਜੋ ਕਿ ਕਰੋੜਾਂ ਮਣ ਭਾਰੀ ਹੈ, ਜੋ ਸਾਨੂੰ ਦਿੱਸਦੇ ਸੂਰਜ ਨੂੰ ਘੁਮਾ ਸਕਦਾ ਹੈ ਜੋ ਕਿ ਪ੍ਰਿਥਵੀ ਤੋਂ ਵੀ ਲੱਖਾਂ ਗੁਣਾਂ ਵੱਡਾ ਅਤੇ ਭਾਰੀ ਹੈ ਤਾਂ ਕਿ ਉਹ ਮੇਰੀ ਚੰਦ ਮਾਸ਼ਿਆਂ ਦੀ ਇਕ ਪਿਨਸਲ ਨੂੰ ਨਹੀਂ ਚੁੱਕ ਸਕਦਾ ਅਤੇ ਇਕ ਬਹੁਤ ਹਲਕੇ ਕਾਗਜ਼ ਨੂੰ ਪਾੜ ਕੇ ਉਹਦੇ ਦੋ ਟੁਕੜੇ ਨਹੀਂ ਕਰ ਸਕਦਾ? ਜ਼ਰੂਰ ਕਰ ਸਕਦਾ, ਪਰੰਤੂ ਉਹ ਸਿਰਫ਼ ਇਕ ਫਰਜ਼ੀ ਵਜੂਦ ਹੈ ਅਤੇ ਇਸੇ ਲਈ ਪ੍ਰੀਖਿਆ ਦੀ ਕਸਵੱਟੀ ਤੇ ਪਰਖਣ ਤੋਂ ਸਿਵਾਏ ਕਲਪਿਤ ਵਜੂਦ ਦੇ ਹੋਰ ਕੁੱਝ ਸਾਬਿਤ ਨਹੀਂ ਹੋ ਸਕਿਆ।

ਆਸਤਿਕ - ਹਾਂ ਜੀ, ਨਿਰਸੰਦੇਹ ਪ੍ਰੀਖਿਆ ਦੀ ਕਸਵੱਟੀ ਤੇ ਪਰਖਣ ਨਾਲ ਤਾਂ ਸਰਵ-ਸ਼ਕਤੀਮਾਨ ਈਸ਼ਵਰ, ਵਹਿਮ ਦੇ ਸਿਵਾਏ ਹੋਰ ਕੁੱਝ ਨਹੀਂ ਸਾਬਿਤ ਹੋ ਸਕਿਆ।

# ਈਸ਼ਵਰ ਦੇ ਦਿਆਲੂ ਹੋਣ ਦੀ ਪ੍ਰੀਖਿਆ

ਨਾਸਤਿਕ – ਤੁਸੀਂ ਆਪਣੇ ਈਸ਼ਵਰ ਦਾ ਤੀਸਰਾ ਗੁਣ ਕੀ ਦੱਸਿਆ ਸੀ?

ਆਸਤਿਕ – ਮੈਂ ਦੱਸਿਆ ਸੀ ਕਿ ਸਾਡਾ ਈਸ਼ਵਰ ਦਯਾਵਾਨ, ਰਹੀਮ ਅਤੇ ਕਰੀਮ ਹੈ। ਕੀ ਤੁਸੀਂ ਇਸ ਗੁਣ ਦੀ ਵੀ ਪਰਿਭਾਸ਼ਾ ਜਾਨਣਾ ਚਾਹੁੰਦੇ ਹੋ?

ਨਾਸਤਿਕ – ਜੀ ਹਾਂ! ਮੈਂ ਤੁਹਾਡੇ ਕਲਪਿਤ ਈਸ਼ਵਰ ਦੇ ਹਰੇਕ ਗੁਣ ਦੀ ਪਰਿਭਾਸ਼ਾ ਜਾਨਣਾ ਚਾਹੁੰਦਾ ਹਾਂ। ਹੁਣ ਤੁਸੀਂ ਇਹ ਦੱਸੋ ਕਿ ਦਯਾਵਾਨ ਯਾਨਿ ਰਹੀਮ ਅਤੇ ਕਰੀਮ ਤੋਂ ਤੁਹਾਡਾ ਕੀ ਮਤਲਬ ਹੈ?

ਆਸਤਿਕ – ਦਯਾਵਾਨ ਤੋਂ ਮੇਰਾ ਮਤਲਬ ਇਹ ਹੈ ਕਿ ਸਾਡਾ ਈਸ਼ਵਰ ਹਰੇਕ ਦੁਖੀ ਜਾਂ ਮਜ਼ਲੂਮ ਦੇ ਦੁੱਖ ਨੂੰ ਮਹਿਸੂਸ ਕਰਦਾ ਹੈ ਅਤੇ ਹਮਦਰਦੀ ਦੇ ਨਾਲ ਨਾਲ ਉਹ ਉਸ ਦੁਖੀ ਮਜ਼ਲੂਮ ਦੀ ਸਹਾਇਤਾ ਵੀ ਕਰਦਾ ਹੈ।

ਨਾਸਤਿਕ – ਬਹੁਤ ਅੱਛਾ! ਤੁਹਾਡਾ ਰਹੀਮ ਅਤੇ ਕਰੀਮ ਤੋਂ ਕੀ ਮਤਲਬ ਹੈ?

ਆਸਤਿਕ – ਰਹੀਮ ਅਤੇ ਕਰੀਮ ਤੋਂ ਮੇਰਾ ਮਤਲਬ ਹੈ ਕਿ ਈਸ਼ਵਰ ਸਭ ਜੀਵਾਂ ਦਾ ਸਦਾ ਭਲਾ ਚਾਹੁੰਦਾ ਹੈ ਅਤੇ ਹਰੇਕ ਹਾਲਤ ਵਿਚ ਉਨ੍ਹਾਂ ਦੀ ਭਲਾਈ ਕਰਦਾ ਹੈ ਅਤੇ ਕਦੇ ਵੀ ਕਿਸੇ ਵੀ ਹਾਲਤ ਵਿੱਚ ਕਿਸੇ ਵੀ ਜੀਵ ਦਾ ਬੁਰਾ ਨਹੀਂ ਕਰਦਾ।

ਨਾਸਤਿਕ – ਕਿਸੇ ਦਾ ਭਲਾ ਜਾਂ ਬੁਰਾ ਕਰਨ ਤੋਂ ਤੁਹਾਡਾ ਕੀ ਮਤਲਬ ਹੈ?

ਆਸਤਿਕ – ਭਲੇ ਜਾਂ ਬੁਰੇ ਦਾ ਮੋਟਾ ਮੋਟਾ ਗਿਆਨ ਤਾਂ ਆਮ ਤੌਰ ਤੇ ਸਭ ਹੀ ਲੋਕਾਂ ਨੂੰ ਹੈ ਅਰਥਾਤ ਜੇ ਕੋਈ ਦਯਾਵਾਨ ਪੁਰਸ਼ ਕਿਸੇ ਰੋਗੀ ਪੁਰਸ਼ ਜਾਂ ਪਸ਼ੂ ਦੀ ਸੇਵਾ ਕਰੇ ਜਾਂ ਉਹਨੂੰ ਇਲਾਜ ਨਾਲ ਰਾਜ਼ੀ ਕਰ ਦੇਵੇ ਤਾਂ ਉਹ ਭਲਾ ਕੰਮ ਹੈ। ਜੇ ਕੋਈ ਭੁੱਖਾ ਮਰਦਾ ਹੋਵੇ ਅਤੇ ਆਪ ਕਮਾ ਕੇ ਆਪਣਾ ਖਾਣਾ ਪ੍ਰਾਪਤ ਕਰਨ ਦੇ ਯੋਗ ਨਾ ਹੋਵੇ ਤਾਂ ਉਹਨੂੰ ਕੋਈ ਭੋਜਨ ਦੇ ਦੇਵੇ ਤਾਂ ਭਲੀ ਗੱਲ ਹੈ। ਜੇਕਰ ਕੋਈ ਪੁਰਸ਼, ਮੁੰਡਿਆਂ ਅਤੇ ਕੁੜੀਆਂ ਨੂੰ ਪੜ੍ਹਾਉਣ ਲਈ ਸਕੂਲ ਖੋਲ੍ਹ ਦੇਵੇ ਜਾਂ ਉਨ੍ਹਾਂ ਨੂੰ ਆਪ ਪੜ੍ਹਾਉਣਾ ਸ਼ੁਰੂ ਕਰੇ ਤਾਂ ਇਹ ਹੋਰ ਵੀ ਜ਼ਿਆਦਾ ਭਲਾ ਕੰਮ ਹੈ ਅਤੇ ਜੋ ਪਾਪੀ ਆਦਮੀਆਂ ਨੂੰ ਪਾਪ ਤੋਂ ਮੁਕਤੀ ਦੇਣ ਦੀ ਕਿਸੇ ਵਿਚ ਤਾਕਤ ਹੋਵੇ ਅਤੇ ਉਹ ਉਨ੍ਹਾਂ ਪਾਪਾਂ ਤੋਂ ਮੁਕਤੀ ਦੇ ਕੇ ਅਤੇ ਸੁਆਰਥ ਵਿਚੋਂ ਕੱਢਕੇ ਹੋਰਾਂ ਦੀ ਨਿਸ਼ਕਾਮ ਸੇਵਾ ਕਰਨ ਦੇ ਲਾਇਕ ਬਣਾ ਦੇਵੇ ਤਾਂ ਇਹ ਸਭ ਭਲਾਈਆਂ ਤੋਂ ਵੱਧ ਕੇ ਭਲਾਈ ਦਾ ਕੰਮ ਹੈ।

ਨਾਸਤਿਕ – ਠੀਕ ਹੈ! ਹੁਣ ਇਨ੍ਹਾਂ ਗੱਲਾਂ ਨੂੰ ਸਾਹਮਣੇ ਰੱਖ ਕੇ ਤੁਹਾਡੇ ਈਸ਼ਵਰ ਦੀ ਪਰਿਭਾਸ਼ਾ ਕਰਨਾ ਚਾਹੁੰਦੇ ਹਾਂ ਅਤੇ ਵੇਖਣਾ ਚਾਹੁੰਦੇ ਹਾਂ ਕਿ ਉਹ ਇਨ੍ਹਾਂ ਵਿਚੋਂ ਕਿਸ ਕਿਸ ਤਰ੍ਹਾਂ ਦੀ ਭਲਾਈ ਦਾ ਕੰਮ ਕਰਦਾ ਹੈ।

ਆਸਤਿਕ – ਅੱਛੀ ਬਾਤ।

ਨਾਸਤਿਕ – ਤੁਸੀਂ ਕਿਹਾ ਸੀ ਕਿ ਕਿਸੇ ਰੋਗੀ ਮਨੁੱਖ ਜਾਂ ਪਸ਼ੂ ਦੀ ਸੇਵਾ

ਕਰਨਾ ਅਤੇ ਉਸ ਨੂੰ ਉਸ ਰੋਗ ਤੋਂ ਅਰਾਮ ਕਰ ਦੇਣਾ ਚੰਗਾ ਕੰਮ ਹੈ। ਹੁਣ ਸੁਆਲ ਇਹ ਹੈ ਕਿ ਤੁਹਾਡਾ ਈਸ਼ਵਰ ਕਿਸੇ ਰੋਗੀ ਮਨੁੱਖ ਜਾਂ ਪਸ਼ੂ ਦੀ ਕਿਸੇ ਤਰ੍ਹਾਂ ਉਹਦੇ ਕੋਲ ਜਾ ਕੇ ਕੋਈ ਸੇਵਾ ਕਰਦਾ ਹੈ ਜਾਂ ਕਿਸੇ ਰੋਗੀ ਦੇ ਕੋਲ ਜਾ ਕੇ ਉਹਨੂੰ ਦੁਆਈ ਪਿਲਾਂਦਾ ਹੈ?

ਆਸਤਿਕ - ਕਦੇ ਨਹੀਂ।

ਨਾਸਤਿਕ - ਜੇ ਕੋਈ ਮਨੁੱਖ ਕਿਸੇ ਪਿੰਡ ਵਿਚ ਕਿਸੇ ਐਸੇ ਰੋਗ ਨਾਲ ਦੁਖੀ ਹੋਵੇ ਕਿ ਜਿਸ ਦੀ ਦਵਾ ਨਾ ਉਹ ਆਪ ਜਾਣਦਾ ਹੋਵੇ ਅਤੇ ਨਾ ਹੀ ਉਹਦੇ ਪਿੰਡ ਦਾ ਕੋਈ ਹੋਰ ਆਦਮੀ ਜਾਣਦਾ ਹੋਵੇ ਤਾਂ ਕੀ ਤੁਹਾਡਾ ਸਰਵੱਗ ਅਤੇ ਦਯਾਵਾਨ ਈਸ਼ਵਰ ਉਸ ਤੇ ਦਯਾ ਕਰਕੇ ਉਹਦੇ ਭਲੇ ਦੇ ਲਈ ਕਦੇ ਕੋਈ ਦਵਾ ਦੱਸ ਦਿੰਦਾ ਹੈ?

ਆਸਤਿਕ - ਕਦੇ ਵੀ ਨਹੀਂ।

ਨਾਸਤਿਕ - ਤੁਹਾਨੂੰ ਪਤਾ ਹੈ ਕਿ ਭਾਰਤਵਰਸ਼ ਵਿਚ ਕਈ ਸਾਲ ਪਲੇਗ ਦਾ ਮਹਾਂ ਭਿਆਨਕ ਰੋਗ ਫੈਲਦਾ ਰਿਹਾ ਹੈ ਅਤੇ ਲੱਖਾਂ ਲੋਕ ਉਹਦੀ ਭੇਂਟ ਹੋ ਗਏ ਸਨ ਪਰ ਤੁਹਾਡੇ ਦਯਾਵਾਨ ਈਸ਼ਵਰ ਦੇ ਦਿਲ ਵਿਚ ਕਦੀ ਐਸੇ ਬੀਮਾਰਾਂ ਲਈ ਦਯਾ ਦਾ ਭਾਵ ਪੈਦਾ ਨਾ ਹੋਇਆ। ਕਈ ਸ਼ਹਿਰਾਂ ਵਿਚ ਹਜ਼ਾਰਾਂ ਲੋਕਾਂ ਨੇ ਮਿਲਕੇ ਜਗਰਾਤੇ ਕੀਤੇ, ਭਜਨ ਗਾਏ, ਥਾਂ ਥਾਂ ਹਰੀ ਕੀਰਤਨ ਕੀਤਾ, ਅੱਲਾ ਅਕਬਰ ਦੀ ਦੁਹਾਈ ਦਿੱਤੀ, ਜੋਸ਼ ਖਰੋਸ਼ ਨਾਲ ਪ੍ਰਾਰਥਨਾਵਾਂ ਕੀਤੀਆਂ ਪਰ ਉਨ੍ਹਾਂ ਸ਼ਹਿਰਾਂ ਤੋਂ ਪਲੇਗ ਦੂਰ ਨਾ ਹੋਇਆ। ਤੁਹਾਡੇ ਰਹੀਮ ਅਤੇ ਕਰੀਮ ਰੱਬ ਨੇ ਕਿਸੇ ਐਸੇ ਬੀਮਾਰ ਨੂੰ ਕਿ ਜਿਸ ਦੀ ਸੇਵਾ ਕਰਨ ਲਈ ਕੋਈ ਵੀ ਉਹਦੇ ਕੋਲ ਨਹੀਂ ਸੀ ਅਤੇ ਉਹ ਬਿਸਤਰੇ ਤੋਂ ਵੀ ਉੱਠ ਨਹੀਂ ਸਕਦਾ ਸੀ, ਕਦੇ ਥੋੜਾ ਜਿਹਾ ਪਾਣੀ ਵੀ ਚੁੱਕ ਕੇ ਨਾ ਦਿੱਤਾ।

ਆਸਤਿਕ - ਹਾਂ, ਇਹ ਤਾਂ ਸੱਚ ਹੈ।

ਨਾਸਤਿਕ - ਕੀ ਇਹ ਸੱਚ ਨਹੀਂ ਹੈ ਕਿ ਕਾਲ ਦੇ ਦਿਨਾਂ ਵਿਚ ਹਜ਼ਾਰਾਂ ਬੁੱਢੇ, ਬੱਚੇ ਅਤੇ ਬੀਮਾਰ ਭੁੱਖੇ ਮਰਦੇ ਹਨ ਅਤੇ ਇੱਕ ਇੱਕ ਦਾਣੇ ਲਈ ਤਰਸਦੇ ਹਨ ਅਤੇ ਖੁਰਾਕ ਨਾ ਮਿਲਣ ਤੇ ਹੌਲੀ ਹੌਲੀ ਕਮਜ਼ੋਰ ਹੋ ਕੇ ਤੜਪ ਤੜਪ ਕੇ ਇਕ ਦਿਨ ਮਰ ਜਾਂਦੇ ਹਨ ਪਰ ਤੁਹਾਡੇ ਦਿਆਲੂ ਈਸ਼ਵਰ ਨੂੰ ਕਦੀ ਉਨ੍ਹਾਂ ਤੇ ਦਯਾ ਨਹੀਂ ਆਉਂਦੀ।

ਆਸਤਿਕ - ਹਾਂ, ਇਹ ਬਿਆਨ ਵੀ ਤੁਹਾਡਾ ਬਿਲਕੁਲ ਸੱਚ ਹੈ ਅਤੇ ਆਪਣੀ ਪ੍ਰੀਖਿਆ ਦੇ ਅਨੁਸਾਰ ਹੈ।

ਨਾਸਤਿਕ - ਤੁਸੀਂ ਕਿਹਾ ਸੀ ਕਿ ਮੁੰਡਿਆਂ ਕੁੜੀਆਂ ਨੂੰ ਪੜ੍ਹਾਉਣਾ ਭਲਾ ਕੰਮ ਹੈ, ਬਿਲਕੁਲ ਇਹ ਭਲਾ ਕੰਮ ਹੈ। ਪਰ ਸੁਆਲ ਇਹ ਹੈ ਕਿ ਤੁਹਾਡਾ ਸਰਵਗ ਈਸ਼ਵਰ ਜੋ ਸਰਵ-ਗਿਆਨੀ ਹੈ, ਕੀ ਉਹਨੇ ਕਦੀ ਕਿਸੇ ਨੂੰ ਇਕ ਅੱਖਰ ਤੱਕ ਵੀ ਵਿੱਦਿਆ ਦਾ ਸਿਖਾਇਆ ਹੈ? ਮੰਨ ਲਉ ਕਿ ਕਿਸੇ ਪਿੰਡ ਵਿਚ ਇਕ ਗਰੀਬ ਆਦਮੀ ਰਹਿੰਦਾ ਹੈ ਅਤੇ ਉਹਦਾ ਪੁੱਤ ਵਿੱਦਿਆ ਪੜ੍ਹਨੀ ਚਾਹੁੰਦਾ ਹਾਂ। ਉਹਦੇ ਪਿੰਡ ਜਾਂ ਪਿੰਡ ਦੇ ਨੇੜੇ ਤੇੜੇ ਕੋਈ ਸਕੂਲ ਨਹੀਂ ਹੈ। ਉਸ ਮੁੰਡੇ ਦੇ ਪਿਉ ਕੋਲ ਐਨਾ ਧਨ ਨਹੀਂ ਹੈ ਕਿ ਉਹ ਉਹਨੂੰ ਕਿਸੇ ਦੂਰ ਥਾਂ ਭੇਜ ਕੇ ਉਹਦੀ ਪੜ੍ਹਾਈ ਦਾ ਖਰਚ ਕਰ ਸਕੇ। ਹੁਣ ਉਸ ਬੱਚੇ ਦਾ ਬਾਪ ਇਹ ਸਮਝ ਕੇ ਕਿ ਈਸ਼ਵਰ ਮਹਾਰਾਜ ਸਾਰੀਆਂ ਵਿੱਦਿਆਵਾਂ

ਦੇ ਜਾਨਣਹਾਰ ਅਤੇ ਜੋ ਰਹਿੰਦੇ ਵੀ ਉਹਦੇ ਘਰ ਵਿਚ ਹੀ ਹਨ ਨੂੰ ਹੱਥ ਬੰਨ੍ਹ ਕੇ ਬੇਨਤੀਆਂ ਅਰਜ਼ੋਈਆਂ ਜੋਦੜੀਆਂ ਕਰੇ ਕਿ ਤੁਸੀਂ ਰਹੀਮ ਕਰੀਮ ਅਤੇ ਬਹੁਤ ਦਿਆਲੂ ਹੋ, ਤੁਸੀਂ ਹਰੇਕ ਵਿੱਦਿਆ ਦੇ ਜਾਣਨਹਾਰ ਹੋ, ਪੜ੍ਹਾਉਣ ਨੂੰ ਵੀ ਚੰਗਾ ਕੰਮ ਸਮਝਦੇ ਹੋ, ਇਸ ਲਈ ਕ੍ਰਿਪਾ ਕਰਕੇ ਮੇਰੇ ਬੇਟੇ ਨੂੰ ਕੁੱਝ ਵਿੱਦਿਆ ਪੜ੍ਹਾਉਣ ਦਾ ਕਸ਼ਟ ਸਵੀਕਾਰ ਕਰੋ ਤਾਂ ਤੁਹਾਡੀ ਬੜੀ ਮੇਹਰਬਾਨੀ ਹੋਵੇਗੀ। ਮੈਂ ਪੁੱਛਣਾ ਚਾਹੁੰਦਾ ਕਿ ਕੀ ਤੁਹਾਡੇ ਦਿਆਲੂ, ਰਹੀਮ ਕਰੀਮ ਈਸ਼ਵਰ ਜੀ, ਉਸ ਲੜਕੇ ਨੂੰ ਕਦੇ ਕੋਈ ਇੱਕ ਅੱਖਰ ਤੱਕ ਵੀ ਸਿਖਾਉਣਗੇ?

ਆਸਤਿਕ – ਕਦੇ ਨਹੀਂ! ਉਨ੍ਹਾਂ ਨੂੰ ਕਿਸੇ ਨੇ ਅੱਜ ਤੱਕ ਕਿਸੇ ਪਿੰਡ ਜਾਂ ਸ਼ਹਿਰ ਵਿਚ ਕਿਸੇ ਗਰੀਬ ਤੋਂ ਗਰੀਬ ਲੜਕੇ ਜਾਂ ਲੜਕੀ, ਪੁਰਸ਼ ਜਾਂ ਨਾਰੀ ਨੂੰ ਸਿੱਖਿਆ ਦਿੰਦੇ ਨਹੀਂ ਦੇਖਿਆ।

ਨਾਸਤਿਕ – ਬਿਲਕੁਲ ਸੱਚ ਹੈ। ਤੁਸੀਂ ਕਿਹਾ ਸੀ ਕਿ ਕਿਸੇ ਪਾਪੀ ਨਾਰੀ ਪੁਰਸ਼ ਦੇ ਪਾਪਾਂ ਨੂੰ ਦੂਰ ਕਰਨਾ ਅਤੇ ਕਿਸੇ ਸਵਾਰਥੀ ਦੇ ਸਵਾਰਥ ਨੂੰ ਦੂਰ ਕਰਕੇ, ਉਸ ਨੂੰ ਕਿਸੇ ਦੀ ਨਿਸ਼ਕਾਮ ਸੇਵਾ ਦੇ ਲਾਇਕ ਬਣਾ ਦੇਣਾ ਸਭ ਤੋਂ ਵੱਧ ਕੇ ਭਲਾਈ ਦਾ ਕੰਮ ਹੈ।

ਆਸਤਿਕ – ਜੀ ਹਾਂ, ਮੈਂ ਕਿਹਾ ਸੀ।

ਨਾਸਤਿਕ – ਹੁਣ ਇਸ ਬਾਰੇ ਵੀ ਅਸੀਂ ਤੁਹਾਡੇ ਰੱਬ, ਈਸ਼ਵਰ, ਅੱਲਾ ਦੀ ਪ੍ਰੀਖਿਆ ਲੈਣੀ ਚਾਹੁੰਦੇ ਹਾਂ ਅਤੇ ਵੇਖਣਾ ਚਾਹੁੰਦੇ ਹਾਂ ਕਿ ਤੁਹਾਡਾ ਇਹ ਵਿਸ਼ਵਾਸ਼ ਵੀ ਸੱਚਾ ਹੈ ਜਾਂ ਨਹੀਂ।

ਆਸਤਿਕ – ਜੀ, ਬਹੁਤ ਅੱਛਾ, ਠੀਕ ਹੈ।

ਨਾਸਤਿਕ – ਹੋਰ ਦੇਸ਼ਾਂ ਨੂੰ ਛੱਡ ਕੇ ਸਾਡੇ ਦੇਸ਼ ਦੇ ਹੀ ਲੱਖਾਂ ਅਤੇ ਕਰੋੜਾਂ ਲੋਕ ਐਹੋ ਜੇਹੇ ਹਨ ਜੋ ਆਪਣੀਆਂ ਤਰ੍ਹਾਂ ਤਰ੍ਹਾਂ ਦੀਆਂ ਵਾਸ਼ਨਾਵਾਂ, ਇਛਾਵਾਂ ਆਦਿ ਦੇ ਦਾਸ ਹੋ ਕੇ ਉਨ੍ਹਾਂ ਦੀ ਪ੍ਰਾਪਤੀ ਅਤੇ ਤ੍ਰਿਪਤੀ ਲਈ ਹਰ ਰੋਜ਼ ਕਈ ਤਰ੍ਹਾਂ ਦੇ ਪਾਪ ਕਰਦੇ ਹਨ। ਝੂਠ ਬੋਲਦੇ ਹਨ, ਛਲ ਕਪਟ ਕਰਦੇ ਹਨ, ਧੋਖਾ ਦਿੰਦੇ ਹਨ, ਚੋਰੀਆਂ ਕਰਦੇ ਹਨ, ਖੋਟੀਆਂ ਚੀਜ਼ਾਂ ਬਣਾਉਂਦੇ ਹਨ, ਰਿਸ਼ਵਤਾਂ ਲੈਂਦੇ ਹਨ, ਨਸ਼ੇ ਦੇ ਲਈ ਜ਼ਹਿਰ ਪੀਂਦੇ ਹਨ, ਖ਼ੂਨ ਕਰਦੇ ਹਨ, ਮੁਰਦਾਰ ਖਾਣ ਲਈ ਲੱਖਾਂ ਬੇਬਸ ਅਤੇ ਅਤਿਅੰਤ ਸੇਵਾਕਾਰੀ ਅਤੇ ਹਿਤਕਾਰੀ ਪਸ਼ੂਆਂ ਦਾ ਕਤਲ ਕਰਕੇ ਬਹੁਤ ਸਾਰੇ ਪਾਪ ਕਰਦੇ ਹਨ ਅਤੇ ਇਹ ਪਾਪ ਅਤੇ ਅਪਰਾਧ ਨਿਰੰਤਰ ਜਾਰੀ ਹਨ। ਇਹ ਨਾਸਤਿਕਾਂ ਨਾਲੋਂ ਆਸਤਿਕ ਜ਼ਿਆਦਾ ਕਰਦੇ ਹਨ ਪਰ ਤੁਹਾਡਾ ਦਿਆਲੂ ਈਸ਼ਵਰ ਇਨ੍ਹਾਂ ਪਾਪੀਆਂ ਅਤੇ ਅਪਰਾਧੀਆਂ ਨੂੰ ਇਨ੍ਹਾਂ ਕੰਮਾਂ ਤੋਂ ਵਰਜਦਾ ਨਹੀਂ ਹੈ। ਉਹ ਸਗੋਂ ਖੁਸ਼ੀ ਖੁਸ਼ੀ ਉਨ੍ਹਾਂ ਦੇ ਅਪਵਿਤਰ ਅਤੇ ਬੁਰੇ ਮਨਾਂ ਨੂੰ ਆਪਣਾ ਨਿਵਾਸ ਸਥਾਨ ਬਣਾਈ ਰੱਖਦਾ ਹੈ। ਲੱਖਾਂ, ਕਰੋੜਾਂ ਲੋਕ ਆਪਣੇ ਮੈਲੇ ਘਰਾਂ ਨੂੰ ਝਾੜੂ ਆਦਿ ਨਾਲ ਸਾਫ ਕਰਕੇ ਉਨ੍ਹਾਂ ਘਰਾਂ ਵਿਚ ਰਹਿਣਾ ਪਸੰਦ ਕਰਦੇ ਹਨ, ਲੇਕਿਨ ਤੁਹਾਡਾ ਈਸ਼ਵਰ ਪਾਪੀਆਂ ਦੇ ਦਿਲਾਂ ਦੇ ਮੈਲੇ ਘਰਾਂ ਵਿਚ ਰਹਿੰਦਾ ਹੈ ਅਤੇ ਸਾਲਾਂਬੱਧੀ ਉਥੇ ਰਹਾਇਸ਼ ਰੱਖਦਾ ਹੈ। ਉਹ ਆਪਣੀ ਕਿਸੇ ਸ਼ਕਤੀ ਦੇ ਝਾੜੂ ਨਾਲ ਉਨ੍ਹਾਂ ਦੇ ਮਨਾਂ ਨੂੰ ਪਾਪਾਂ ਤੋਂ ਸਾਫ਼ ਨਹੀਂ ਕਰਦਾ।

ਲੱਖਾਂ ਕਰੋੜਾਂ ਵਿਆਹੀਆਂ ਹੋਈਆਂ ਇਸਤਰੀਆਂ ਆਪਣੇ ਭੈੜੇ ਪਤੀਆਂ ਦੇ

ਭੈੜੇ ਅਤੇ ਅਤਿਆਚਾਰੀ ਵਰਤਾਵ ਤੋਂ ਤੰਗ ਆ ਕੇ ਬਹੁਤ ਦੁੱਖ ਉਠਾਉਂਦੀਆਂ ਹਨ ਅਤੇ ਉਨ੍ਹਾਂ ਦੀ ਇਹ ਤੀਬਰ ਇੱਛਾ ਹੁੰਦੀ ਹੈ ਕਿ ਉਨ੍ਹਾਂ ਦੇ ਪਤੀ ਸੁਧਰ ਜਾਣ ਅਤੇ ਅਤਿਆਚਾਰੀ, ਭੈੜੇ ਵਰਤਾਵ ਤੋਂ ਸੁਰਖਰੂ ਹੋ ਜਾਣ ਪਰ ਈਸ਼ਵਰ, ਅੱਲਾ, ਰੱਬ ਮਹਾਰਾਜ ਉਨ੍ਹਾਂ ਦੇ ਹੀ ਘਰਾਂ ਵਿਚ ਹੀ ਰਹਿ ਕੇ ਇਸ ਸਾਰੀ ਨਕਲੀ ਲੀਲਾ ਦਾ ਚੁੱਪਚਾਪ ਤਮਾਸ਼ਾ ਵੇਖਦਾ ਰਹਿੰਦਾ ਹੈ ਅਤੇ ਉਨ੍ਹਾਂ ਪਾਪੀਆਂ ਨੂੰ ਇਸ ਪਾਪ ਤੋਂ ਦੂਰ ਨਹੀਂ ਕਰਦਾ। ਕਰੋੜਾਂ ਹਰਾਮੀ ਕਹਾਉਣ ਵਾਲੇ ਬੱਚੇ ਮਾਰ ਦਿੱਤੇ ਜਾਂਦੇ ਹਨ ਅਤੇ ਈਸ਼ਵਰ ਸਾਹਿਬ ਐਹੋ ਜਿਹੇ ਮਾਪਿਆਂ ਨੂੰ ਕੁੱਝ ਨਹੀਂ ਕਹਿੰਦਾ। ਇਸੇ ਤਰ੍ਹਾਂ ਹੀ ਲੱਖਾਂ ਕਰੋੜਾਂ ਬੱਚੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਦਿੱਤਾ ਜਾਂਦਾ ਹੈ ਪਰ ਰੱਬ ਜੀ ਖੜੇ ਤਮਾਸ਼ਾ ਦੇਖਦੇ ਰਹਿੰਦੇ ਹਨ। ਲੱਖਾਂ ਕਰੋੜਾਂ ਬੱਚੀਆਂ, ਔਰਤਾਂ ਅਤੇ ਬੱਚਿਆਂ ਦਾ ਹਰ ਰੋਜ਼ ਜ਼ਬਰਦਸਤੀ ਸੋਸ਼ਣ ਹੁੰਦਾ ਹੈ ਪਰ ਪ੍ਰਮਾਤਮਾ ਜੀ ਉਨ੍ਹਾਂ ਦੀ ਕੋਈ ਮੱਦਦ ਨਹੀਂ ਕਰਦੇ। ਅਗਰ ਤੁਹਾਡੇ ਸਰਵ-ਸ਼ਕਤੀਮਾਨ ਅਤੇ ਦਿਆਲੂ ਈਸ਼ਵਰ ਕੋਲ ਪਾਪੀਆਂ ਦੇ ਪਾਪ ਦੂਰ ਕਰਨ ਦੀ ਤਾਕਤ ਹੈ ਤਾਂ ਅੱਜ ਇਸ ਦੁਨੀਆਂ ਵਿਚ ਐਨਾ ਪਾਪ ਕਿਉਂ ਹੈ?

ਆਸਤਿਕ - ਇਹ ਕਹਿਣਾ ਤਾਂ ਤੁਹਾਡਾ ਬਿਲਕੁਲ ਠੀਕ ਹੈ ਪਰ ਈਸ਼ਵਰ ਦੇ ਪੁਜਾਰੀ/ਭਗਤ ਕਹਿੰਦੇ ਹਨ ਜਦ ਕੋਈ ਨਾਰੀ ਪੁਰਸ਼ ਕਿਸੇ ਰੋਗੀ ਨਾਲ ਹਮਦਰਦੀ ਮਹਿਸੂਸ ਕਰਕੇ ਉਹਨੂੰ ਕੋਈ ਦੁਆ ਦਿੰਦਾ ਹੈ, ਖਾਤਰਦਾਰੀ ਕਰਦਾ ਹੈ ਜਾਂ ਕਿਸੇ ਗਰੀਬ ਨੂੰ ਮੁਫ਼ਤ ਸਿੱਖਿਆ ਦਿੰਦਾ ਹੈ ਜਾਂ ਕੋਈ ਹੋਰ ਉਪਕਾਰ ਦਾ ਕੰਮ ਕਰਦਾ ਹੈ ਤਾਂ ਇਹ ਸਾਰੇ ਕੰਮ ਉਹਦੇ ਰਾਹੀ ਈਸ਼ਵਰ ਹੀ ਕਰਦਾ ਹੈ।

ਨਾਸਤਿਕ - ਬਹੁਤ ਖੂਬ! ਉਹਦੀ ਤਾਂ ਉਹੀ ਕਹਾਵਤ ਹੋਈ, "ਮਾਨ ਨਾ ਮਾਨ, ਮੈਂ ਤੇਰਾ ਮਹਿਮਾਨ।" ਜੇ ਕਿਸੇ ਕੋਲ ਦਯਾ ਦੀ ਸ਼ਕਤੀ ਹੈ ਅਤੇ ਉਹ ਉਹਦੇ ਕਰਕੇ ਕਿਸੇ ਰੋਗੀ ਨੂੰ ਮੁਫ਼ਤ ਦਵਾ ਦਿੰਦਾ ਹੈ ਜਾਂ ਉਹਦੀ ਸੇਵਾ ਕਰਦਾ ਹੈ ਤਾਂ ਉਸ ਨਾਲ ਤੁਹਾਡੇ ਕਲਪਿਤ ਈਸ਼ਵਰ ਮਹਾਰਾਜ ਦਾ ਕੀ ਸਬੰਧ? ਸ਼ਕਤੀ ਕਿਸੇ ਦੀ ਕੰਮ ਕਰੇ ਅਤੇ ਉਹ ਕਹਿਲਾਵੇ ਈਸ਼ਵਰ ਮਹਾਰਾਜ ਦੀ? ਇਸੇ ਤਰ੍ਹਾਂ ਅਗਰ ਕੋਈ ਲੜਕਾ ਜਾਂ ਲੜਕੀ ਆਪਣੀ "ਬੁੱਧ-ਸ਼ਕਤੀ" ਅਤੇ ਮਿਹਨਤ ਦੇ ਜ਼ਰੀਏ ਕੋਈ ਪੜ੍ਹਾਈ ਕਰ ਜਾਂਦਾ ਹੈ ਤਾਂ ਉਹਦੀ ਇਸ ਸਫ਼ਲਤਾ ਦੇ ਨਾਲ ਤੁਹਾਡੇ ਕਲਪਿਤ ਈਸ਼ਵਰ ਦਾ ਕੀ ਸਬੰਧ ਹੈ?

ਆਸਤਿਕ - ਉਹ ਇਹ ਕਹਿੰਦੇ ਹਨ ਕਿ ਦਯਾਵਾਨ ਮਨੁੱਖ ਦੇ ਅੰਦਰ ਦਯਾ ਦੀ ਸ਼ਕਤੀ ਈਸ਼ਵਰ ਨੇ ਹੀ ਪੈਦਾ ਕੀਤੀ ਹੈ। ਜੇਕਰ ਉਹਦੇ ਅੰਦਰ ਉਹ ਆਪਣੀ ਇਹ ਚੰਗੀ ਸ਼ਕਤੀ ਨਾ ਪੈਦਾ ਕਰਦਾ ਤਾਂ ਉਹ ਮਨੁੱਖ ਕਿਸੇ ਨਾਲ ਹਮਦਰਦੀ ਨਾ ਕਰਦਾ ਅਤੇ ਉਹਦੀ ਪ੍ਰੇਰਣਾ ਨਾਲ ਉਹਨੇ ਕਿਸੇ ਬੀਮਾਰ ਦੀ ਜੋ ਭਲਾਈ ਕੀਤੀ ਹੈ, ਉਹ ਨਾ ਕਰਦਾ। ਇਸੇ ਤਰ੍ਹਾਂ ਜੇ ਕਿਸੇ ਲੜਕੇ ਵਿਚ ਈਸ਼ਵਰ ਨੇ "ਬੁੱਧ-ਸ਼ਕਤੀ" ਨਾਂ ਪਾਈ ਹੁੰਦੀ ਤਾਂ ਇਕ ਸਿੱਖਿਆ ਹੋਇਆ ਯਾਨੀ ਪੜ੍ਹਿਆ ਲਿਖਿਆ, ਦਯਾਵਾਨ ਹੋ ਕੇ ਵੀ ਕਿਸੇ ਨੂੰ ਮੁਫ਼ਤ ਸਿੱਖਿਆ ਨਾ ਦੇ ਸਕਦਾ।

ਨਾਸਤਿਕ - ਪਰ ਜੇਹਨਾਂ ਲੋਕਾਂ ਦੇ ਮਨਾਂ ਵਿਚ ਦਯਾ ਦੀ ਥਾਂ ਅਤਿਆਚਾਰ ਦੀ ਸ਼ਕਤੀ ਮੌਜੂਦ ਹੈ ਅਤੇ ਉਹ ਉਸ ਸ਼ਕਤੀ ਨਾਲ ਪ੍ਰਭਾਵਤ ਹੋ ਕੇ ਕਿਨੇ ਹੀ ਬੇਕਸੂਰ ਲੋਕਾਂ ਨੂੰ ਦੁੱਖ ਅਤੇ ਕਲੇਸ਼ ਪਹੁੰਚਾ ਕੇ ਅਤੇ ਕਿੰਨੇ ਹੀ ਕਤਲ ਕਰਕੇ ਖੁਸ਼ ਹੁੰਦੇ ਹਨ

ਅਤੇ ਸ਼ਿਕਾਰ ਦੀ ਖੁਸ਼ੀ ਜਾਂ ਉਨ੍ਹਾਂ ਦਾ ਮਾਸ ਖਾਣ ਲਈ ਲੱਖਾਂ ਕਰੋੜਾਂ ਹਿਤਕਾਰੀ ਪਸ਼ੂਆਂ ਦਾ ਕਤਲ ਕਰਦੇ ਹਨ, ਉਨ੍ਹਾਂ ਵਿਚ ਇਹ ਹਿੰਸਾ ਦੀ ਜਾਂ ਅਤਿਆਚਾਰ ਦੀ ਸ਼ਕਤੀ ਕਿਸ ਨੇ ਪੈਦਾ ਕੀਤੀ? ਇਸੇ ਤਰ੍ਹਾਂ ਬਘਿਆੜ ਅਤੇ ਸ਼ੇਰ ਆਦਿ ਨੂੰ ਹਿੰਸਕ ਪਸ਼ੂ ਕਿਸ ਨੇ ਬਣਾਇਆ? ਜੇ ਕੋਈ ਮਨੁੱਖ ਆਪਣੇ ਕਿਸੇ ਬੁਰੇ ਭਾਵ ਨਾਲ ਪ੍ਰਭਾਵਤ ਹੋ ਕੇ ਕੋਈ ਅਪਰਾਧ ਕਰੇ ਅਤੇ ਕਚਿਹਰੀ ਵਿਚ ਬੁਲਾਏ ਜਾਣ ਤੇ ਇਹ ਕਹੇ ਕਿ ਮੈਂ ਇਸ ਅਪਰਾਧ ਦਾ ਕਦੀ ਵੀ ਦੋਸ਼ੀ ਨਹੀਂ ਹਾਂ ਬਲਕਿ ਜਿਸ ਦੇ ਪ੍ਰਭਾਵ ਹੇਠ ਮੈਂ ਇਹ ਅਪਰਾਧ ਕੀਤਾ ਹੈ, ਉਹ ਭਾਵ ਮੇਰੇ ਵਿਚ ਈਸ਼ਵਰ (ਰੱਬ) ਨੇ ਪੈਦਾ ਕੀਤਾ ਹੈ ਅਤੇ ਉਹੀ ਉਸਦੇ ਨਤੀਜੇ ਦਾ ਜ਼ੁੰਮੇਵਾਰ ਹੈ, ਉਹੀ, ਉਸ ਅਪਰਾਧ ਦਾ ਦੋਸ਼ੀ ਹੈ, ਤਾਂ ਕੀ ਈਸ਼ਵਰਵਾਦੀ ਉਸ ਦੀ ਇਸ ਦਲੀਲ ਨੂੰ ਸਵੀਕਾਰ ਕਰਨਗੇ?

ਆਸਤਿਕ - ਕਦੀ ਨਹੀਂ।

ਨਾਸਤਿਕ - ਕਿਉਂ? ਕੀ ਕਿਸੇ ਅਤਿਆਚਾਰੀ ਮਨੁੱਖ ਜਾਂ ਪਸ਼ੂ ਨੂੰ ਕੋਈ ਹੋਰ ਪੈਦਾ ਕਰਦਾ ਹੈ? ਜੇਕਰ ਦੁਨੀਆਂ ਦੇ ਕਿਸੇ ਚੰਗੇ ਭਾਗ ਦਾ ਪੈਦਾ ਕਰਨ ਵਾਲਾ ਈਸ਼ਵਰ ਨੂੰ ਮੰਨਿਆ ਜਾਵੇ ਤਾਂ ਫਿਰ ਸੁਆਲ ਇਹ ਹੈ ਕਿ ਉਸ ਦੇ ਬੁਰੇ ਭਾਗ ਦੇ ਪੈਦਾ ਕਰਨ ਵਾਲਾ ਕੀ ਕੋਈ ਹੋਰ ਪੁਰਸ਼ ਹੈ? ਕੀ ਉਸਦੇ ਪੈਦਾ ਕਰਨ ਵਾਲਾ ਸ਼ੈਤਾਨ ਹੈ? ਕੀ ਵਿਸ਼ਵ ਦੇ ਪੈਦਾ ਕਰਨ ਵਾਲੇ ਦੋ ਜਾਂ ਇੱਕ ਤੋਂ ਜ਼ਿਆਦਾ ਈਸ਼ਵਰ ਹਨ? ਐਸੇ ਕਲਪਿਤ ਈਸ਼ਵਰ ਦੇ ਵਿਸ਼ਵਾਸੀਆਂ ਦੇ ਲਈ ਘੱਟ ਤੋਂ ਘੱਟ ਜਾਂ ਤਾਂ ਦੋ ਰੱਬਾਂ ਨੂੰ ਮੰਨਣ ਦੀ ਜ਼ਰੂਰਤ ਹੈ, ਨਹੀਂ ਤਾਂ ਉਨ੍ਹਾਂ ਦੀ ਉਹੀ ਮਿਸਾਲ ਹੋਵੇਗੀ : "ਮਿੱਠਾ ਮਿੱਠਾ ਹੜੱਪ, ਅਤੇ ਕੌੜਾ ਕੌੜਾ ਥੂਅ।"

ਆਸਤਿਕ - ਸੱਚ ਹੈ। ਇਹ ਲੋਕ ਬੁੱਧ, ਵਿਵੇਕ ਅਤੇ ਪ੍ਰੀਖਿਆ ਨੂੰ ਛੱਡ ਕੇ ਸਿਰਫ਼ ਵਿਸ਼ਵਾਸ਼ ਦੇ ਅੰਧਕਾਰ ਵਿਚ ਭਟਕਦੇ ਫਿਰਦੇ ਹਨ। ਕਹਿਣ ਤੋਂ ਭਾਵ ਹੈ ਕਿ ਪੁਰਾਣੇ ਲੋਕ ਜਿਹੜੀਆਂ ਮਿੱਥਿਆਂ ਗੱਲਾਂ ਨੂੰ ਆਪਣੀ ਭੁੱਲ ਜਾਂ ਬੇਸਮਝੀ ਜਾਂ ਕਿਸੇ ਹੋਰ ਕਾਰਨ ਤੋਂ ਸੱਚ ਮੰਨਦੇ ਜਾਂ ਦੱਸਦੇ ਸੀ। ਇਹ ਲੋਕ ਵੀ ਉਨ੍ਹਾਂ ਦੇ ਪੈਦਾ ਕੀਤੇ ਹੋਏ ਸੰਸਕਾਰ ਦੇ ਅਨੁਸਾਰ ਸਿਰਫ਼ ਵਿਸ਼ਵਾਸ਼ ਨਾ ਕਿ ਤਰਕ ਦੇ ਆਧਾਰ ਤੇ ਉਨ੍ਹਾਂ ਹੀ ਗੱਲਾਂ ਨੂੰ ਸੱਚ ਜਾਣਦੇ ਹਨ। ਅਫ਼ਸੋਸ ਇਸ ਗੱਲ ਦਾ ਹੈ ਕਿ ਇਹ ਲੋਕ ਛੋਟੇ ਬੱਚੇ ਦੀ ਤਰ੍ਹਾਂ ਐਨੀ ਵੀ ਵਿਚਾਰ, ਤਰਕ ਕਰਨ ਦੀ ਤਾਕਤ ਨਹੀਂ ਰੱਖਦੇ ਕਿ ਹੋਰ ਮਨੁੱਖਾਂ ਨੂੰ ਛੱਡ ਕੇ ਆਪਣੇ ਈਸ਼ਵਰ ਨੂੰ ਮੰਨਣ ਵਾਲਿਆਂ ਵਿਚ ਵੀ ਅਤੇ ਵਿਰੋਧੀ ਮਜ਼ਹਬਾਂ ਨੂੰ ਮੰਨਣ ਵਾਲਿਆਂ ਵਿਚ ਵੀ, ਕਿੰਨ੍ਹੀਆਂ ਗੱਲਾਂ ਤੇ ਵਿਰੋਧੀ ਵਿਸ਼ਵਾਸ਼ ਰੱਖਦੇ ਹਨ ਅਤੇ ਅੱਜ ਦੀ ਦੁਨੀਆਂ ਵਿਚ ਇਹ ਵਿਰੋਧੀ ਵਿਚਾਰ ਅਤੇ ਵਿਸ਼ਵਾਸ਼ ਕਦੇ ਵੀ ਠੀਕ ਅਤੇ ਇਕ ਨਹੀਂ ਹੋ ਸਕਦੇ।

ਨਾਸਤਿਕ - ਨਿਰਸੰਦੇਹ, ਠੀਕ ਹੈ।

ਆਸਤਿਕ - ਤੁਸੀਂ ਮੇਰੇ ਤੇ ਪ੍ਰੀਖਿਆ ਦੀ ਸੱਚੀ ਵਿਧੀ ਨੂੰ ਪ੍ਰਗਟ ਕਰਕੇ ਅਤੇ ਉਹਦੀ ਕਸੌਟੀ ਤੇ ਰੱਖ ਕੇ ਕਲਪਿਤ ਈਸ਼ਵਰ ਦੇ ਸਰਵ-ਸ਼ਕਤੀਮਾਨ ਅਤੇ ਦਯਾਵਾਨ ਹੋਣ ਦਾ ਜੋ ਸਿੱਖਿਆਪਣ ਯਾਨਿ ਖੋਖਲਾਪਨ ਦਿਖਾਇਆ ਹੈ, ਉਹ ਐਨਾ ਸਪੱਸ਼ਟ ਹੈ ਕਿ ਉਸ ਤੋਂ ਕੋਈ ਵੀ ਸਮਝਦਾਰ ਪਰ ਬਿਨਾਂ ਤਰਫਦਾਰੀ ਦੇ, ਮਨੁੱਖ, ਇਨਕਾਰ ਨਹੀਂ ਕਰ ਸਕਦਾ।

ਨਾਸਤਿਕ - ਜੀ ਹਾਂ! ਮੈਂ ਪ੍ਰੀਖਿਆ ਦੇ ਆਧਾਰ ਤੇ ਤੁਹਾਡੇ ਤੇ ਚੰਗੀ ਤਰ੍ਹਾਂ

ਸਿੱਧ ਕਰ ਦਿੱਤਾ ਹੈ ਕਿ ਦਿਆਲੂ ਈਸ਼ਵਰ ਦਾ ਵਿਸ਼ਵਾਸ਼ ਵੀ ਸਰਵ-ਸ਼ਕਤੀਮਾਨ ਈਸ਼ਵਰ ਦੀ ਤਰ੍ਹਾਂ ਸਿਰਫ਼ ਇਕ ਕਲਪਿਤ ਅਤੇ ਸਿੱਖਿਆ ਖਿਆਲ ਹੈ। ਅਸਲ ਵਿਚ ਕੋਈ ਐਸਾ ਦਿਆਲੂ ਅਤੇ ਸਰਵਸ਼ਕਤੀਮਾਨ ਈਸ਼ਵਰ ਨਾ ਪਹਿਲਾਂ ਕਦੀ ਸੀ ਅਤੇ ਨਾ ਹੀ ਹੁਣ ਹੈ।

ਆਸਤਿਕ - ਹਾਂ! ਪ੍ਰੀਖਿਆ ਦੇ ਨਿਯਮ ਤੇ ਪੜਤਾਲ ਕਰਨ ਤੇ ਤਾਂ ਬੇਸ਼ਕ ਐਸਾ ਈਸ਼ਵਰ ਸਿਵਾਏ ਵਹਿਮ ਦੇ ਹੋਰ ਕੁੱਝ ਸਿੱਧ ਨਹੀਂ ਹੁੰਦਾ।

# ਈਸ਼ਵਰ ਦਾ ਮਹਾਂ-ਵਿਨਾਸ਼ਕਾਰੀ ਅਤੇ ਅਤਿਆਚਾਰੀ ਰੂਪ

ਨਾਸਤਿਕ – ਤੁਸੀਂ ਜੋ ਜੋ ਭਲਾਈਆਂ ਦੱਸੀਆਂ ਸਨ ਉਨ੍ਹਾਂ ਅਨੁਸਾਰ ਇੱਕ ਇੱਕ ਭਲਾਈ ਨੂੰ ਲੈ ਕੇ ਅਤੇ ਪ੍ਰੀਖਿਆ ਦੇ ਆਧਾਰ ਤੇ, ਉਨ੍ਹਾਂ ਦੇ ਨਾਲ ਮੁਕਾਬਲਾ ਕਰਕੇ ਮੈਂ ਤੁਹਾਨੂੰ ਸਿੱਧ ਕਰ ਦਿੱਤਾ ਹੈ ਕਿ ਉਨ੍ਹਾਂ ਵਿਚੋਂ ਖੁਦਾ ਕਿਸੇ ਤਰ੍ਹਾਂ ਦੀ ਕੋਈ ਭਲਾਈ ਨਹੀਂ ਕਰਦਾ। ਪਰ ਉਹਦੇ ਮੰਨਣ ਵਾਲਿਆਂ ਨੇ ਆਪਣੇ ਹੀ ਵਿਸ਼ਵਾਸ ਦੇ ਅਨੁਸਾਰ ਆਪਣੀਆਂ ਅਪਵਿੱਤਰ ਅਤੇ ਅੱਤਿਆਚਾਰਕ-ਮੂਲਕ ਗਤੀਆਂ ਦੇ ਜ਼ਰੀਏ ਕੀ ਜੀਵਤ ਅਤੇ ਕੀ ਅਜੀਵਤ ਵਜੂਦਾਂ ਨੂੰ ਐਨੀਆਂ ਵੱਡੀਆਂ ਵੱਡੀਆਂ ਅਤੇ ਅਤਿਅੰਤ ਭਿਆਨਕ ਹਾਨੀਆਂ ਪਹੁੰਚਾਈਆਂ ਹਨ ਕਿ ਜਿਨ੍ਹਾਂ ਦੀ ਕੋਈ ਹੱਦ ਨਹੀਂ ਹੋ ਸਕਦੀ।

ਆਸਤਿਕ – ਕਿਸ ਤਰ੍ਹਾਂ?

ਨਾਸਤਿਕ – ਜੇ ਕਿਸੇ ਪਿੰਡ ਦਾ ਇਕ ਕਿਸਾਨ ਕਿਸੇ ਦੂਸਰੇ ਕਿਸਾਨ ਦੇ ਖੇਤ ਵਿਚੋਂ ਜ਼ਬਰਦਸਤੀ ਚਰੀ ਵੱਢ ਕੇ ਆਪਣੇ ਬਲਦਾਂ ਨੂੰ ਖੁਆ ਦੇਵੇ ਜਾਂ ਆਪਣੇ ਪਸ਼ੂਆਂ ਨੂੰ ਕਿਸੇ ਦੇ ਖੇਤ ਵਿਚ ਵਾੜ ਕੇ ਫਸਲ ਨੂੰ ਬਿਲਕੁਲ ਉਜਾੜ ਦੇਵੇ ਤਾਂ ਤੁਸੀਂ ਉਸ ਕਿਸਾਨ ਨੂੰ ਕੇਹੋ ਜਿਹਾ ਸਮਝੋਗੇ?

ਆਸਤਿਕ – ਬਹੁਤ ਬੁਰਾ!

ਨਾਸਤਿਕ – ਜੇ ਕਿਸੇ ਦੇਸ਼ ਵਿਚ ਸ਼ਾਂਤੀ ਰੱਖਣ ਲਈ ਕੋਈ ਸਰਕਾਰ ਮੌਜੂਦ ਹੋਵੇ ਤਾਂ ਤੁਹਾਡੇ ਲਈ ਐਸਾ ਬੁਰਾ ਕੰਮ ਕਰਨ ਵਾਲਾ ਕਿਸੇ ਸਜ਼ਾ ਦਾ ਹੱਕਦਾਰ ਹੋ ਸਕਦਾ ਹੈ ਜਾਂ ਨਹੀਂ?

ਆਸਤਿਕ – ਬੇਸ਼ਕ! ਕਿਸੇ ਸਮਾਜ ਵਿਚ ਸ਼ਾਂਤੀ ਰੱਖਣ ਲਈ ਕਿਸੇ ਐਸੇ ਅਪਰਾਧੀ ਨੂੰ ਸਜ਼ਾ ਦੇਣਾ ਸਰਕਾਰ ਦਾ ਇੱਕ ਬਹੁਤ ਜ਼ਰੂਰੀ ਅਤੇ ਉਚਿਤ ਕਰਤੱਵ ਹੈ।

ਨਾਸਤਿਕ – ਹੁਣ ਜੇ ਐਸੀਆਂ ਘਟਨਾਵਾਂ ਮੌਜੂਦ ਹੋਣ ਜੋ ਇਹ ਸਿੱਧ ਕਰਦੀਆਂ ਹੋਣ ਕਿ ਤੁਹਾਡਾ ਈਸ਼ਵਰ ਕਿਸੇ ਇਕ ਮਨੁੱਖ ਦੇ ਇੱਕ ਖੇਤ ਨੂੰ ਨਹੀਂ, ਲੇਕਿਨ ਹਜ਼ਾਰਾਂ ਅਤੇ ਲੱਖਾਂ ਖੇਤਾਂ ਨੂੰ ਆਪਣੀ ਇਕ ਜਾਂ ਦੂਸਰੀ ਕਿਰਿਆ ਨਾਲ ਉਜਾੜ ਕੇ ਨਸ਼ਟ ਕਰ ਦਿੰਦਾ ਹੈ ਤਾਂ ਤੁਸੀਂ ਐਸੇ ਈਸ਼ਵਰ ਨੂੰ ਇੱਕ ਜਾਂ ਦੋ ਖੇਤਾਂ ਦੇ ਉਜਾੜਨ ਵਾਲੇ ਦੀ ਤੁਲਨਾ ਵਿਚ ਕਿੰਨਾ ਵੱਡਾ ਅਪਰਾਧੀ ਸਮਝੋਗੇ?

ਆਸਤਿਕ – ਪਹਿਲੇ ਦੀ ਤੁਲਨਾ ਵਿਚ ਲੱਖਾਂ ਗੁਣਾਂ ਵਧ ਕੇ ਅਪਰਾਧੀ ਅਤੇ ਅਤਿਅੰਤ ਘੋਰ ਸਜ਼ਾ ਦਾ ਅਧਿਕਾਰੀ।

ਨਾਸਤਿਕ – ਅੱਛਾ ਹੁਣ ਤੁਸੀਂ ਇਹ ਦੱਸੋ ਕਿ ਇੱਕ ਇੱਕ ਜ਼ਿਲ੍ਹੇ ਜਾਂ ਸੂਬੇ ਵਿਚ ਜਿਥੇ ਇਕੋ ਹੀ ਮੌਸਮ ਵਿਚ ਹਜ਼ਾਰਾਂ ਕਿਸਾਨਾਂ ਨੇ ਬਹੁਤ ਮਿਹਨਤ ਨਾਲ ਲੱਖਾਂ ਵਿੱਘੇ ਜ਼ਮੀਨ ਤਿਆਰ ਕੀਤੀ ਹੋਵੇ, ਹਜ਼ਾਰਾਂ ਰੁਪਿਆ ਦਾ ਉਨ੍ਹਾਂ ਵਿਚ ਬੀਜ ਪਾਇਆ ਹੋਵੇ ਅਤੇ ਸਭ ਤਰ੍ਹਾਂ ਨਾਲ ਉਹਦੀ ਰਖਵਾਲੀ ਅਤੇ ਪਾਲਣਾ ਕੀਤੀ ਹੋਵੇ, ਉਨ੍ਹਾਂ ਨੂੰ ਆਪਣੇ ਟਿੱਡੀ ਦਲ ਭੇਜ ਕੇ, ਜੇਕਰ ਕੋਈ ਚੁਰਾ ਲਵੇ ਅਤੇ ਚਰਾ ਕੇ ਗਰਕ ਕਰ

ਦੇਵੇ ਜਾਂ ਗੜ੍ਹੇ ਵਰ੍ਹਾ ਕੇ ਜਾਂ ਪਾਣੀ ਦਾ ਤੂਫ਼ਾਨ ਲਿਆ ਕੇ, ਜਾਂ ਚੂਹਿਆਂ ਜਾਂ ਕਈ ਤਰ੍ਹਾਂ ਦੇ ਕੀੜਿਆਂ ਨੂੰ ਪੈਦਾ ਕਰਕੇ ਉਨ੍ਹਾਂ ਨੂੰ ਨਸ਼ਟ ਕਰ ਦੇਵੇ ਤਾਂ ਤੁਸੀਂ ਉਸ ਦੀਆਂ ਐਸੀਆਂ ਕਰਤੂਤਾਂ ਨੂੰ ਕੀ ਸਮਝੋਗੇ?

ਆਸਤਿਕ – ਮੈਂ ਪਹਿਲਾਂ ਹੀ ਕਿਹਾ ਹੈ ਕਿ ਮੈਂ ਐਹੋ ਜੇਹੇ ਕੰਮਾਂ ਨੂੰ ਬਹੁਤ ਬੁਰਾ ਸਮਝਦਾ ਹਾਂ ਅਤੇ ਐਸਾ ਕੌਣ ਭਲਾਮਾਣਸ ਹੈ ਜੋ ਉਨ੍ਹਾਂ ਨੂੰ ਬੁਰਾ ਨਾ ਸਮਝੇ।

ਨਾਸਤਿਕ – ਅੱਛੀ ਬਾਤ, ਹੁਣ ਤੁਸੀਂ ਇਹ ਦੱਸੋ ਕਿ ਟਿੱਡੀ ਦਲ ਕੌਣ ਭੇਜਦਾ ਹੈ?

ਆਸਤਿਕ – ਈਸ਼ਵਰ, ਰੱਬ, ਅੱਲਾ ਨੂੰ ਮੰਨਣ ਵਾਲਿਆਂ ਦੇ ਵਿਸ਼ਵਾਸ ਅਨੁਸਾਰ, ਈਸ਼ਵਰ ਹੀ ਭੇਜਦਾ ਹੈ ਅਤੇ ਉਹਦੇ ਇਲਾਵਾ ਕੋਈ ਹੋਰ ਮਨੁੱਖ ਜਾਂ ਫਰਿਸ਼ਤਾ ਤਾਂ ਨਹੀਂ ਭੇਜਦਾ।

ਨਾਸਤਿਕ – ਅੱਛਾ ਇਹ ਦੱਸੋ ਕਿ ਗੜ੍ਹੇ ਕੌਣ ਵਰਾਉਂਦਾ ਹੈ?

ਆਸਤਿਕ – ਪ੍ਰਮੇਸ਼ਵਰ ਹੀ ਵਰਾਉਂਦਾ ਹੈ।

ਨਾਸਤਿਕ – ਮੀਂਹ ਦਾ ਤੂਫ਼ਾਨ ਕੌਣ ਲਿਆਉਂਦਾ ਹੈ?

ਆਸਤਿਕ – ਪ੍ਰਮੇਸ਼ਵਰ ਹੀ ਲਿਆਉਂਦਾ ਹੈ।

ਨਾਸਤਿਕ – ਤੁਹਾਨੂੰ ਪਤਾ ਹੀ ਹੈ ਕਿ ਪਿੱਛੇ ਜਿਹੇ ਸੁਨਾਮੀ ਭੂਚਾਲ ਆਇਆ ਜੇਹਦੇ ਨਾਲ ਲੱਖਾਂ ਲੋਕ ਮਰ ਗਏ, ਪਸ਼ੂਆਂ ਜਾਨਵਰਾਂ ਦਾ ਘਾਣ ਹੋ ਗਿਆ ਅਤੇ ਮਾਲੀ ਨੁਕਸਾਨ ਹੋਇਆ। ਚੀਨ ਅਤੇ ਅਮਰੀਕਾ ਵਿਚ ਵੀ ਭੂਚਾਲਾਂ ਨੇ ਬਹੁਤ ਜਾਨੀ ਅਤੇ ਮਾਲੀ ਨੁਕਸਾਨ ਕੀਤਾ ਅਤੇ ਐਹੋ ਜਿਹੀਆਂ ਘਟਨਾਵਾਂ ਨਾਲ ਇਤਿਹਾਸ ਭਰਿਆ ਪਿਆ ਹੈ। ਤੁਸੀਂ ਦੱਸੋ ਇਹ ਤਬਾਹੀਆਂ ਲਿਆਉਣ ਵਾਲਾ ਕੌਣ ਹੈ ਤੇ ਕੌਣ ਸੀ?

ਆਸਤਿਕ – ਬੇਸ਼ਕ ਰੱਬ!

ਨਾਸਤਿਕ – ਕੁੱਝ ਵਰ੍ਹੇ ਹੋਏ ਬੰਗਾਲ ਵਿਚ ਕਾਲ ਪੈ ਗਿਆ ਸੀ ਅਤੇ ਇਹ ਕਾਲ ਆਇਰਲੈਂਡ ਵਿਚ ਵੀ ਪਿਆ ਸੀ। ਫਿਰ ਪੰਜਾਬ ਵਿਚ ਲੱਖਾਂ ਵਿੱਘੇ ਕਪਾਹ ਕੀੜਿਆਂ ਨੇ ਨਸ਼ਟ ਕਰ ਦਿੱਤੀ ਸੀ। ਇਹ ਕਾਲ ਲਿਆਉਣ ਵਾਲਾ ਅਤੇ ਖੇਤਾਂ ਨੂੰ ਕੀੜਿਆਂ ਰਾਹੀਂ ਨਸ਼ਟ ਕਰਨ ਵਾਲਾ ਕੌਣ ਸੀ?

ਆਸਤਿਕ – ਨਿਰਸੰਦੇਹ, ਈਸ਼ਵਰ, ਅੱਲਾ ਸੀ।

ਨਾਸਤਿਕ – ਇਸੇ ਤਰ੍ਹਾਂ ਗੜ੍ਹੇਮਾਰ ਕਰਕੇ ਅਤੇ ਤਰ੍ਹਾਂ ਤਰ੍ਹਾਂ ਦੇ ਕੀੜਿਆਂ ਨੂੰ ਪੈਦਾ ਕਰਕੇ ਫਸਲਾਂ ਨੂੰ ਬਰਬਾਦ ਕਰਨ ਵਾਲਾ ਕੌਣ ਹੈ?

ਆਸਤਿਕ – ਇਕ ਰੱਬ ਹੀ ਹੈ।

ਨਾਸਤਿਕ – ਸਰਦੀ ਦੇ ਮੌਸਮ ਵਿਚ ਸਖਤ ਠੰਡ ਦੇ ਪੈਣ ਤੇ ਜੋ ਹਜ਼ਾਰਾਂ ਫਲਦਾਰ ਅਤੇ ਬਿਨਾਂ ਫਲ ਦੇ ਦਰਖਤ ਮਾਰੇ ਜਾਂਦੇ ਹਨ, ਹਨੇਰੀਆਂ ਨਾਲ ਸੈਂਕੜੇ ਦਰਖਤ ਉੱਖੜ ਕੇ ਡਿੱਗ ਪੈਂਦੇ ਹਨ, ਜੰਗਲਾਂ ਵਿਚ ਬਾਸਾਂ ਬਗੈਰਾ ਦੀ ਆਪਸ ਵਿਚ ਰਗੜ ਨਾਲ ਅੱਗ ਪੈਦਾ ਹੋਣ ਤੇ ਦੂਰ ਦੂਰ ਤੱਕ ਸੈਂਕੜੇ ਦਰਖਤ ਅਤੇ ਜੀਵ ਜੰਤੂ ਸੜ ਮਰ ਜਾਂਦੇ ਹਨ। ਇਹ ਤਬਾਹੀਆਂ ਲਿਆਉਣ ਵਾਲਾ ਕੌਣ ਹੈ?

ਆਸਤਿਕ – ਬੇਸ਼ਕ, ਈਸ਼ਵਰ ਹੀ ਹੈ।

ਨਾਸਤਿਕ – ਹੁਣ ਤੁਸੀਂ ਇਹ ਦੱਸੋ ਕਿ ਹਵਾ ਅਤੇ ਪਾਣੀ ਦੇ ਤੂਫ਼ਾਨ ਨਾਲ ਜੋ ਹਜ਼ਾਰਾਂ ਲੱਖਾਂ ਪੰਛੀ ਅਤੇ ਪਸ਼ੂ ਮਰ ਜਾਂਦੇ ਹਨ, ਕਾਲ ਪੈਣ ਨਾਲ, ਲੱਖਾਂ ਹਿਤਕਾਰੀ

ਪਸ਼ੂ ਜਿਸ ਤਰ੍ਹਾਂ ਗਾਂ, ਬਲਦ, ਬੱਕਰੀਆਂ, ਭੇਡਾਂ, ਮੱਝਾਂ ਆਦਿ ਖਾਣਾਂ ਨਾ ਮਿਲਨ ਤੇ ਸੁੱਕ ਕੇ ਨਸ਼ਟ ਹੋ ਜਾਂਦੇ ਹਨ, ਉਨ੍ਹਾਂ ਨੂੰ ਮਾਰਨ ਵਾਲਾ ਕੌਣ ਹੈ?

ਆਸਤਿਕ - ਬੇਸ਼ੱਕ ਰੱਬ!

ਨਾਸਤਿਕ - ਭੂਚਾਲ ਨਾਲ, ਮਕਾਨਾਂ ਦੇ ਡਿੱਗਣ ਅਤੇ ਅੱਗ ਲੱਗਣ ਨਾਲ ਸਭ ਕੁੱਝ ਨਸ਼ਟ ਭ੍ਰਸ਼ਟ ਹੋ ਜਾਂਦਾ ਹੈ ਅਤੇ ਅਨੇਕ ਪਸ਼ੂ, ਜਾਨਵਰ, ਮਨੁੱਖ ਅਤੇ ਕੀੜੇ ਮਕੌੜੇ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਇਨ੍ਹਾਂ ਸਭ ਦਾ ਸ਼ਿਕਾਰ ਕਰਨ ਵਾਲਾ ਕੌਣ ਹੈ?

ਆਸਤਿਕ - ਬੇਸ਼ੱਕ ਰੱਬ।

ਨਾਸਤਿਕ - ਲੱਖਾਂ ਕੀੜਿਆਂ, ਮਕੌੜਿਆਂ, ਮਛਲੀਆਂ ਅਤੇ ਫਾੜ ਖਾਣ ਵਾਲੇ ਪਸ਼ੂਆਂ ਨੂੰ ਮਾਸਾਹਾਰੀ ਬਣਾ ਕੇ ਲੱਖਾਂ, ਕਰੋੜਾਂ ਛੋਟੇ ਵੱਡੇ ਜੀਵਾਂ ਨੂੰ ਹਰ ਰੋਜ਼ ਕੌਣ ਮਰਵਾਉਂਦਾ ਹੈ?

ਆਸਤਿਕ - ਬੇਸ਼ੱਕ ਰੱਬ!

ਨਾਸਤਿਕ - ਨਹਾਇਤ ਗਰਮ ਲੂਅ ਚਲਾ ਕੇ ਅਤੇ ਅਸਮਾਨੀ ਬਿਜਲੀ ਗਿਰਾ ਕੇ ਜਾਨੀ ਅਤੇ ਮਾਲੀ ਨੁਕਸਾਨ ਕੌਣ ਕਰਾਉਂਦਾ ਹੈ?

ਆਸਤਿਕ - ਇਕ ਰੱਬ!

ਨਾਸਤਿਕ - ਪਿੱਛੇ ਜਿਹੇ ਸੁਨਾਮੀ ਭੂਚਾਲ, ਹੈਟੀ ਭੂਚਾਲ, ਪਾਕਿਸਤਾਨ 'ਚ ਭੂਚਾਲ ਆਇਆ ਸੀ, ਜਿਨ੍ਹਾਂ ਨਾਲ ਹਜ਼ਾਰਾਂ ਲੱਖਾਂ ਲੋਕ ਮਲਵੇ ਹੇਠ ਆ ਕੇ ਮਰ ਗਏ, ਪਸ਼ੂ ਅਤੇ ਬੱਚੇ ਮਰ ਗਏ ਅਤੇ ਉਹ ਬੱਚੇ ਵੀ ਮਰ ਗਏ ਜੋ ਅਜੇ ਮਾਵਾਂ ਦੇ ਪੇਟ ਵਿਚ ਹੀ ਸਨ ਅਤੇ ਤੁਹਾਡੇ ਵਿਸ਼ਵਾਸ ਅਨੁਸਾਰ ਉਨ੍ਹਾਂ ਨੂੰ ਪ੍ਰਮੇਸ਼ਵਰ ਬਣਾ ਰਿਹਾ ਸੀ ਪਰ ਉਹ ਬਣਦੇ ਬਣਦੇ ਹੀ ਨਸ਼ਟ ਹੋ ਗਏ। ਕਿੰਨੇ ਹੀ ਬੱਚੇ ਜੋ ਆਪਣੀਆਂ ਮਾਵਾਂ ਦੇ ਦੁੱਧ ਨਾਲ ਅਜੇ ਪਲ ਰਹੇ ਸਨ, ਜਿਨ੍ਹਾਂ ਦੀਆਂ ਮਾਵਾਂ ਦੀਆਂ ਛਾਤੀਆਂ ਦਾ ਦੁੱਧ ਅਜੇ ਸੁੱਕਾ ਨਹੀਂ ਸੀ ਅਤੇ ਤੁਹਾਡੇ ਵਿਸ਼ਵਾਸ ਅਨੁਸਾਰ ਤੁਹਾਡਾ ਪਰਮੇਸ਼ਵਰ ਹੀ ਉਨ੍ਹਾਂ ਦੇ ਅੰਦਰ ਉਸ ਦੁੱਧ ਨੂੰ ਪੈਦਾ ਕਰ ਰਿਹਾ ਸੀ। ਉਨ੍ਹਾਂ ਸਭ ਦਾ ਥੋੜ੍ਹੇ ਹੀ ਸਮੇਂ ਵਿਚ ਦਮ ਘੁੱਟ-ਘੁੱਟ ਕੇ ਮਰ ਜਾਣਾ ਕਿਸ ਦੀ ਕ੍ਰਿਪਾ ਦਾ ਫਲ ਸਮਝਿਆ ਜਾ ਸਕਦਾ ਹੈ?

ਆਸਤਿਕ - ਬੇਸ਼ਕ, ਇਹ ਸਭ ਕੰਮ ਈਸ਼ਵਰ ਮਹਾਰਾਜ ਜੀ ਦਾ ਹੀ ਹੈ।

ਨਾਸਤਿਕ - ਪਹਾੜਾਂ ਨੂੰ ਪਾੜ ਕੇ ਅਤੇ ਉਹਦੇ ਅੰਦਰੋਂ ਜਲਦੀ ਹੋਈ ਰਾਖ ਅਤੇ ਜਲਦੇ ਹੋਏ ਪੱਥਰਾਂ ਤੋਂ ਮੀਲਾਂ ਦਰ ਮੀਲ ਅੱਗ ਵਰ੍ਹਾ ਕੇ ਅਤੇ ਜ਼ਮੀਨ ਉਪਰ ਜਲਦੇ ਪਦਾਰਥ ਨੂੰ ਨਦੀ ਦੀ ਤਰ੍ਹਾਂ ਵਹਾ ਕੇ ਥੋੜ੍ਹੀ ਜਿਹੀ ਦੇਰ ਵਿਚ ਕਿੰਨੇ ਹੀ ਸ਼ਹਿਰਾਂ ਅਤੇ ਪਿੰਡਾਂ ਅਤੇ ਉਥੇ ਦੇ ਵਸਨੀਕਾਂ ਨੂੰ ਕੌਣ ਨਸ਼ਟ ਕਰ ਦਿੰਦਾ ਹੈ?

ਆਸਤਿਕ - ਬੇਸ਼ਕ ਪ੍ਰਮਸ਼ੇਵਰ!

ਨਾਸਤਿਕ - ਕੁੱਝ ਵਰ੍ਹੇ ਹੋਏ ਇਟਲੀ ਦੇ ਕੁੱਝ ਪਹਾੜ ਜਵਾਲਾਮੁਖੀ ਬਣ ਗਏ ਅਤੇ ਉਸ ਨਾਲ ਦੂਰ ਦੂਰ ਤੱਕ ਪਿੰਡਾਂ ਦੇ ਪਿੰਡ ਨਸ਼ਟ ਹੋ ਗਏ, ਸੈਂਕੜੇ ਮਕਾਨ-ਜੇਹਨਾਂ ਵਿਚ ਗਿਰਜਾਘਰ ਵੀ ਸਨ ਜਿਥੇ ਲੋਕ ਤੁਹਾਡੇ ਰੱਬ ਦੀ ਪੂਜਾ ਕਰਦੇ ਸਨ ਅਤੇ ਕੁੱਝ ਲੋਕ ਪੂਜਾ ਵਿਚ ਮਗਨ ਵੀ ਸਨ, ਗਰਕ ਗਏ। ਉਨ੍ਹਾਂ ਸਭ ਨੂੰ ਇਸ ਲਾਸਾਨੀ ਨਿਰਦਯਤਾ ਨਾਲ ਗਰਕ ਕਰਨ ਵਾਲਾ ਕੌਣ ਹੈ?

ਆਸਤਿਕ - ਬੇਸ਼ਕ ਸਾਡਾ ਰੱਬ!

ਨਾਸਤਿਕ – ਕੁੱਝ ਸਾਲ ਹੋਏ ਜਾਪਾਨ ਵਿਚ ਭੂਚਾਨ ਨਾਲ ਸਖਤ ਤਬਾਹੀ ਹੋਣ ਦਾ ਹਾਲ ਤੁਸੀਂ ਪੜ੍ਹਿਆ ਜਾਂ ਸੁਣਿਆ ਹੋਵੇਗਾ। ਇਸ ਭੂਚਾਲ ਨਾਲ ਆਦਮੀ, ਔਰਤਾਂ ਅਤੇ ਬੱਚੇ ਤਾਂ ਮਰੇ ਹੀ ਸਗੋਂ ਅੱਗ ਲੱਗਣ ਨਾਲ ਕਰੋੜਾਂ ਰੁਪਏ ਦੀ ਲਾਗਤ ਨਾਲ ਬਣੇ ਮਕਾਨ ਸੜ ਕੇ ਤਬਾਹ ਹੋ ਗਏ। ਸਭ ਕੁੱਝ ਤਹਿਸ਼ ਨਹਿਸ਼ ਹੋ ਗਿਆ। ਇਹ ਸਭ ਬਰਬਾਦੀ ਕਿਸਦੀ ਕ੍ਰਿਪਾ ਨਾਲ ਹੋਈ?

ਆਸਤਿਕ – ਪ੍ਰਮੇਸ਼ਵਰ ਦੀ ਕ੍ਰਿਪਾ ਨਾਲ।

ਨਾਸਤਿਕ – ਸੱਪਾਂ ਦੇ ਕੱਟਣ ਅਤੇ ਮਾਰਖੁੰਡੇ ਜਾਨਵਰਾਂ ਰਾਹੀ ਸਾਡੇ ਮੁਲਕ ਵਿਚ ਜੋ ਸੈਂਕੜੇ ਆਦਮੀ, ਔਰਤਾਂ ਅਤੇ ਬੱਚੇ ਮਰ ਜਾਂਦੇ ਹਨ, ਉਹ ਕਿਸ ਦੀ ਦਯਾ ਨਾਲ?

ਆਸਤਿਕ – ਪਰਮਾਤਮਾ ਦੀ ਦਯਾ ਨਾਲ।

ਨਾਸਤਿਕ – ਮੀਂਹ ਨਾ ਪੈਣ ਅਤੇ ਕਾਲ ਪੈ ਜਾਣ ਨਾਲ ਸਾਡੇ ਦੇਸ਼ ਵਿਚ ਆਏ ਦਿਨ ਜੋ ਹਜ਼ਾਰਾਂ, ਲੱਖਾਂ ਲੋਕ ਮਰਦੇ ਹਨ, ਬੱਚੇ ਯਤੀਮ ਹੋ ਜਾਂਦੇ ਹਨ, ਉਨ੍ਹਾਂ ਨੂੰ ਮਾਰਨ ਅਤੇ ਯਤੀਮ ਬਨਾਉਣ ਵਾਲਾ ਤੁਸੀਂ ਕਿਸ ਨੂੰ ਖਿਆਲ ਕਰਦੇ ਹੋ?

ਆਸਤਿਕ – ਈਸ਼ਵਰ ਨੂੰ।

ਨਾਸਤਿਕ – ਸੈਂਕੜੇ ਪਿੰਡਾਂ ਅਤੇ ਸ਼ਹਿਰਾਂ ਵਿਚ ਜਿਥੇ ਹਜ਼ਾਰਾਂ ਲੋਕ ਚੰਗੀ ਸਿਹਤ ਦੀ ਹਾਲਤ ਵਿਚ ਤੁਰਦੇ ਫਿਰਦੇ ਅਤੇ ਕੰਮ ਕਾਰ ਕਰਦੇ ਦਿਖਾਈ ਦੇ ਰਹੇ ਸਨ, ਉਨ੍ਹਾਂ ਵਿਚ ਪਲੇਗ ਜਾਂ ਜੰਗੀ ਬੁਖਾਰ ਦੇ ਕੀੜਿਆਂ ਨੂੰ ਪੈਦਾ ਕਰਕੇ, ਉਨ੍ਹਾਂ ਨੂੰ ਨਰੋਈ ਸਿਹਤ ਵਿਚੋਂ ਕੱਢ ਕੇ ਮਹਾਂ ਭਿਆਨਕ ਅਤੇ ਘਾਤਕ ਰੋਗ ਵਿਚ ਕੌਣ ਗ੍ਰਸਤ ਕਰ ਦਿੰਦਾ ਹੈ?

ਆਸਤਿਕ – ਨਿਰਸੰਦੇਹ, ਸਾਡਾ ਦਿਆਲੂ ਪਰਮੇਸ਼ਵਰ!

ਨਾਸਤਿਕ – ਹੈਜਾ, ਪਲੇਗ, ਇਨਫਲੂਇੰਜਾ, ਤਪਦਿਕ ਆਦਿ ਦੇ ਕੀੜਿਆਂ ਨੂੰ ਪੈਦਾ ਕਰਕੇ ਅਤੇ ਉਨ੍ਹਾਂ ਦੇ ਰਾਹੀ ਲੋਕਾਂ ਨੂੰ ਮਾਰ ਕੇ, ਹਜ਼ਾਰਾਂ, ਲੱਖਾਂ ਬੱਚਿਆਂ ਨੂੰ ਕੌਣ ਯਤੀਮ, ਦੁਖੀ ਅਤੇ ਬੇਬੱਸ ਬਣਾ ਦਿੰਦਾ ਹੈ?

ਆਸਤਿਕ – ਬੇਸ਼ਕ, ਸਾਡਾ ਈਸ਼ਵਰ!

ਨਾਸਤਿਕ – ਭੂਚਾਲ ਜਾਂ ਇਕ ਤਰ੍ਹਾਂ ਦਾ ਟਰਨੈਡੋ ਪੈਦਾ ਕਰਕੇ ਸੈਂਕੜਿਆਂ ਮਕਾਨਾਂ ਬਹੁਤ ਸੁੰਦਰ ਅਤੇ ਲੱਖਾਂ ਕਰੋੜਾਂ ਦੀ ਲਾਗਤ ਨਾਲ ਬਣੇ ਮਹਿਲਾਂ, ਇਮਾਰਤਾਂ ਅਤੇ ਘਰਾਂ ਨੂੰ, ਅਤੇ ਜਹਾਜ਼ਾਂ ਦੇ ਕੌਣ ਮਲਿਆ ਮੇਟ ਕਰ ਦਿੰਦਾ ਹੈ?

ਆਸਤਿਕ – ਸਾਡਾ ਵਾਹਿਗੁਰੂ, ਅੱਲ੍ਹਾ, ਹੋਰ ਕੌਣ?

ਨਾਸਤਿਕ – ਬਹੁਤ ਖੂਬ! ਹੁਣ ਦੱਸੋ ਕਿ ਇਸ ਦੁਨੀਆਂ ਵਿਚ ਅੱਤਿਆਚਾਰੀ ਤੋਂ ਅੱਤਿਆਚਾਰੀ, ਬੁਰੇ ਤੋਂ ਬੁਰਾ ਕੋਈ ਐਸਾ ਇਨਸਾਨ ਜਾਂ ਬਾਦਸ਼ਾਹ ਹੋਇਆ ਹੈ ਜਾਂ ਹੁਣ ਮੌਜੂਦ ਹੈ ਜੋ ਤੁਹਾਡੇ ਈਸ਼ਵਰ, ਵਾਹਿਗੁਰੂ, ਅੱਲ੍ਹਾ ਦੇ ਬਰਾਬਰ ਜਾਂ ਉਸ ਤੋਂ ਵੱਧ ਕੇ ਦੁੱਖ ਦੇਣ ਵਾਲਾ, ਅੱਤਿਆਚਾਰੀ, ਨਿਰਦਈ ਅਤੇ ਬੁਰਾਈ ਦਾ ਪੁਤਲਾ ਹੋਵੇ?

ਆਸਤਿਕ – ਪ੍ਰੀਖਿਆ ਦੀ ਕਸਵੱਟੀ ਤੇ ਪਰਖਣ ਅਤੇ ਸੱਚ ਨੂੰ ਸੱਚ ਮੰਨਣ ਨਾਲ ਤਾ ਨਿਰਸੰਦੇਹ ਐਸੇ ਰੱਬ ਤੋਂ ਵੱਧ ਕੇ ਕੋਈ ਮਨੁੱਖ ਜਾਂ ਪਸ਼ੂ ਨਿਰਦਈ, ਅੱਤਿਆਚਾਰੀ, ਹਾਨੀਕਾਰਕ ਅਤੇ ਕਾਤਲ ਜਾਂ ਇੱਕ ਸ਼ਬਦ ਵਿਚ 'ਬੁਰਾ' ਨਹੀਂ ਹੋਇਆ ਅਤੇ ਨਾ ਹੀ ਹੋ ਸਕਦਾ ਹੈ?

ਨਾਸਤਿਕ – ਬਿਲਕੁਲ ਸੱਚ ਹੈ। ਲੇਕਿਨ ਸੱਚ ਦੇ ਨਾ ਵੇਖਣ ਨਾਲ ਅਤੇ

ਸਿਰਫ਼ ਵਹਿਮੀ ਵਿਸ਼ਵਾਸ ਦੇ ਦਾਸ ਬਣ ਜਾਣ ਨਾਲ ਲੋਕ ਕਿਸੇ ਐਸੇ ਕਲਪਿਤ ਅਤੇ ਝੂਠੇ ਈਸ਼ਵਰ ਜਾਂ ਰੱਬ ਨੂੰ ਮੰਨਣ ਦਾ ਦਮ ਭਰਦੇ ਹਨ, ਵਰਨਾ ਸੱਚਾਈ ਦੀ ਰੋਸ਼ਨੀ ਵਿਚ ਵੇਖਣ ਵਾਲੇ ਸਾਫ-ਸਾਫ ਜਾਣਦੇ ਹਨ ਕਿ ਐਸੇ ਰੱਬ ਦਾ ਵਜੂਦ ਹੀ ਬਿਲਕੁਲ ਕਲਪਿਤ ਅਤੇ ਵਹਿਮੀ ਹੈ। ਕੋਈ ਐਸਾ ਈਸ਼ਵਰ ਨਾ ਕਦੀ ਪਹਿਲਾਂ ਸੀ ਅਤੇ ਨਾ ਹੁਣ ਹੈ। ਉਹ ਸਿਰਫ਼ ਲੋਕਾਂ ਦੇ ਵਹਿਮ ਨਾਲ ਪੈਦਾ ਹੋਇਆ ਇਕ ਕਲਪਿਤ ਵਜੂਦ ਹੈ।

ਆਸਤਿਕ - (ਹੱਸ ਕੇ) ਜੇਕਰ ਇਹ ਈਸ਼ਵਰ ਸੱਚਮੁੱਚ ਦਾ ਕੋਈ ਵਜੂਦ ਹੁੰਦਾ ਅਤੇ ਕੋਈ ਇਨਸਾਨੀ ਗੌਰਮਿੰਟ ਉਹਨੂੰ ਸਜ਼ਾ ਦੇ ਸਕਦੀ ਹੁੰਦੀ ਤਾਂ ਹਰ ਰੋਜ਼ ਹਜ਼ਾਰਾਂ ਕੇਸ ਉਹਦੇ ਅਪਰਾਧਾਂ ਦੀ ਸ਼ਿਕਾਇਤ ਵਿਚ ਅਲੱਗ ਅਲੱਗ ਕਚਿਹਰੀਆਂ ਵਿਚ ਦਰਜ ਹੁੰਦੇ ਅਤੇ ਉਹਨੂੰ ਆਪਣੇ ਇਨ੍ਹਾਂ ਅਪਰਾਧਾਂ ਦੇ ਲਈ ਜੋ ਸਜ਼ਾ ਮਿਲਦੀ, ਉਹਦੀ ਕੋਈ ਹੱਦ ਨਾ ਹੁੰਦੀ।

ਨਾਸਤਿਕ - ਬਿਲਕੁਲ ਠੀਕ ਹੈ। ਮੈਂ ਇਸ ਬਾਰੇ ਤੁਹਾਨੂੰ ਇਕ ਵਾਰ ਦੀ ਇਕ ਬਹੁਤ ਹੀ ਦਿਲਚਸਪ ਘਟਨਾ ਸੁਣਾਉਂਦਾ ਹਾਂ। ਕਈ ਵਰ੍ਹੇ ਬੀਤ ਗਏ ਹਨ ਜਦ ਮਦਰਾਸ ਦੇ ਇਕ ਸੂਬੇ ਵਿਚ ਇਕ ਰੇਲਗੱਡੀ ਉਲਟ ਗਈ ਸੀ। ਗੱਡੀ, ਲੋਹੇ ਦੀ ਪਟੜੀ ਤੋਂ ਉਤਰ ਗਈ ਸੀ, ਇੰਜਣ ਵੱਖ ਹੋ ਗਿਆ ਅਤੇ ਬਹੁਤ ਸਾਰਾ ਨੁਕਸਾਨ ਹੋਇਆ ਸੀ। ਕਈ ਮੌਤਾਂ ਹੋਈਆਂ ਅਤੇ ਕਈ ਮੁਸਾਫ਼ਿਰ ਜ਼ਖਮੀ ਹੋ ਗਏ। ਇਸ ਵੱਡੀ ਦੁਰਘਟਨਾ ਤੋਂ ਬਾਅਦ ਹਾਕਮਾਂ ਵੱਲੋਂ ਛਾਣਬੀਣ ਦਾ ਹੁਕਮ ਹੋਇਆ ਤਾਂ ਕਿ ਪਤਾ ਲੱਗ ਸਕੇ ਕਿ ਇਸ ਅਪਰਾਧ ਦਾ ਦੋਸ਼ੀ ਕੌਣ ਹੈ? ਕੀ ਕੋਈ ਇਕ ਜਣਾ ਹੈ ਜਾਂ ਜ਼ਿਆਦਾ ਲੋਕ ਹਨ। ਡਰਾਈਵਰ ਹੈ ਜਾਂ ਗਾਰਡ ਹੈ? ਕੀ ਕਿਸੇ ਨੇ ਪੱਟੜੀ ਤੇ ਪੱਥਰ ਰੱਖ ਦਿੱਤਾ ਸੀ ਜਾਂ ਵੱਡਾ ਛਤੀਰ। ਛਾਣਬੀਣ ਖਤਮ ਹੋਈ ਅਤੇ ਪਤਾ ਲੱਗਾ ਕਿ ਇਸ ਵੱਡੇ ਅਪਰਾਧਾਂ ਦਾ ਦੋਸ਼ੀ ਕੋਈ ਮਨੁੱਖ ਨਹੀਂ ਹੈ। ਕਿਸੇ ਮਨੁੱਖ ਦੀ ਲਾਪਰਵਾਹੀ ਜਾਂ ਦੁਸ਼ਟਤਾ ਨਾਲ ਇਹ ਦੁਰਘਟਨਾ ਨਹੀਂ ਹੋਈ ਲੇਕਿਨ ਇਕ ਹਵਾ ਦੇ ਗੈਰ-ਮਾਮੂਲੀ ਤੂਫ਼ਾਨ ਨਾਲ ਇਹ ਦੁਰਘਟਨਾ ਵਾਪਰੀ ਸੀ ਜੋ ਕਿ ਈਸ਼ਵਰ ਦਾ ਕੰਮ ਸੀ। ਜਦ ਇਹ ਰਿਪੋਰਟ ਮਦਰਾਸ ਸਰਕਾਰ ਕੋਲ ਪਹੁੰਚੀ ਤਾਂ ਉਹਨੇ ਫੈਸਲਾ ਦਿੱਤਾ ਕਿ ਜੇ ਇਹ ਕੰਮ ਕਿਸੇ ਮਨੁੱਖ ਜਾਂ ਮਨੁੱਖਾਂ ਦਾ ਹੁੰਦਾ ਤਾਂ ਉਨ੍ਹਾਂ ਨੂੰ ਕਚਿਹਰੀ 'ਚ ਲਿਜਾ ਕੇ ਸਜ਼ਾ ਦਿੱਤੀ ਜਾ ਸਕਦੀ ਸੀ। ਕਿਉਂਕਿ ਇਹ ਕੰਮ ਈਸ਼ਵਰ ਦਾ ਹੈ ਯਾਨਿ Act of God ਹੈ, ਇਹਦੇ ਸਿਵਾਏ ਹੋਰ ਕੀਤਾ ਵੀ ਕੀ ਜਾ ਸਕਦਾ ਸੀ? ਕਿਉਂਕਿ ਜਿਸ ਤਰ੍ਹਾਂ ਸ਼ੈਤਾਨ ਵਾਂਗੂੰ ਕਿਸੇ ਕਲਪਿਤ ਫਰਿਸ਼ਤੇ ਨੂੰ ਸੰਮਨ ਜਾਂ ਵਰੰਟ ਦੇ ਜ਼ਰੀਏ ਗ੍ਰਿਫ਼ਤਾਰ ਕਰਨਾ ਅਤੇ ਕਚਹਿਰੀ ਵਿਚ ਲਿਆ ਕੇ ਸਜ਼ਾ ਦੇਣੀ ਮੁਮਕਿਨ ਨਹੀਂ, ਉਸੇ ਤਰ੍ਹਾਂ ਕਲਪਿਤ ਈਸ਼ਵਰ ਵੀ ਮਨੁੱਖ ਦੀ ਪਕੜ ਅਤੇ ਸਜ਼ਾ ਦੀ ਪਹੁੰਚ ਤੋਂ ਬਾਹਰ ਹੈ।

ਆਸਤਿਕ - ਇਹ ਤਾਂ ਬਹੁਤ ਮਜ਼ੇਦਾਰ ਘਟਨਾ ਹੈ। ਖਿਆਲੀ ਜਾਂ ਕਲਪਿਤ ਵਜੂਦ ਭਲਾ ਕਿਸ ਦੇ ਕਾਬੂ ਵਿਚ ਆ ਸਕਦਾ ਹੈ?

ਨਾਸਤਿਕ - ਕਿਸੇ ਦੇ ਨਹੀਂ। ਪਰ ਲੱਖਾਂ, ਕਰੋੜਾਂ ਇਨਸਾਨ ਆਪਣੀ ਮੂਰਖਤਾ ਨਾਲ ਐਸੇ ਕਲਪਿਤ ਵਜੂਦ ਦੇ ਕਾਬੂ ਵਿਚ ਰਹਿ ਕੇ ਕਈ ਤਰ੍ਹਾਂ ਦਾ ਹਰ ਰੋਜ਼ ਨੁਕਸਾਨ ਉਠਾਉਂਦੇ ਹਨ।

# ਈਸ਼ਵਰ ਦੇ ਮਿਥਿਆ ਵਿਸ਼ਵਾਸ ਦੀਆਂ ਹਾਨੀਆਂ

ਨਾਸਤਿਕ - ਕਲਪਿਤ ਈਸ਼ਵਰ ਦੇ ਸਿੱਖਿਆ ਵਿਸ਼ਵਾਸ਼ ਦੇ ਫੈਲ ਜਾਣ ਨਾਲ ਦੁਨੀਆਂ ਦਾ ਕੀ ਨੁਕਸਾਨ ਹੁੰਦਾ ਹੈ?

ਆਸਤਿਕ - ਉਹ! ਇਸ ਨੁਕਸਾਨ ਦੀ ਕੋਈ ਹੱਦ ਹੈ? ਸੱਚ ਅਤੇ ਝੂਠ ਇਕ ਦੂਜੇ ਦੇ ਵਿਰੁੱਧ ਹਨ। ਸੱਚ ਦੇ ਫੈਲਣ ਨਾਲ ਭਲਾਈ ਅਤੇ ਝੂਠ ਦੇ ਫੈਲਣ ਨਾਲ ਬੁਰਾਈ ਦੀ ਪੈਦਾਇਸ਼ ਜ਼ਰੂਰੀ ਹੈ। ਸੱਚ ਅੰਮ੍ਰਿਤ ਦੀ ਤਰ੍ਹਾਂ ਹੈ। ਸਿੱਖਿਆ ਜ਼ਹਿਰ ਦੀ ਤਰ੍ਹਾਂ ਹੈ। ਪਾਣੀ ਦੇ ਮਿਲਣ ਨਾਲ ਜਿਸ ਤਰ੍ਹਾਂ ਕਰੋੜਾਂ ਮਨੁੱਖਾਂ ਅਤੇ ਪਸ਼ੂਆਂ ਜਾਨਵਰਾਂ ਪੰਛੀਆਂ ਦੀ ਤ੍ਰੇਹ ਮਿਟਦੀ ਹੈ ਅਤੇ ਉਨ੍ਹਾਂ ਦਾ ਸਰੀਰ ਕਾਇਮ ਰਹਿੰਦਾ ਹੈ ਅਤੇ ਉਹ ਜੀਵਤ ਰਹਿੰਦੇ ਹਨ ਅਤੇ ਦੂਜੇ ਪਾਸੇ ਜ਼ਹਿਰੀਲੀ ਮਦਰਾ, ਸ਼ਰਾਬ ਪੀਣ ਨਾਲ ਨਸ਼ਟ ਹੁੰਦਾ ਹੈ ਉਸੇ ਤਰ੍ਹਾਂ ਸੱਚ ਦੇ ਗਿਆਨ ਨਾਲ ਇਨਸਾਨ ਸਚਾਈ ਵਿਚ ਚਲ ਸਕਦਾ ਹੈ ਅਤੇ ਸਿੱਖਿਆ ਵਿਚ ਪੈ ਕੇ ਆਪ ਵੱਡੇ-ਵੱਡੇ ਨੁਕਸਾਨ ਉਠਾਉਂਦਾ ਹੈ ਅਤੇ ਹੋਰਾਂ ਲਈ ਵੀ ਬਹੁਤ ਜ਼ਿਆਦਾ ਹਾਨੀਕਾਰਕ ਸਾਬਤ ਹੁੰਦਾ ਹੈ। ਸੱਚ ਅਤੇ ਝੂਠ ਬਾਰੇ, ਕੁਦਰਤ ਦਾ ਇਹ ਅਟੱਲ ਨਿਯਮ ਹੈ। ਇਸੇ ਲਈ ਕਲਪਿਤ ਈਸ਼ਵਰ ਦੇ ਸਿੱਖਿਆ ਵਿਸ਼ਵਾਸ਼ ਦੇ ਫੈਲਣ ਨਾਲ ਦੁਨੀਆਂ ਨੂੰ ਅਤਿਅੰਤ ਹਾਨੀ ਪਹੁੰਚੀ ਹੈ।

ਆਸਤਿਕ - ਇਸ ਹਾਨੀ ਬਾਰੇ ਤੁਸੀਂ ਖੋਹਲ ਕੇ ਦੱਸ ਸਕਦੇ ਹੋ?

ਨਾਸਤਿਕ - ਜੀ ਹਾਂ, ਦੁਨੀਆਂ ਦਾ ਇਤਿਹਾਸ ਐਸੀਆਂ ਹਾਨੀਆਂ, ਨੁਕਸਾਨਾਂ ਨਾਲ ਭਰਿਆ ਪਿਆ ਹੈ।

ਆਸਤਿਕ - ਤੁਸੀਂ ਉਨ੍ਹਾਂ ਵਿਚੋਂ ਕੁੱਝ ਕੁ ਦਾ ਵਰਨਣ ਕਰ ਸਕਦੇ ਹੋ?

ਨਾਸਤਿਕ - ਜੀ ਹਾਂ, ਸੁਣੋ।

ਪਹਿਲਾ - ਈਸ਼ਵਰ ਦੇ ਸਿੱਖਿਆ ਵਿਸ਼ਵਾਸ਼ 'ਚ ਫਸ ਕੇ ਮਿਥਿਆ ਵਿਸ਼ਵਾਸ਼ੀਆਂ ਨੇ ਵਿਗਿਆਨ ਦੀ ਉਨਤੀ ਵਿਚ ਬਹੁਤ ਰੋਕ ਅਤੇ ਵਿਰੋਧਤਾ ਪੈਦਾ ਕੀਤੀ ਹੈ। ਕਲਪਿਤ ਈਸ਼ਵਰ ਵੱਲੋਂ ਕਲਪਿਤ ਬਾਣੀ ਦੇ ਵਿਸ਼ਵਾਸ਼ੀ ਹੋ ਕੇ ਉਨ੍ਹਾਂ ਲੋਕਾਂ ਨੇ ਇਸ ਤਰ੍ਹਾਂ ਦੀਆਂ ਝੂਠੀਆਂ ਗੱਲਾਂ ਤੇ ਵਿਸ਼ਵਾਸ ਜਮਾ ਕੇ ਕਿ ਈਸ਼ਵਰ ਨੇ ਇਹ ਦੁਨੀਆਂ ਛੇ ਦਿਨਾਂ ਵਿਚ ਪੈਦਾ ਕੀਤੀ ਸੀ। ਈਸ਼ਵਰ ਨੇ ਜਿਨ੍ਹਾਂ ਆਪਣੇ ਚੁਣੇ ਹੋਏ ਆਦਮੀਆਂ ਦੁਆਰਾ ਸ਼ਿਕਸ਼ਾ ਭੇਜੀ, ਉਨ੍ਹਾਂ ਰਾਹੀ ਉਨ੍ਹਾਂ ਦੇ ਪ੍ਰਮਾਣ ਲਈ ਕਰਾਮਾਤਾਂ ਵਿਖਾਈਆਂ ਹਨ ਜਿਵੇਂ ਕੁਆਰੀ ਇਸਤਰੀ ਦੇ ਨਾਲ ਬਿਨਾਂ ਕਿਸੇ ਪੁਰਸ਼ ਦੇ ਸਬੰਧ ਦੇ ਆਪਣੀ ਪਵਿੱਤਰ ਰੂਹ ਦੇ ਜ਼ਰੀਏ ਉਹਦੇ ਅੰਦਰ ਗਰਭ ਪੈਦਾ ਕੀਤਾ ਹੈ। ਆਪਣੇ ਕਿਸੇ ਪੈਗੰਬਰ ਦੇ ਜ਼ਰੀਏ ਸੂਰਜ ਨੂੰ ਠਹਿਰਾ ਦਿੱਤਾ ਹੈ ਅਤੇ ਕਿਸੇ ਪੈਗੰਬਰ ਦੇ ਜ਼ਰੀਏ ਚੰਦ ਦੇ ਦੋ ਟੁਕੜੇ ਕਰ ਦਿੱਤੇ ਹਨ। ਉਸ ਨੇ ਮਨੁੱਖ ਦੀ ਮਹਿਮਾ ਦੇ ਕਾਰਨ ਹੀ ਪ੍ਰਿਥਵੀ ਨੂੰ ਕੇਂਦਰ ਬਣਾਇਆ ਹੈ, ਸੂਰਜ ਅਤੇ ਬਾਕੀ ਨਛੱਤਰਾਂ ਨੂੰ ਉਹਦੇ ਇਰਦ ਗਿਰਦ ਘੁੰਮਣ ਦਾ ਹੁਕਮ ਦਿੱਤਾ ਹੈ। ਉਹਨੇ ਸੱਤ ਅਸਮਾਨ ਬਣਾਏ ਹਨ ਆਦਿ। ਉਨ੍ਹਾਂ ਗਿਆਨਵਾਨ ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਤਸੀਹੇ ਦੇ ਕੇ ਸਤਾਇਆ ਗਿਆ ਅਤੇ ਕਤਲ ਕੀਤਾ ਗਿਆ ਜੋ ਗਿਆਨ ਦੀ ਜੋਤੀ ਨਾਲ ਜੋਤੀਮਾਨ ਹੋ ਕੇ ਉਨ੍ਹਾਂ ਕੁੱਲ ਗੱਲਾਂ ਦੇ ਮਿਥਿਆਪਣ ਨੂੰ ਵੇਖਦੇ ਅਤੇ ਉਨ੍ਹਾਂ ਦਾ ਖੰਡਨ ਕਰਦੇ ਸਨ। ਗਲੇਲਿਓ, ਬਰੂਨੋ ਹਿਪਾਸ਼ਿਆ ਅਤੇ ਹੋਰ ਬਹੁਤ ਸਾਰੇ ਵਿਦਵਾਨਾਂ ਦੇ ਨਾਮ ਇਸ ਲੜੀ ਵਿਚ ਉੱਘੇ ਹਨ।

ਦੂਸਰਾ - ਇਹ ਸਿਲਸਿਲਾ ਸਿਰਫ਼ ਸਧਾਰਨ ਲੋਕਾਂ ਤੱਕ ਹੀ ਸੀਮਿਤ ਨਹੀਂ

ਰਿਹਾ ਸਗੋਂ ਐਸੇ ਝੂਠੇ ਵਿਸ਼ਵਾਸ਼ੀਆਂ ਨੇ ਆਪਣੇ ਤੋਂ ਅਲੱਗ ਵਿਸ਼ਵਾਸ਼ ਰੱਖਣ ਵਾਲਿਆਂ ਨਾਲ ਤਰ੍ਹਾਂ ਤਰ੍ਹਾਂ ਦਾ ਅਤਿਆਚਾਰਿਕ ਵਿਹਾਰ ਕੀਤਾ ਹੈ। ਇਨ੍ਹਾਂ ਲੋਕਾਂ ਨੇ ਆਪਣੇ ਫਰਜ਼ੀ ਰੱਬ ਦੀ ਆਗਿਆ ਅਨੁਸਾਰ ਆਪਸ ਵਿਚ ਜਿਨ੍ਹਾਂ ਲਹੂ ਵਹਾਇਆ ਹੈ, ਉਨ੍ਹਾਂ ਦੋਵੇਂ ਸੰਸਾਰ ਜੰਗਾਂ ਵਿਚ ਵੀ ਨਹੀਂ ਸੀ ਵਹਾਇਆ ਗਿਆ। ਲੱਖਾਂ ਦੀ ਗਿਣਤੀ ਵਿਚ ਇਕ ਦੂਸਰੇ ਦੇ ਗਲ ਵੱਢ ਦਿੱਤੇ। ਇਕ ਦੂਸਰੇ ਨੂੰ ਜੀਉਂਦੇ ਜੀਅ ਅੱਗ ਵਿਚ ਜਲਾਇਆ ਹੈ। ਐਸੇ ਕਸ਼ਟ ਦਿੱਤੇ ਹਨ ਕਿ ਜਿਹਨਾਂ ਦਾ ਵਰਨਣ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਸ਼ਟਾਂ ਦੇ ਵਿਰਤਾਂਤਾਂ ਨਾਲ ਦੁਨੀਆਂ ਦਾ ਇਤਿਹਾਸ ਭਰਿਆ ਪਿਆ ਹੈ। ਜਰਮਨੀ, ਇੰਗਲੈਂਡ ਅਤੇ ਫਰਾਂਸ ਆਦਿ ਤੋਂ ਹਜ਼ਾਰਾਂ ਅਤੇ ਲੱਖਾਂ ਈਸਾਈਆਂ ਨੇ ਇਕ ਵਾਰੀ ਨਹੀਂ, ਦੋ ਵਾਰੀ ਨਹੀਂ ਪਰ ਛੇ ਸੱਤ ਵਾਰ ਯੋਰੋਸਲਮ ਤੇ ਚੜ੍ਹਾਈਆਂ ਕਰਕੇ ਮੁਸਲਮਾਨਾਂ ਨਾਲ ਮਜ਼ਹਬੀ ਲੜਾਈਆਂ ਕੀਤੀਆਂ ਅਤੇ ਉਨ੍ਹਾਂ ਲੜਾਈਆਂ ਵਿਚ ਵੱਡੇ ਰਾਜੇ, ਨਵਾਬਾਂ ਅਤੇ ਅਮੀਰਾਂ ਦੇ ਰਾਜ ਨਸ਼ਟ ਭਰਿਸ਼ਟ ਹੋ ਗਏ। ਦੂਜੇ ਪਾਸੇ ਮੁਸਲਮਾਨਾਂ ਦੇ ਜਹਾਦ ਦੀ ਈਸ਼ਵਰੀ ਆਗਿਆ ਅਨੁਸਾਰ ਫਾਰਿਸ, ਮਿਸਰ ਅਤੇ ਯੋਰਪ ਦੇ ਕਈ ਦੇਸ਼ਾਂ ਦੇ ਨਿਵਾਸੀਆਂ ਨਾਲ ਜਿੰਨੀਆਂ ਲੜਾਈਆਂ ਕਰਕੇ ਖੂਨ ਵਹਾਇਆ ਹੈ ਅਤੇ ਇਨ੍ਹਾਂ ਹੀ ਇਕ ਰੱਬ ਦੇ ਸੱਚੇ ਪੈਰੋਕਾਰਾਂ ਨੇ ਆਪਣੇ ਇਸ ਕਲਪਿਤ ਰੱਬ ਦੀ ਪਵਿੱਤਰ ਇੱਛਾ ਅਨੁਸਾਰ ਭਾਰਤ ਦੇ ਹਿੰਦੂਆਂ ਤੇ ਜਿਨਾਂ ਅੱਤਿਆਚਾਰ ਕੀਤਾ ਹੈ ਅਤੇ ਉਨ੍ਹਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਹੈ, ਉਨ੍ਹਾਂ ਦੇ ਮੰਦਿਰਾਂ ਅਤੇ ਉਨ੍ਹਾਂ ਦੇ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਨੂੰ ਤੋੜਿਆ ਹੈ, ਹਜ਼ਾਰਾਂ ਅਤੇ ਲੱਖਾਂ ਦੀ ਗਿਣਤੀ ਵਿਚ ਉਨ੍ਹਾਂ ਨੂੰ ਕਤਲ ਕੀਤਾ, ਕਰੋੜਾਂ ਦਾ ਮਾਲ ਲੁੱਟਿਆ, ਹਜ਼ਾਰਾਂ, ਲੱਖਾਂ ਸਤੀ ਇਸਤਰੀਆਂ ਦੇ ਸਤੀਤਵ ਨੂੰ ਨਸ਼ਟ ਕੀਤਾ। ਅਨੇਕਾਂ ਨੂੰ ਜ਼ਬਰਦਸਤੀ ਗੁਲਾਮ ਬਣਾਇਆ, ਉਨ੍ਹਾਂ ਦੇ ਅਤਿਅੰਤ ਭਿਆਨਕ ਅਤੇ ਜ਼ਾਲਮਤਾ ਦਾ ਹਾਲ ਇਤਿਹਾਸ ਪੜ੍ਹਨ ਵਾਲਿਆਂ ਤੋਂ ਗੁੱਝਾ ਹੋਇਆ ਨਹੀਂ ਹੈ।

ਆਸਤਿਕ - ਇਨ੍ਹਾਂ ਇਤਿਹਾਸਕ ਘਟਨਾਵਾਂ ਤੋਂ ਕੋਈ ਵੀ ਪੜ੍ਹਿਆ ਲਿਖਿਆ ਇਨਸਾਨ ਇਨਕਾਰ ਨਹੀਂ ਕਰ ਸਕਦਾ।

ਬੇਸ਼ਕ! ਪਰ ਅਜੇ ਕੁੱਝ ਹੋਰ ਵੀ ਸੁਣੋ। ਇਸ ਭਿਆਨਕ ਰੱਬ ਨੇ ਇਥੇ ਹੀ ਬਸ ਨਹੀਂ ਕੀਤੀ। ਉਹ ਜਿੰਨਾ ਵੱਡਾ ਮੰਨਿਆ ਗਿਆ ਹੈ, ਉਨ੍ਹੀਆਂ ਹੀ ਉਹਨੇ ਵਧ ਚੜ੍ਹ ਕੇ ਖਰਾਬੀਆਂ ਵੀ ਕੀਤੀਆਂ ਹਨ।

ਤੀਸਰਾ - ਇਸ ਰੱਬ ਨੇ ਪੁਰਸ਼ ਅਤੇ ਇਸਤਰੀ ਦੇ ਸਬੰਧ ਨੂੰ ਅਪਵਿੱਤਰ ਬਣਾਇਆ ਹੈ। ਕਿਤੇ ਉਸ ਨੇ ਆਪਣੀ ਅਕਾਸ਼ਬਾਣੀ ਭੇਜ ਕੇ ਇਕ ਪੁਰਸ਼ ਦੇ ਲਈ ਇਕ ਪਤਨੀ ਦੇ ਜਿਉਂਦੇ ਜੀਅ, ਚਾਰ ਸ਼ਾਦੀਆਂ ਦਾ ਹੁਕਮ ਦਿੱਤਾ ਹੈ ਅਤੇ ਮਰਨ ਤੋਂ ਬਾਅਦ ਆਪਣੇ ਭਗਤਾਂ (ਮੋਮਨਾਂ) ਨੂੰ ਸਵਰਗ ਵਿਚ 70-70 ਹੂਰਾਂ ਦੇਣ ਦਾ ਵਾਅਦਾ ਕੀਤਾ ਹੈ। ਕਿਤੇ ਉਨ੍ਹਾਂ ਨੂੰ ਇਕ ਜਾਂ ਦੂਸਰੇ ਢੰਗ ਨਾਲ ਤਲਾਕ ਦੇ ਕੇ ਮੌਜ ਕਰਨ ਦਾ ਹੁਕਮ ਦਿੱਤਾ ਹੈ। ਕਿਤੇ ਇਸਤਰੀਆਂ ਨੂੰ ਆਦੇਸ਼ ਦਿੱਤਾ ਹੈ ਕਿ ਉਹ ਕਈ ਸਾਲਾਂ ਤੱਕ ਆਪਣੇ ਪਤੀਆਂ ਦੀ ਗੈਰ-ਹਾਜ਼ਰੀ ਦੀ ਇੰਤਜ਼ਾਰੀ ਤੋਂ ਬਾਅਦ ਪਰਾਏ ਪੁਰਸ਼ ਨਾਲ ਮਿਲਣ ਅਤੇ ਬੱਚੇ ਪੈਦਾ ਕਰਨ। ਵਿਧਵਾ ਹੋ ਕੇ ਵੀ ਸਬੰਧ ਬਨਾਉਣ ਪਰ ਵਿਆਹ ਕਰਕੇ ਕਿਸੇ ਦੀ ਪਤਨੀ ਬਣ ਕੇ ਨਾ ਰਹਿਣ। ਦੂਜੇ ਪਾਸੇ ਵਿਆਹਿਆ ਪੁਰਸ਼ ਆਪਣੀ ਪਤਨੀ ਦੇ ਹੁੰਦੇ ਹੋਏ ਵੀ ਜੇ ਉਹ ਬਾਂਝ ਜਾਂ ਗਰਭਵਤੀ ਹੋਵੇ ਤਾਂ ਕਿਸੇ ਹੋਰ ਇਸਤਰੀ ਨਾਲ ਸਬੰਧ ਬਣਾ ਲੈਣ।

ਚੌਥਾ - ਇਸ ਫਰਜ਼ੀ ਰੱਬ ਨੇ ਜੋ ਬਹੁਤ ਦਿਆਲੂ ਕਰਕੇ ਪ੍ਰਸਿੱਧ ਹੈ, ਵਿਚਾਰੇ, ਨਿਤਾਣੇ ਅਤੇ ਗੂੰਗੇ ਪਸ਼ੂਆਂ, ਜਾਨਵਰਾਂ ਅਤੇ ਪੰਛੀਆਂ ਬਾਰੇ ਵੀ ਨਿਰਦਯਤਾ ਭਰੀਆਂ ਆਗਿਆਵਾਂ ਦਿੱਤੀਆਂ ਹਨ। ਇਨ੍ਹਾਂ ਹੁਕਮਾਂ ਅਨੁਸਾਰ ਈਸਾਈ, ਮੁਸਲਮਾਨ, ਹਿੰਦੂ, ਸਿੱਖ, ਆਰੀਆ ਸਮਾਜੀ, ਬ੍ਰਹਮੋ ਆਦਿ ਮਨੁੱਖਾਂ ਦੇ ਮੁਕਾਬਲੇ ਕਮਜ਼ੋਰ ਪਸ਼ੂਆਂ, ਜਾਨਵਰਾਂ, ਪੰਛੀਆਂ ਨੂੰ ਕਤਲ ਕਰਕੇ ਜਾਂ ਕਰਾ ਕੇ ਉਨ੍ਹਾਂ ਦੇ ਮੁਰਦਾਰ ਮਾਸ ਨੂੰ ਖਾ ਕੇ ਅਤੇ ਬਲੀਆਂ ਦੇ ਕੇ ਖੁਸ਼ ਹੁੰਦੇ ਹਨ।

ਭਾਵੇਂ ਕਿ ਇਹ ਨਿਤਾਣੇ, ਬੇਬੱਸ ਜਾਨਵਰ ਆਪਣਾ ਕਤਲ ਕਰਨ ਵਾਲਿਆਂ ਦੀ ਜਾਨ ਨੂੰ ਰੋਂਦੇ ਹਨ ਅਤੇ ਮਰਨ ਤੋਂ ਪਹਿਲਾਂ ਬਹੁਤ ਦਰਦ ਭਰੀਆਂ ਆਵਾਜ਼ਾਂ ਕੱਢਦੇ ਹਨ, ਕੁਰਲਾਹਟ ਪਾਉਂਦੇ ਹਨ ਅਤੇ ਕਈ ਤਰ੍ਹਾਂ ਨਾਲ ਆਪਣੇ ਦੁੱਖ ਨੂੰ ਜ਼ਾਹਿਰ ਕਰਦੇ ਹਨ ਅਤੇ ਦਯਾ ਦੀ ਬੇਨਤੀ ਕਰਦੇ ਹਨ। ਪਰ ਇਨ੍ਹਾਂ ਵਿਚਾਰਿਆਂ ਦੇ ਦੁੱਖ ਅਤੇ ਉਨ੍ਹਾਂ ਦੇ ਕਤਲ ਤੇ ਜਿਸ ਤਰ੍ਹਾਂ ਇਸ ਫਰਜ਼ੀ ਦਿਆਲੂ ਰੱਬ ਨੂੰ ਕੋਈ ਦਯਾ ਨਹੀਂ ਆਉਂਦੀ, ਉਸੇ ਤਰ੍ਹਾਂ ਹੀ ਮੁਰਦਾਰ ਖਾਣ ਦੇ ਸ਼ੌਕੀਨਾਂ ਅਤੇ ਉਹਦੇ ਵਿਚ ਵਿਸ਼ਵਾਸ ਕਰਨ ਵਾਲਿਆਂ ਦੇ ਦਿਲਾਂ ਤੇ ਕੋਈ ਚੋਟ ਨਹੀਂ ਲੱਗਦੀ ਕਿਉਂਕਿ ਉਹ ਆਪਣੇ ਉਸ ਫਰਜ਼ੀ ਰੱਬ 'ਚ ਯਕੀਨ ਕਰਦੇ ਹਨ ਕਿ ਉਹਨੇ ਇਨ੍ਹਾਂ ਜਾਨਵਰਾਂ ਨੂੰ ਉਨ੍ਹਾਂ ਦੇ ਖਾਣ ਲਈ ਹੀ ਪੈਦਾ ਕੀਤਾ ਹੈ ਅਤੇ ਉਹਦਾ ਹੁਕਮ ਹੈ ਕਿ ਅਸੀਂ ਇਨ੍ਹਾਂ ਨੂੰ ਮਾਰ ਕੇ ਖਾਈਏ ਅਤੇ ਆਪਣੇ ਦਿਆਲੂ ਪ੍ਰਮੇਸ਼ਵਰ ਦੇ ਧੰਨਵਾਦੀ ਬਣੀਏ। ਕੀ ਇਨ੍ਹਾਂ ਲੱਖਾਂ, ਕਰੋੜਾਂ ਪਸ਼ੂਆਂ-ਪੰਛੀਆਂ ਦਾ ਕਤਲ, ਫਰਜ਼ੀ ਰੱਬ ਦਾ ਫਰਜ਼ੀ ਹੁਕਮ ਨਹੀਂ ਹੈ? ਅਤੇ ਕੀ ਇਸ ਤੋਂ ਇਲਾਵਾ ਉਹਨੇ ਖਾਸ ਖਾਸ ਤਿਉਹਾਰਾਂ ਤੇ ਆਪਣੇ ਪੈਰੋਕਾਰਾਂ ਨੂੰ ਪਸ਼ੂਆਂ ਦੀ ਬਲੀ (ਕੁਰਬਾਨੀ) ਦੇਣ ਦਾ ਹੁਕਮ ਸਾਦਰ ਨਹੀਂ ਕੀਤਾ ਹੋਇਆ? ਤੋਬਾ ਤੋਬਾ! ਔਹ, ਇਸ ਰੱਬ ਦਾ ਅੱਤਿਆਚਾਰ ਸਿਰਫ਼ ਮਨੁੱਖਾਂ ਤੱਕ ਹੀ ਸੀਮਤ ਨਹੀਂ ਹੈ ਸਗੋਂ ਹਿਤਕਾਰੀ, ਬੇਬੱਸ ਪਸ਼ੂਆਂ, ਪੰਛੀਆਂ ਤੱਕ ਵੀ ਪਹੁੰਚਦਾ ਹੈ ਅਤੇ ਇਹ ਵਿਚਾਰੇ ਉਸ ਪ੍ਰਭੂ ਦੀ ਕ੍ਰਿਪਾ ਨਾਲ, ਲੱਖਾਂ ਕਰੋੜਾਂ ਦੀ ਸੰਖਿਆ ਵਿਚ ਆਪਣੀਆਂ ਜਾਨਾਂ ਗੁਆਉਂਦੇ ਹਨ।

ਆਸਤਿਕ - ਤੁਹਾਡਾ ਇਹ ਕੁਲ ਬਿਆਨ ਅੱਖਰ ਅੱਖਰ ਸੱਚ ਹੈ।

ਨਾਸਤਿਕ - ਮੈਂ ਤਾਂ ਅਜੇ ਬਿਆਨ ਹੀ ਕੀ ਕੀਤਾ ਹੈ? ਇਹ ਤਾਂ ਤੁਹਾਡੇ ਨਾਲ ਗੱਲਬਾਤ ਕਰਨ ਤੇ ਕੁਝ ਮੋਟੀਆਂ ਮੋਟੀਆਂ ਗੱਲਾਂ ਜੋ ਅਚਾਨਕ ਮੈਨੂੰ ਯਾਦ ਆ ਗਈਆਂ, ਕਹਿ ਦਿੱਤੀਆਂ ਹਨ, ਨਹੀਂ ਤਾਂ ਜਦ ਤੱਕ ਇਸ ਫਰਜ਼ੀ ਰੱਬ ਦੀ ਪੈਦਾਇਸ਼ ਅਤੇ ਉਹਦੀ ਨਰਕੀ ਲੀਲੀਵਾ ਤੇ ਕਿੰਨੀਆਂ ਹੀ ਕਿਤਾਬਾਂ ਲਿਖ ਕੇ ਵਿਸਥਾਰ ਨਾਲ ਬਿਆਨ ਨਾ ਕੀਤਾ ਜਾਵੇ ਤਦ ਤੱਕ ਉਸ ਦੀ ਅਤੇ ਉਸ ਦੇ ਸਿੱਖਿਆ ਵਿਸ਼ਵਾਸ ਦੇ ਫੈਲਣ ਨਾਲ ਇਸ ਸੰਸਾਰ ਵਿਚ ਜਿੰਨੀ ਤਬਾਹੀ ਅਤੇ ਬਰਬਾਦੀ ਆਈ ਹੈ ਅਤੇ ਹੁਣ ਤੱਕ ਆ ਰਹੀ ਹੈ, ਉਸ ਦੇ ਲੱਖਵੇਂ ਹਿੱਸੇ ਦੀ ਵੀ ਕੋਈ ਤਸਵੀਰ ਸਾਹਮਣੇ ਨਹੀਂ ਆ ਸਕਦੀ। ਸਮਾਂ ਆ ਗਿਆ ਹੈ ਈਸ਼ਵਰ ਦੇ ਮਿਥਿਆ ਵਿਸ਼ਵਾਸ ਨੇ ਜੋ ਝੂਠ ਦਾ ਪਲੰਦਾ ਪੈਦਾ ਕੀਤਾ ਹੈ, ਉਸ ਝੂਠੇ ਵਿਸ਼ਵਾਸ ਤੋਂ ਮੁਕਤੀ ਪਾਉਣ ਵਾਲੇ ਹੌਲੀ ਹੌਲੀ ਲਿਖ ਕੇ ਕਿਤਾਬਾਂ ਪ੍ਰਕਾਸ਼ਿਤ ਕਰ ਰਹੇ ਹਨ ਤਾਂ ਕਿ ਲੋਕਾਂ ਦਾ ਦਿਮਾਗ ਸਾਫ਼ ਹੋ ਸਕੇ।

ਆਸਤਿਕ - ਮੇਰਾ ਦਿਲ ਤਾਂ ਉਹਦੀਆਂ ਕਰਤੂਤਾਂ ਦਾ ਇਹ ਮੁਕਤਸਰ ਬਿਆਨ ਸੁਣ ਕੇ ਹੀ ਕੰਬ ਗਿਆ ਹੈ।

# ਈਸ਼ਵਰ, ਖੁਦਾ ਦੇ ਪਾਪਾਂ ਭਰੇ ਆਦੇਸ਼

ਆਸਤਿਕ – ਨਿਰਸੰਦੇਹ ਈਸ਼ਵਰ, ਖ਼ੁਦਾ, ਵਾਹਿਗੁਰੂ, ਪ੍ਰਭੂ ਦੇ ਕਿੰਨੇ ਹੀ ਆਦੇਸ਼ ਤਾਂ ਬਿਲਕੁਲ ਪਾਪਾਂ ਭਰੇ ਅਤੇ ਅਪਰਾਧਾਂ ਵਾਲੇ ਹਨ।

ਨਾਸਤਿਕ – ਜੀ ਹਾਂ! ਉਹ ਕਿਹੜਾ ਪਾਪ ਜਾਂ ਅਪਰਾਧ ਹੈ ਜਿਸ ਨੂੰ ਰੱਬ ਨੇ ਇਕ ਜਾਂ ਦੂਸਰੇ ਰੂਪ ਵਿਚ ਉਚਿਤ ਨਹੀਂ ਠਹਿਰਾਇਆ। ਜਦ ਯੋਰੋਸ਼ਲਮ ਤੇ ਕਬਜ਼ਾ ਕਰਨ ਲਈ ਈਸਾਈ ਫੌਜਾਂ ਤਿਆਰ ਹੋਈਆਂ ਤਾਂ ਰੱਬ ਵੱਲੋਂ ਇਹ ਹੁਕਮ ਜਾਰੀ ਹੋਇਆ ਕਿ ਇਸ ਲੜਾਈ ਵਿਚ ਜੋ ਲੋਕ ਆਪਣਾ ਘਰ-ਬਾਰ ਅਤੇ ਕੰਮਕਾਰ ਛੱਡ ਕੇ ਮਰਨ ਲਈ ਜਾਣਗੇ, ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਚੋਰੀ, ਠੱਗੀ, ਜਾਲਸਾਜ਼ੀ, ਛਲ, ਕਪਟ, ਵਿਭਚਾਰ ਅਤੇ ਕਤਲ ਆਦਿ ਦੇ ਜਿੰਨੇ ਪਾਪ ਕੀਤੇ ਹੋਣਗੇ ਜਾਂ ਅੱਗੇ ਨੂੰ ਕਰਨਗੇ, ਉਨ੍ਹਾਂ ਦੇ ਸਭ ਪਾਪ ਖਿਮਾ ਕੀਤੇ ਜਾਣਗੇ। ਅਰਥਾਤ ਰੱਬ ਉਨ੍ਹਾਂ ਪਾਪਾਂ ਵਾਸਤੇ ਉਨ੍ਹਾਂ ਨੂੰ ਕੋਈ ਸਜ਼ਾ ਨਹੀਂ ਦੇਵੇਗਾ। ਕਹਿਣ ਦਾ ਮਤਲਬ ਇਹ ਕਿ ਜੋ ਰੱਬ ਵਾਸਤੇ ਇਸ ਲੜਾਈ ਵਿਚ ਹਿਸਾ ਲੈਣਗੇ, ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੇ ਪਾਪ ਦਾ ਫਲ ਨਹੀਂ ਭੁਗਤਣਾ ਪਵੇਗਾ। ਉਨ੍ਹਾਂ ਦੇ ਸਭ ਪਾਪ ਅਤੇ ਅਪਰਾਧ ਠੀਕ ਸਮਝੇ ਜਾਣਗੇ।

ਆਸਤਿਕ – ਮਹਾਂ-ਭਿਆਨਕ!

ਨਾਸਤਿਕ – ਓਫ! ਕੁੱਝ ਨਾ ਪੁੱਛੋ! ਅਰਬ ਦੇ ਪੈਗੰਬਰ ਦੇ ਜ਼ਰੀਏ ਖ਼ੁਦਾ ਨੇ ਉਹਦੇ ਪੈਰੋਕਾਰਾਂ ਵਿਚ ਜ਼ਹਾਦ ਦੀ ਆਗਿਆ ਦੇ ਕੇ ਭੇਜਿਆ ਕਿ ਦੂਸਰੇ ਮਜ਼ਹਬ ਵਾਲਿਆਂ ਨਾਲ (ਜੇ ਉਹ ਇਸਲਾਮ ਨੂੰ ਗ੍ਰਹਿਣ ਨਾ ਕਰਨ) ਲੜਾਈ ਕਰਕੇ ਉਨ੍ਹਾਂ ਨੂੰ ਕਤਲ ਕਰਨਾ, ਉਨ੍ਹਾਂ ਦਾ ਮਾਲ ਲੁੱਟਣਾ, ਉਨ੍ਹਾਂ ਨੂੰ ਫੜ ਕੇ ਗੁਲਾਮ ਬਣਾਉਣਾ ਅਤੇ ਉਨ੍ਹਾਂ ਦੀਆਂ ਔਰਤਾਂ ਤੇ ਪੂਰਾ ਅਧਿਕਾਰ ਕਰਨਾ ਨਾ ਸਿਰਫ਼ ਉਚਿਤ ਦੱਸਿਆ ਹੈ, ਬਲਕਿ ਇਸ ਤਰ੍ਹਾਂ ਦੀ ਲੁੱਟ ਦੇ ਮਾਲ ਵਿਚੋਂ ਆਪਣੇ ਪੈਗੰਬਰ ਦਾ ਹਿੱਸਾ ਰੱਖਣ ਦੇ ਇਲਾਵਾ ਆਪਣਾ ਵੀ ਹਿੱਸਾ ਰੱਖਿਆ ਹੈ।

ਆਸਤਿਕ – ਵਾਹ ਬਈ ਵਾਹ!

ਨਾਸਤਿਕ – ਖੈਰ, ਇਸ ਜ਼ਹਾਦ ਦੀ ਆਗਿਆ ਦਿੱਤੀ ਨੂੰ ਤਾਂ ਲਗਭਗ 15-16 ਸੌ ਸਾਲਾ ਦਾ ਸਮਾਂ ਬੀਤ ਚੁੱਕਿਆ ਹੈ ਪਰ ਇਸ ਕਾਲ ਵਿਚ ਵੀ ਈਸ਼ਵਰ ਨੇ ਆਪਣੇ ਇਕ ਮਹਾਂਰਿਸ਼ੀ ਦੇ ਜ਼ਰੀਏ ਇਸਲਾਮੀ ਜ਼ਹਾਦ ਤੋਂ ਵੱਧ ਕੇ ਆਪਣੀ ਅਪਵਿੱਤਰ ਆਗਿਆ ਨੂੰ ਫਿਰ ਨਵੇਂ ਸਿਰੇ ਤੋਂ ਤਾਜ਼ਾ ਕਰਕੇ ਪ੍ਰਗਟ ਕੀਤਾ ਹੈ। ਕੀ ਤੁਹਾਨੂੰ ਪ੍ਰਮੇਸ਼ਵਰ ਦੇ ਇਨ੍ਹਾਂ ਆਦੇਸ਼ਾਂ ਦਾ ਪਤਾ ਹੈ?

ਆਸਤਿਕ – ਕੁੱਝ ਚੰਗੀ ਤਰ੍ਹਾਂ ਨਹੀਂ। ਤੁਸੀਂ ਕ੍ਰਿਪਾ ਕਰਕੇ ਉਨ੍ਹਾਂ ਬਾਰੇ ਵੀ ਮੈਨੂੰ ਚਾਨਣਾ ਕਰੋ।

ਨਾਸਤਿਕ – ਬਹੁਤ ਅੱਛਾ! ਤੇ ਸੁਣੋ ਫਿਰ ਉਨੀਵੀਂ ਸਦੀ ਲਾਸਾਨੀ ਮਹਾਂਰਿਸ਼ੀ ਜੀ ਨੇ ਵੇਦਾਂ ਵਿਚੋਂ ਈਸ਼ਵਰ ਦੇ ਕਿੰਨ੍ਹੇ ਹੀ ਬਚਨ ਕੱਢ ਕੇ ਉਸ ਦੇ ਇਹ ਆਦੇਸ਼ ਪ੍ਰਕਾਸ਼ਿਤ ਕੀਤੇ ਹਨ ਕਿ (ਆਰੀਆ ਅਭੀਵਿਨਯ ਦਸਵਾਂ ਸੰਸਕਰਣ ਸਫ਼ਾ 48-49 ਮੰਤਰ 14)

1. ਜੋ ਲੋਕ ਮੇਰੇ ਵੇਦਾਂ ਨੂੰ ਨਾ ਮੰਨਦੇ ਹੋਣ ਜਾਂ ਉਨ੍ਹਾਂ ਦੀ ਨਿੰਦਾ ਕਰਦੇ ਹੋਣ ਜਾਂ ਉਨ੍ਹਾਂ ਦੇ ਵਿਰੁੱਧ ਵਿਸ਼ਵਾਸ ਰੱਖਦੇ ਹੋਣ, ਉਨ੍ਹਾਂ ਨੂੰ ਆਪਣਾ ਦੁਸ਼ਮਣ ਸਮਝੋ ਅਤੇ ਐਸੇ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਲਈ ਮੈਂ ਜੋ ਪ੍ਰਾਰਥਨਾਵਾਂ ਰਚੀਆਂ ਹਨ, ਉਨ੍ਹਾਂ ਨੂੰ ਕਰਿਆ ਕਰੋ ਤਾਂ ਕਿ ਉਹ ਮਰ ਮੁੱਕ ਜਾਣ, ਭਸਨਾ ਭੂਤ ਹੋ ਜਾਣ ਅਤੇ ਜੜ੍ਹ ਤੋਂ ਹੀ ਪੱਟੇ ਜਾਣ।

2. ਜੋ ਤੁਹਾਡੇ ਦੁਸ਼ਮਣ ਹੋਣ ਜਾਂ ਨਾ ਹੋਣ, ਲੇਕਿਨ ਜਿਨ੍ਹਾਂ ਨਾਲ ਤੁਸੀਂ ਦੁਸ਼ਮਣੀ ਰੱਖਦੇ ਹੋ, ਉਨ੍ਹਾਂ ਲਈ ਮੇਰੇ ਦੱਸੇ ਹੋਏ ਖਾਸ ਮੰਤਰਾਂ ਦੇ ਜ਼ਰੀਏ ਇਹ ਪ੍ਰਾਰਥਨਾ ਕਰਿਆ ਕਰੋ ਕਿ ਉਨ੍ਹਾਂ ਦੇ ਲਈ ਉਨ੍ਹਾਂ ਦਾ ਵਿੱਦਿਆ, ਪਾਣੀ ਅਤੇ ਦਵਾਈਆਂ ਸਭ ਉਲਟ ਅਸਰ ਕਰਨ ਅਤੇ ਉਨ੍ਹਾਂ ਲਈ ਨੁਕਸਾਨਦੇਹ ਅਤੇ ਦੁਖਦਾਈ ਸਾਬਤ ਹੋਣ।

3. ਵੇਦ ਵਿਰੋਧੀ ਦੁਸ਼ਟ ਲੋਕਾਂ ਨੂੰ ਮਾਰਨ ਵਿਚ ਪਾਪ ਨਹੀਂ ਹੁੰਦਾ। ਉਨ੍ਹਾਂ ਨੂੰ ਚੁੱਪਚਾਪ ਜਾਂ ਸ਼ਰੇਆਮ ਜੈਸਾ ਵੀ ਹੋਵੇ ਕਤਲ ਕਰੋ (ਸਤਿਆਰਥ ਪ੍ਰਕਾਸ਼ 5 ਸੰਸਕਰਣ ਸਫ਼ਾ 183)

4. ਮੈਂ ਤੁਹਾਡੇ ਦੁਸ਼ਮਣਾਂ ਦਾ ਦੁਸ਼ਮਣ ਹਾਂ ਅਤੇ ਮੈਂ ਤੁਹਾਨੂੰ ਉਨ੍ਹਾਂ ਨਾਲ ਲੜਾਈ ਵਿਚ ਜਿੱਤ ਦੇਵਾਂਗਾ।

5. ਜੇ ਵਿਰੋਧੀ ਲੋਕ ਤੁਹਾਡਾ ਵੈਦਿਕ ਮਤ ਗ੍ਰਹਿਣ ਨਾ ਕਰਨ ਤਾਂ ਜਾਂ ਉਹ ਤੁਹਾਡੇ ਗੁਲਾਮ ਬਣ ਕੇ ਰਹਿਣ ਜਾਂ ਉਨ੍ਹਾਂ ਦਾ ਨਾਸ ਕਰ ਦਿਉ।

6. ਦੁਸ਼ਮਣਾਂ ਨਾਲ ਲੜੋ, ਉਨ੍ਹਾਂ ਨੂੰ ਮਾਰੋ, ਉਨ੍ਹਾਂ ਦਾ ਮਾਲ ਅਸਬਾਬ ਅਤੇ ਉਨ੍ਹਾਂ ਦੀਆਂ ਔਰਤਾਂ ਨੂੰ ਲੁੱਟ ਲਵੋ ਅਤੇ ਆਪਸ ਵਿਚ ਵੰਡ ਲਉ।

7. ਜੋ ਵੇਦਾਂ ਦੇ ਵਿਰੁੱਧ ਕਿਸੇ ਗ੍ਰੰਥ ਨੂੰ ਮੰਨਦੇ ਹੋਣ, ਐਸੇ ਨਾਸਤਿਕਾਂ ਨੂੰ ਜ਼ਬਰਦਸਤੀ ਦੇਸ਼ ਤੋਂ ਬਾਹਰ ਕੱਢ ਦਿਉ (ਸਤਿਆਰਥ ਪ੍ਰਕਾਸ਼ 5 ਸੰਸਕਰਣ ਸਫ਼ਾ 52)

8. ਨਾਸਤਿਕ ਲੋਕਾਂ ਨੂੰ ਵਿਦੇਸ਼ ਵਿਚ ਵੀ ਵਸਣ ਨਾ ਦਿਉ, ਉਹ ਕਿਸੇ ਦੇਸ਼ ਵਿਚ ਵੀ ਨਾ ਵਸ ਸਕਣ।

ਆਸਤਿਕ - ਨਿਰਸੰਦੇਹ, ਇਹ ਤਾਂ ਰੱਬ ਦੇ ਇਸਲਾਮੀ ਜ਼ਹਾਦ ਤੋਂ ਵੱਧ ਕੇ ਅਪਰਾਧ ਭਰਪੂਰ ਅਤੇ ਰਾਕਸ਼ਸ਼ੀ ਆਦੇਸ਼ ਹਨ।

ਨਾਸਤਿਕ - ਹਾਂ ਜ਼ਰੂਰ! ਇਹ ਅਤੇ ਇਨ੍ਹਾਂ ਦੇ ਇਲਾਵਾ ਹੋਰ ਬਹੁਤ ਸਾਰੇ ਅਤਿਅੰਤ ਹਾਨੀਕਾਰਕ ਅਤੇ ਅਪਰਾਧ ਨਾਲ ਲਬਰੇਜ਼ ਆਦੇਸ਼ ਜਿਹਨਾਂ ਨੂੰ ਰੱਬ ਦੇ ਵਿਸ਼ਵਾਸੀ ਰੱਬ ਵੱਲੋਂ ਸਮਝ ਕੇ ਉਨ੍ਹਾਂ ਨੂੰ ਠੀਕ ਅਤੇ ਉਚਿਤ ਵਿਸ਼ਵਾਸ ਕਰਦੇ ਹਨ। ਇਕ ਸਧਾਰਨ ਇਨਸਾਨ ਨੂੰ ਵੀ ਅਤਿਅੰਤ ਬੁਰੇ ਅਤੇ ਗਲਤ ਮਹਿਸੂਸ ਹੋ ਸਕਦੇ ਹਨ ਅਗਰ ਉਹ ਐਸੇ ਕਲਪਿਤ ਰੱਬ ਦੇ ਮਿਥਿਆ ਵਿਸ਼ਵਾਸ ਵਿਚ ਫਸੇ ਨਾ ਹੋਣ। ਜਿਸ ਤਰ੍ਹਾਂ ਯਰਕਾਨ (ਪੀਲੀਆ) ਦੇ ਰੋਗੀ ਨੂੰ ਸਭ ਕੁੱਝ ਪੀਲਾ ਹੀ ਦਿਖਾਈ ਦਿੰਦਾ ਹੈ, ਉਸੇ ਤਰ੍ਹਾਂ ਈਸ਼ਵਰ ਦੇ ਕਰੋੜਾਂ ਵਿਸ਼ਵਾਸੀਆਂ ਨੂੰ ਇਸ ਤਰ੍ਹਾਂ ਦੇ ਪਾਪ ਭਰਪੂਰ ਆਦੇਸ਼ ਰੱਬ ਵੱਲੋਂ ਆਏ ਹੋਏ ਦੱਸੇ ਜਾਣ ਕਾਰਨ ਬਹੁਤ ਚੰਗੇ ਅਤੇ ਭਲੇ ਮਾਲੂਮ ਹੁੰਦੇ ਹਨ।

ਆਸਤਿਕ - ਮੈਨੂੰ ਤਾਂ ਇਹ ਸਭ ਆਦੇਸ਼ ਬਹੁਤ ਬੁਰੇ ਲੱਗਦੇ ਹਨ।

ਨਾਸਤਿਕ - ਇਸ ਲਈ ਕਿ ਤੁਸੀਂ ਹੁਣ ਤੱਕ ਪੱਕੇ ਵਿਸ਼ਵਾਸੀ ਅਤੇ ਪੂਰੇ ਪਕਸ਼ਪਾਤੀ ਨਹੀਂ ਬਣ ਚੁੱਕੇ ਸੀ ਅਤੇ ਤੁਹਾਡਾ ਦਿਲ-ਦਿਮਾਗ ਸੱਚ ਦੀ ਜੋਤੀ ਨੂੰ

ਗ੍ਰਹਿਣ ਕਰਨ ਦੇ ਯੋਗ ਸੀ।

ਆਸਤਿਕ - ਹਾਂ, ਇਹ ਤਾਂ ਸੱਚ ਹੈ। ਭਲਾ ਕੀ ਕਾਰਨ ਹੈ ਕਿ ਕਿਸੇ ਵੀ ਗੌਰਮਿੰਟ ਦੇ ਰਾਜ ਵਿਚ ਇਸ ਤਰ੍ਹਾਂ ਦੇ ਜ਼ਹਾਦ ਵਾਲੇ ਅਪਰਾਧ-ਭਰਪੂਰ ਆਦੇਸ਼ਾਂ ਖਿਲਾਫ਼ ਕਾਰਵਾਈ ਨਹੀਂ ਕੀਤੀ ਜਾਂਦੀ?

ਨਾਸਤਿਕ - ਇਸ ਕਾਲ ਦਾ ਨਿਰਪੱਖ ਅਤੇ ਸੱਭਿਅਕ ਇਨਸਾਨ ਰੱਬ ਦੇ ਮੁਕਾਬਲੇ ਵਿਚ ਅਤੇ ਮੁਆਮਲੇ ਵਿਚ ਦਿਲ-ਦਿਮਾਗ ਵੱਲੋਂ ਬਹੁਤ ਉੱਤਮ ਹੈ। ਉਹ ਇਨਸਾਨੀ ਆਜ਼ਾਦੀ ਦੇ ਠੀਕ ਅਤੇ ਗਲਤ ਅਸੂਲਾਂ ਨੂੰ ਪਹਿਲਾਂ ਦੇ ਮੁਕਾਬਲੇ ਬਹੁਤ ਚੰਗੀ ਤਰ੍ਹਾਂ ਸਮਝਦਾ ਹੈ ਅਤੇ ਉਨ੍ਹਾਂ ਦਾ ਬਹੁਤ ਜ਼ਿਆਦਾ ਸਨਮਾਨ ਕਰਦਾ ਹੈ। ਲੰਬੇ ਸਮੇਂ ਤੱਕ ਤਜ਼ਰਬਿਆਂ ਰਾਹੀ ਉਸ ਨੇ ਜਾਣ ਲਿਆ ਹੈ ਕਿ ਸਾਰੇ ਲੋਕਾਂ ਦੀ ਸੂਝ-ਬੂਝ ਇਕੋ ਜਿਹੀ ਨਹੀਂ ਹੁੰਦੀ। ਉਨ੍ਹਾਂ ਲਈ ਆਪਣੀ-ਆਪਣੀ ਅਲੱਗ-ਅਲੱਗ ਸੂਝ-ਬੂਝ ਅਨੁਸਾਰ ਅਲੱਗ-ਅਲੱਗ ਤਰ੍ਹਾਂ ਦੇ ਵਿਸ਼ਵਾਸ ਜਾਂ ਮਤ ਰੱਖਣਾ ਇਕ ਮਹੱਤਵਪੂਰਨ ਅਤੇ ਜ਼ਰੂਰੀ ਗੱਲ ਹੈ ਅਤੇ ਜਦ ਤੱਕ ਕੋਈ ਇਨਸਾਨ ਆਪਣੇ ਕਿਸੇ ਗ਼ਲਤ ਜਾਂ ਠੀਕ ਵਿਸ਼ਵਾਸ ਦੇ ਆਧਾਰ ਤੇ ਕੋਈ ਐਸਾ ਅਪਰਾਧ ਨਾ ਕਰੇ ਜੋ ਕਿ ਕਿਸੇ ਸੱਭਿਅਕ ਸਰਕਾਰ ਦੇ ਕਾਨੂੰਨ ਦੇ ਵਿਰੁੱਧ ਹੋਵੇ, ਤਦ ਤੱਕ ਉਹ ਆਪਣੇ ਮਤ ਜਾਂ ਵਿਸ਼ਵਾਸ ਦੀ ਆਜ਼ਾਦੀ ਦਾ ਪੂਰਾ-ਪੂਰਾ ਹੱਕ ਰੱਖਦਾ ਹੈ ਅਤੇ ਕੋਈ ਮਨੁੱਖ ਜਾਂ ਮਨੁੱਖਾਂ ਦਾ ਮਜ਼ਹਬ ਜਾਂ ਸਮੂਹ ਉਸ ਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਸਕਦਾ ਅਤੇ ਜੇਕਰ ਨੁਕਸਾਨ ਪਹੁੰਚਾਏ ਤਾਂ ਉਹ ਸਜ਼ਾ ਦਾ ਭਾਗੀਦਾਰ ਹੋਵੇਗਾ। ਇਹੀ ਕਾਰਨ ਹੈ ਕਿ ਰੱਬ ਦੇ ਜ਼ਹਾਦ ਵਾਲੇ ਅਪਰਾਧ ਭਰਪੂਰ ਆਦੇਸ਼ਾਂ ਦੀ ਕੁੱਝ ਪੇਸ਼ ਨਹੀਂ ਜਾਂਦੀ ਅਤੇ ਉਨ੍ਹਾਂ ਦੀ ਪੈਰਵੀ ਨਹੀਂ ਹੋ ਸਕਦੀ ਅਤੇ ਜਹਾਦੀ ਸਿੱਖਿਆ ਦੇ ਧਾਰਨੀ ਇਨਸਾਨੀ ਗੌਰਮਿੰਟ ਦੇ ਡਰ ਨਾਲ ਆਮ ਤੌਰ ਤੇ ਦੱਬੇ ਰਹਿੰਦੇ ਹਨ।

ਆਸਤਿਕ - ਲੇਕਿਨ ਹੁਣ ਵੀ ਕਈ ਜਨੂੰਨੀ (ਕੱਟੜ ਧਾਰਮਿਕ) ਗਾਹੇ ਬਗਾਹੇ ਆਪਣੇ ਤੋਂ ਬਾਹਰਲੇ ਮਜ਼ਹਬ ਵਾਲਿਆਂ ਦਾ (ਇਥੋਂ ਤੱਕ ਕਿ ਰੱਬ ਨੂੰ ਮੰਨਣ ਵਾਲਿਆਂ ਜਾਂ ਨਾ ਮੰਨਣ ਵਾਲਿਆਂ) ਦੀ ਕਤਲੋਗਾਰਤ ਕਰਦੇ ਰਹਿੰਦੇ ਹਨ।

ਨਾਸਤਿਕ - ਨਿਰਸੰਦੇਹ! ਲੇਕਿਨ ਰੱਬ ਦੇ ਐਸੇ ਆਦੇਸ਼ ਦੀ ਅਸਲੀ ਪੈਰਵੀ ਕਰਨ ਤੇ ਸਰਕਾਰ ਐਹੋ ਜਿਹੇ ਲੋਕਾਂ ਨੂੰ, ਰੱਬ ਦਾ ਲਿਹਾਜ਼ ਨਾ ਕਰਕੇ ਖੂਨ ਦਾ ਅਪਰਾਧੀ ਠਹਿਰਾ ਦਿੰਦੀ ਹੈ ਅਤੇ ਬਣਦੀਆਂ ਸਜ਼ਾਵਾਂ ਦਿੰਦੀ ਹੈ, ਚਾਹੇ ਉਨ੍ਹਾਂ ਦੇ ਮਜ਼ਹਬ ਦੀ ਪੈਰਵੀ ਕਰਨ ਵਾਲੇ ਕਿੰਨੇ ਹੀ ਪੜ੍ਹੇ ਲਿਖੇ ਅਤੇ ਆਪਣੇ ਆਪ ਨੂੰ ਸੱਭਿਅਕ ਕਹਾਉਂਦੇ ਲੋਕ ਕਿੰਨਾਂ ਹੀ ਪੱਖ ਕਿਉਂ ਨਾ ਪੂਰਦੇ ਰਹਿਣ।

ਆਸਤਿਕ - ਕੀ ਜੋ ਇਹ ਵੱਖ ਵੱਖ ਧਰਮਾਂ ਦੇ ਧਾਰਨੀ ਲੋਕ ਆਪਣੇ ਹੀ ਮਤ ਦੇ ਕਿਸੇ ਸਮੂਹ ਦੇ ਖਾਸ ਖਾਸ ਗਰੁੱਪਾਂ ਦੇ ਸਬੰਧ ਵਿਚ ਤਰ੍ਹਾਂ ਤਰ੍ਹਾਂ ਦੇ ਮਿਥਿਆ ਇਲਜ਼ਾਮ ਲਾ ਕੇ ਬਿਆਨਬਾਜ਼ੀ ਕਰਦੇ ਰਹਿੰਦੇ, ਭਲਾ ਉਹ ਇਸੀ ਭਾਵਨਾ (ਸਪਿਰਟ) ਦਾ ਫਲ ਹੈ?

ਨਾਸਤਿਕ - ਜੀ ਹਾਂ! ਝੂਠੇ ਇਲਜ਼ਾਮਾਂ ਦੇ ਇਲਾਵਾ ਉਹ ਹੋਰ ਵੀ ਕਈ ਤਰ੍ਹਾਂ ਦੀ ਹਾਨੀ ਪਹੁੰਚਾਣ ਲਈ ਯਤਨ ਕਰਦੇ ਰਹਿੰਦੇ ਹਨ। ਇਤਿਹਾਸਿਕ ਤੱਥਾਂ ਨੂੰ ਤਰੋੜ-ਮਰੋੜ ਕੇ ਪੇਸ਼ ਕਰਦੇ ਹਨ ਤਾਂ ਕਿ ਲੋਕਾਂ ਨੂੰ ਵਰਗਲਾਇਆ ਜਾ ਸਕੇ। ਤੁਹਾਨੂੰ ਇਹਦਾ ਕੀ ਕਾਰਨ ਮਲੂਮ ਹੁੰਦਾ ਹੈ?

ਆਸਤਿਕ - ਮੈਨੂੰ ਤਾਂ ਇਹੀ ਕਾਰਨ ਮਾਲੂਮ ਹੁੰਦਾ ਹੈ ਕਿ ਮਿੱਠੇ ਅੰਬ ਦੀ ਗੁਠਲੀ ਤੋਂ ਮਿੱਠਾ ਅੰਬ ਪੈਦਾ ਹੁੰਦਾ ਹੈ ਅਤੇ ਖੱਟੇ ਅੰਬ ਦੀ ਗੁਠਲੀ ਤੋਂ ਖੱਟਾ ਅੰਬ!

ਨਾਸਤਿਕ - ਬਿਲਕੁਲ ਸੱਚ ਹੈ। ਆਕੀ ਅਤੇ ਰਹਿਬਰ ਦਾ ਜਿਸ ਤਰ੍ਹਾਂ ਦਾ ਸੁਭਾਅ ਹੋਵੇਗਾ ਵੈਸਾ ਹੀ ਸੁਭਾਅ ਚੇਲਿਆਂ ਬਾਲਕਿਆਂ ਦਾ ਹੋਵੇਗਾ।

ਆਸਤਿਕ - ਲੇਕਿਨ ਜ਼ਹਾਦ ਦੇ ਇਲਾਵਾ ਰੱਬ ਦੇ ਹੋਰ ਕਿੰਨ੍ਹੇ ਹੀ ਤਰ੍ਹਾਂ ਦੇ ਅਤਿਅੰਤ ਪਾਪ ਭਰਪੂਰ ਅਤੇ ਹਾਨੀਕਾਰਕ ਆਦੇਸ਼ ਹੁਣ ਵੀ ਚਲੇ ਆਉਂਦੇ ਹਨ।

ਨਾਸਤਿਕ - ਬੇਸ਼ਕ! ਜਦ ਤੱਕ ਇਨਸਾਨ ਕਲਪਿਤ ਰੱਬ ਦੇ ਝੂਠੇ ਵਿਸ਼ਵਾਸ ਤੋਂ ਮੁਕਤ ਨਹੀਂ ਹੋਵੇਗਾ ਤਦ ਤੱਕ ਉਹਦਾ ਕਈ ਗੱਲਾਂ ਅਤੇ ਵਿਚਾਰਾਂ ਨਾਲ ਰਾਹ ਭ੍ਰਿਸ਼ਟ ਅਤੇ ਆਪਣੇ ਵਰਗੇ ਹੋਰ ਮਨੁੱਖਾਂ ਜਾਂ ਪਸ਼ੂਆਂ, ਜਾਨਵਰਾਂ, ਪੰਛੀਆਂ ਲਈ ਹਾਨੀਕਾਰਕ ਰਹਿਣਾ ਇਕ ਜ਼ਰੂਰੀ ਗੱਲ ਹੈ। ਭਾਰਤਵਰਸ਼ ਵਿਚ ਜੈਨੀ ਲੋਕ ਈਸ਼ਵਰ ਨੂੰ ਨਹੀਂ ਮੰਨਦੇ ਅਤੇ ਆਪਣੇ ਇਨਸਾਨੀ ਹਾਦਿਆ ਅਰਥਾਤ ਤੀਰਥੰਕਰਾਂ ਦੀ ਪੂਜਾ ਕਰਦੇ ਹਨ, ਪਸ਼ੂਆਂ ਨੂੰ ਕਤਲ ਨਹੀਂ ਕਰਦੇ ਅਤੇ ਉਨ੍ਹਾਂ ਦਾ ਮੁਰਦਾਰ ਮਾਸ ਨਹੀਂ ਖਾਂਦੇ ਸਗੋਂ ਬੁੱਢੇ ਜਾਂ ਰੋਗੀ ਪਸ਼ੂਆਂ ਦੀ ਰੱਖਿਆ ਅਤੇ ਪਾਲਨਾ ਲਈ ਪਿੰਜਰ ਪੋਲ (ਪਸ਼ੂ-ਸ਼ਾਲਾ) ਰੱਖਦੇ ਹਨ, ਲੇਕਿਨ ਇਕ ਰੱਬ ਦੇ ਪੈਰੋਕਾਰਾਂ ਵੱਲੋਂ ਗੂੰਗੇ, ਕਮਜ਼ੋਰ ਅਤੇ ਸੇਵਾਕਾਰੀ ਪਸ਼ੂਆਂ ਨਾਲ ਜਿਸ ਤਰ੍ਹਾਂ ਦਾ ਵਿਵਹਾਰ ਕੀਤਾ ਜਾਂਦਾ ਹੈ, ਉਹ ਜੱਗ ਜ਼ਾਹਿਰ ਹੈ।

ਜਾਪਾਨ ਦੇ ਨੱਬੀ ਪ੍ਰਤੀਸ਼ਤ ਤੋਂ ਜ਼ਿਆਦਾ ਲੋਕ ਰੱਬ ਦੇ ਪੰਜੇ ਤੋਂ ਮੁਕਤ ਹਨ ਅਤੇ ਉਹ ਲੋਕ ਕਰੋਪ ਦੀਆਂ ਈਸ਼ਵਰਵਾਦੀ ਜਾਤੀਆਂ ਦੀ ਨਿਸਬਤ ਜਿਸ ਕਦਰ ਉੱਤਮ ਇਨਸਾਨੀਅਤ ਰੱਖਦੇ ਹਨ, ਉਹ ਇਕ ਮੰਨੀ ਹੋਈ ਅਤੇ ਮਸ਼ਹੂਰ ਗੱਲ ਹੈ। ਹੁਣ ਉਹ ਸਾਰਾ ਦੇਸ਼ ਹੀ ਇਸ ਮਿਥਿਆ ਵਿਸ਼ਵਾਸ ਤੋਂ ਮੁਕਤ ਹੋ ਕੇ ਵੱਖ ਵੱਖ ਵਿਸ਼ਿਆਂ ਵਿਚ ਜਿਸ ਤਰ੍ਹਾਂ ਉੱਨਤੀ ਕਰ ਰਿਹਾ ਹੈ, ਉਹ ਵੀ ਜੱਗ ਜ਼ਾਹਿਰ ਹੈ।

ਆਸਤਿਕ - ਜੀ ਹਾਂ, ਬਿਲਕੁਲ ਸੱਚ ਹੈ। ਪਰ ਫਿਰ ਵੀ ਕਿੰਨ੍ਹੇ ਹੀ ਪੜ੍ਹੇ ਲਿਖੇ ਲੋਕ ਆਪ ਈਸ਼ਵਰ ਦੇ ਵਿਸ਼ਵਾਸ ਨੂੰ ਮਿਥਿਆ ਜਾਣ ਕੇ ਵੀ ਇਸ ਲਈ ਉਸ ਨੂੰ ਕਾਇਮ ਰੱਖਣਾ ਚਾਹੁੰਦੇ ਹਨ ਕਿ ਸਾਧਾਰਨ ਲੋਕਾਂ ਦੇ ਲਈ ਉਸਦਾ ਕਾਇਮ ਰੱਖਣਾ ਅਤੇ ਪ੍ਰਚਾਰ ਕਰਨਾ ਚੰਗਾ ਹੈ।

ਨਾਸਤਿਕ - ਕਦੇ ਵੀ ਨਹੀਂ। ਸੰਖੀਏ ਨੂੰ ਖੁਰਾਕ ਸਮਝ ਕੇ ਖਾਣਾ ਜਿਸ ਤਰ੍ਹਾਂ ਇਕ ਵਿਦਵਾਨ ਦੇ ਲਈ ਘਾਤਕ ਹੈ, ਉਸੇ ਤਰ੍ਹਾਂ ਮੂਰਖਾਂ ਦੇ ਲਈ ਵੀ, ਅਤੇ ਜਿਸ ਤਰ੍ਹਾਂ ਜੇ ਕੋਈ ਕਿਸੇ ਵਿਦਵਾਨ ਇਨਸਾਨ ਨੂੰ ਜ਼ਹਿਰ ਦੇ ਕੇ ਮਾਰ ਦੇਵੇ ਤਾਂ ਉਹ ਇਕ ਸੱਭਿਅਕ ਸਰਕਾਰ ਲਈ ਇਕ ਮਹਾਂ-ਅਪਰਾਧ ਸਮਝਿਆ ਜਾਂਦਾ ਹੈ। ਇਸੇ ਤਰ੍ਹਾਂ ਜੇਕਰ ਕੋਈ ਕਿਸੇ ਮੂਰਖ ਨੂੰ ਜ਼ਹਿਰ ਦੇ ਕੇ ਮਾਰ ਦੇਵੇ ਤਾਂ ਉਹ ਵੀ ਅਪਰਾਧੀ ਸਮਝਿਆ ਜਾਂਦਾ ਹੈ। ਇਸ ਸੰਸਾਰ ਵਿਚ ਬਹੁਤ ਸਾਰੇ ਮਿਥਿਆ ਵਿਸ਼ਵਾਸਾਂ ਦੀ ਤਰ੍ਹਾਂ ਈਸ਼ਵਰ ਦਾ ਮਿਥਿਆ ਵਿਸ਼ਵਾਸ ਵੀ ਲੋਕਾਂ ਵਿਚ ਅਗਿਆਨਤਾ ਅਤੇ ਉਨ੍ਹਾਂ ਦੇ ਡਰ ਅਤੇ ਕਲਪਨਾ ਸ਼ਕਤੀ ਦੇ ਕਾਰਨ ਚਾਲੂ ਹੋਇਆ ਅਤੇ ਫੈਲਿਆ ਹੈ। ਜਿਸ ਤਰ੍ਹਾਂ ਵਿੱਦਿਆ ਦੀ ਉੱਨਤੀ ਨਾਲ ਦਿਮਾਗ਼ ਦੇ ਰੋਸ਼ਨ ਹੋ ਜਾਣ ਤੇ ਇਹ ਸੱਚਾਈ ਸਾਫ ਹੋ ਗਈ ਹੈ ਕਿ ਚੰਦ ਅਤੇ ਸੂਰਜ ਗ੍ਰਹਿਣ ਇਸ ਲਈ ਨਹੀਂ ਲਗਦੇ ਕਿ ਉਨ੍ਹਾਂ ਤੋਂ ਕੋਈ ਕਰਜ਼ਾ ਲੈਣ ਵਾਲਾ ਰਾਹੂ ਨਾਮੀ ਰਾਕਸ਼ਸ਼ ਉਨ੍ਹਾਂ ਤੋਂ ਆਪਣਾ ਕਰਜ਼ਾ ਹਾਸਿਲ

ਕਰਨ ਲਈ ਉਨ੍ਹਾਂ ਨੂੰ ਆਪਣੇ ਮੂੰਹ ਨਾਲ ਫੜ ਕੇ ਦਬਾ ਲੈਂਦਾ ਹੈ, ਬਲਕਿ ਸੂਰਜ ਦੇ ਚਾਰੋਂ ਤਰਫ਼ ਪ੍ਰਿਥਵੀ ਅਤੇ ਪ੍ਰਿਥਵੀ ਦੇ ਚਾਰੋਂ ਤਰਫ਼ ਚੰਦਰਮਾ ਦੇ ਘੁੰਮਣ ਦਾ ਨਤੀਜਾ ਹੈ - ਅਰਥਾਤ ਜਦੋਂ ਚੰਦ ਪ੍ਰਿਥਵੀ ਦੇ ਚਾਰੋਂ ਤਰਫ਼ ਘੁੰਮਦੇ-ਘੁੰਮਦੇ ਖਾਸ-ਖਾਸ ਵਕਤਾਂ ਵਿਚ ਪ੍ਰਿਥਵੀ ਅਤੇ ਸੂਰਜ ਦੇ ਵਿਚਕਾਰ ਆ ਜਾਂਦਾ ਹੈ ਤਾਂ ਉਹਦੇ ਸਾਹਮਣੇ ਆ ਜਾਣ ਨਾਲ ਸੂਰਜ ਦਾ ਕੁਲ ਜਾਂ ਕੁੱਝ ਹਿੱਸਾ ਜੋ ਸਾਡੀਆਂ ਅੱਖਾਂ ਦੇ ਸਾਹਮਣੇ ਤੋਂ ਛਿਪ ਜਾਂਦਾ ਹੈ, ਉਹਨੂੰ ਸੂਰਜ ਗ੍ਰਹਿਣ ਅਤੇ ਜਦ ਜ਼ਮੀਨ ਘੁੰਮਦੀ ਘੁੰਮਦੀ ਚੰਦ ਅਤੇ ਸੂਰਜ ਦੇ ਵਿਚਕਾਰ ਆ ਜਾਂਦੀ ਹੈ ਅਤੇ ਚੰਦ ਦੇ ਕੁਲ ਜਾਂ ਕਿਸੇ ਹਿੱਸੇ ਨਾਲ ਸੂਰਜ ਦੀ ਰੋਸ਼ਨੀ ਛਿਪ ਜਾਂਦੀ ਹੈ, ਉਸ ਨੂੰ ਚੰਦ ਗ੍ਰਹਿਣ ਕਹਿੰਦੇ ਹਨ। ਅੱਜ ਕਲ ਜਿਸ ਤਰ੍ਹਾਂ ਹਰੇਕ ਸਕੂਲ ਵਿਚ ਬੱਚਿਆਂ ਨੂੰ ਇਸ ਘਟਨਾ ਬਾਰੇ ਵਿਗਿਆਨ ਦੀ ਖੋਜ ਮੁਤਾਬਿਕ ਠੀਕ ਸਿੱਖਿਆ ਦਿੱਤੀ ਜਾਂਦੀ ਹੈ ਅਤੇ ਇਸ ਬਾਰੇ ਫੈਲਾਏ ਪ੍ਰਚਲਿਤ ਝੂਠ ਅਤੇ ਹਾਨੀਕਾਰਕ ਵਿਸ਼ਵਾਸ ਨੂੰ ਦੂਰ ਕੀਤਾ ਜਾਂਦਾ ਹੈ, ਉਸੇ ਤਰ੍ਹਾਂ ਹੀ ਇਸ ਝੂਠੇ ਈਸ਼ਵਰ ਵਿਸ਼ਵਾਸ ਨੂੰ ਵੀ ਕੀ ਪੜ੍ਹੇ ਲਿਖੇ ਅਤੇ ਕੀ ਮੂਰਖ ਸਭ ਤਰ੍ਹਾਂ ਦੇ ਲੋਕਾਂ ਤੋਂ ਦੂਰ ਕਰਨ ਦੀ ਸਖਤ ਜ਼ਰੂਰਤ ਹੈ। ਇਹ ਇਸ ਲਈ ਵੀ ਕਿ ਚੰਦ ਅਤੇ ਸੂਰਜ ਗ੍ਰਹਿਣ ਦੇ ਵਿਸ਼ੇ ਵਿਚ ਝੂਠੇ ਵਿਸ਼ਵਾਸਾਂ ਦੇ ਕਾਰਨ ਜਿਨ੍ਹਾਂ ਲੋਕਾਂ ਦਾ ਨੁਕਸਾਨ ਹੁੰਦਾ ਹੈ, ਉਸ ਤੋਂ ਕਈ ਗੁਣਾਂ ਜ਼ਿਆਦਾ ਨੁਕਸਾਨ ਈਸ਼ਵਰ ਦੇ ਝੂਠੇ ਵਿਸ਼ਵਾਸ ਦੇ ਪ੍ਰਚਲਿਤ ਹੋਣ ਨਾਲ ਹੋਇਆ ਹੈ ਅਤੇ ਹੋ ਰਿਹਾ ਹੈ।

ਆਸਤਿਕ - ਇਹ ਸਭ ਕੁੱਝ ਤਾਂ ਠੀਕ ਹੈ ਪਰ ਜੇ ਦੁਨੀਆਂ ਵਿਚ ਰੱਬ ਦਾ ਡਰ ਚਲਾ ਗਿਆ ਤਾਂ ਫਿਰ ਕੀ ਲੋਕ ਹੁਣ ਦੀ ਨਿਸਬਤ ਜ਼ਿਆਦਾ ਪਾਪ ਕਰਨ ਲਈ ਤਿਆਰ ਨਾ ਹੋ ਜਾਣਗੇ।

ਨਾਸਤਿਕ - ਕਦੇ ਨਹੀਂ। ਸਗੋਂ ਈਸ਼ਵਰ ਦੇ ਵਿਸ਼ਵਾਸ ਨਾਲ ਇਸ ਦੁਨੀਆਂ ਵਿਚ ਜਿੰਨੀ ਤਾਦਾਦ ਵਿਚ ਪਾਪ ਫੈਲੇ ਹੋਏ ਹਨ, ਉਨ੍ਹਾਂ ਵਿਚ ਜ਼ਰੂਰ ਕਮੀ ਆ ਜਾਵੇਗੀ। ਇਸ ਤੋਂ ਬਿਨਾਂ ਈਸ਼ਵਰ ਵਿਸ਼ਵਾਸੀ ਮਜ਼ਹਬਾਂ ਦੇ ਜੋ ਲੋਕ ਆਪਸ ਵਿਚ ਹੀ ਉਹਦੇ ਨਾਮ ਜਾਂ ਕਲਾਸ ਦੀ ਦੁਹਾਈ ਦੇ ਕੇ ਇਕ ਦੂਜੇ ਤੇ ਕਈ ਪ੍ਰਕਾਰ ਦੇ ਹਮਲੇ ਕਰਦੇ ਹਨ ਅਤੇ ਇਕ ਦੂਜੇ ਤੇ ਕਈ ਪ੍ਰਕਾਰ ਦੇ ਝੂਠੇ ਇਲਜ਼ਾਮ ਲਾਉਂਦੇ ਹਨ ਅਤੇ ਛੋਟੇ ਛੋਟੇ ਕਿਤਾਬਚੇ ਛਾਪ ਕੇ ਘਿਰਣਾ ਫੈਲਾਉਂਦੇ ਹਨ, ਉਹਦੇ ਵਿਚ ਵੀ ਬਹੁਤ ਵੱਡੀ ਕਮੀ ਆ ਜਾਵੇਗੀ। ਇਸ ਤੋਂ ਬਿਨਾਂ ਜੋ ਹੋਰ ਬਹੁਤ ਵੱਡਾ ਲਾਭ ਹੋ ਸਕਦਾ ਹੈ, ਉਹ ਇਹ ਕਿ ਇਸ ਝੂਠੇ ਵਿਸ਼ਵਾਸ ਤੋਂ ਨਿਕਲ ਕੇ ਲੋਕ ਵਿਗਿਆਨਕ ਸੋਚ ਅਪਨਾਉਣਗੇ ਅਤੇ ਆਪਣੇ ਜੀਵਨ ਬਾਰੇ ਸੱਚੀ ਸਿੱਖਿਆ ਪ੍ਰਾਪਤ ਕਰਨ ਵੱਲ ਧਿਆਨ ਦੇਣਗੇ ਜੋ ਕਿ ਕੁਦਰਤ ਦੀਆਂ ਸੱਚੀਆਂ ਘਟਨਾਵਾਂ ਅਤੇ ਉਹਦੇ ਅਟੱਲ ਨਿਯਮਾਂ ਦੇ ਅਨੁਸਾਰ ਸਾਰੀ ਦੁਨੀਆਂ ਲਈ ਇੱਕ ਹੈ।

ਆਸਤਿਕ - ਮੈਂ ਕਿਤੇ ਪੜ੍ਹਿਆ ਸੀ ਕਿ ਈਸ਼ਵਰ ਨੂੰ ਮੰਨਣ ਵਾਲਿਆਂ ਵਿਚ ਨਾ ਮੰਨਣ ਵਾਲਿਆਂ ਦੇ ਮੁਕਾਬਲੇ ਅਪਰਾਧ ਕਰਨ ਦੀ ਔਸਤਨ ਦਰ ਵੀ ਜ਼ਿਆਦਾ ਹੈ।

ਨਾਸਤਿਕ - ਜੀ ਹਾਂ! ਕਈ ਦੇਸ਼ਾਂ ਦੀਆਂ ਜੇਲ੍ਹਾਂ ਦੀ ਰਿਪੋਰਟਾਂ ਤੋਂ ਇਹ ਸਾਬਿਤ ਹੁੰਦਾ ਹੈ ਕਿ ਈਸ਼ਵਰ-ਅੱਲਾ, ਰੱਬ ਵਿਸ਼ਵਾਸੀ ਲੋਕਾਂ ਵਿਚ ਔਸਤਨ ਅਪਰਾਧਾਂ ਦੀ ਦਰ ਜ਼ਿਆਦਾ ਹੈ। ਮੇਰੇ ਕੋਲ ਕੁੱਝ ਪੁਰਾਣੇ ਅੰਕੜੇ ਹਨ ਜਦੋਂ ਕਿ ਪਤਾ ਲੱਗਾ

ਹੈ ਕਿ ਹੁਣ ਤਾਂ ਹਾਲਾਤ ਇਸ ਤੋਂ ਵੀ ਭੈੜੇ ਹਨ। ਜਿਵੇਂ:

1904 ਦੀ ਜੇਲ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਮੁਸਲਮਾਨ ਅਪਰਾਧੀਆਂ ਦੀ ਗਿਣਤੀ ਹਿੰਦੂਆਂ ਦੀ ਗਿਣਤੀ ਤੋਂ 9 ਗੁਣਾ ਜ਼ਿਆਦਾ ਸੀ ਜਦੋਂ ਕਿ ਉਸ ਵੇਲੇ ਸਿੰਧ ਦੇ ਇਲਾਕੇ ਵਿਚ ਹਿੰਦੂਆਂ ਦੇ ਮੁਕਾਬਲੇ ਮੁਸਲਮਾਨਾਂ ਦੀ ਸਿਰਫ਼ ਤਿੰਨ ਗੁਣਾ ਆਬਾਦੀ ਜ਼ਿਆਦਾ ਸੀ।

ਇਸੇ ਤਰ੍ਹਾਂ ਸੂਬੇ ਪੰਜਾਬ ਦੇ ਜੇਲਖਾਨਿਆਂ ਦੀ ਰਿਪੋਰਟ ਦੀ ਗਿਣਤੀ ਹੋਰ ਵੀ ਜ਼ਿਆਦਾ ਵਿਚਾਰ ਕਰਨ ਦੇ ਯੋਗ ਹੈ। ਮਜ਼ਹਬਾ ਦੇ ਲਿਹਾਜ਼ ਨਾਲ ਸੰਨ 1898–1899 ਅਤੇ 1933 ਦੀ ਰਿਪੋਰਟ ਹੇਠ ਲਿਖੇ ਵਾਂਗ ਸੀ:

| | **ਸੰਨ 1898-1899 ਈਸਵੀ** | **ਸੰਨ 1933 ਈਸਵੀ** | | |
|---|---|---|---|---|
| **ਮਜ਼ਹਬ** | **ਗਿਣਤੀ ਕੈਦੀ ਪ੍ਰਤੀ ਲੱਖ** | **ਗਿਣਤੀ ਕੈਦੀ ਪ੍ਰਤੀ ਲੱਖ** | **ਕਮੀ** | **ਜ਼ਿਆਦਤੀ** |
| ਮੁਸਲਮਾਨ | 112 | 134 | .... | 22 |
| ਈਸਾਈ | 60 | 124 | .... | 65 |
| ਹਿੰਦੂ ਅਤੇ ਸਿੱਖ | 53 | 107 | .... | 54 |
| ਬੁੱਧ ਅਤੇ ਜੈਨੀ | 05 | 0 | 05 | 0 |

ਉੱਪਰ ਲਿਖੀ ਗਿਣਤੀ ਬਹੁਤ ਚੰਗੀ ਤਰ੍ਹਾਂ ਸਪੱਸ਼ਟ ਕਰਦੀ ਹੈ ਕਿ ਰੱਬ, ਅੱਲਾ, ਵਾਹਿਗੁਰੂ ਜਾਂ ਈਸ਼ਵਰ ਨੂੰ ਮੰਨਣ ਅਤੇ ਉਹਦੇ ਗੁਣ ਗਾਉਣ ਵਾਲੇ ਧਰਮਾਂ ਵਿਚ ਜਿਥੇ ਕੈਦੀਆਂ ਦੀ ਤਾਦਾਦ ਜੋ ਕਈ ਤਰ੍ਹਾਂ ਦੇ ਅਪਰਾਧਾਂ ਵਿਚ ਫਸੇ ਹੋਣ ਕਾਰਨ, ਸਜ਼ਾ ਪਾਉਂਦੇ ਹਨ, ਬਹੁਤ ਜ਼ਿਆਦਾ ਹੈ ਅਤੇ ਲਗਾਤਾਰ ਵਧ ਰਹੀ ਹੈ। ਜਦੋਂ ਕਿ ਬੋਧੀਆਂ ਅਤੇ ਜੈਨੀਆਂ ਵਿਚ ਜੋ ਕਿ ਈਸ਼ਵਰ ਵਿਚ ਵਿਸ਼ਵਾਸ਼ ਨਹੀਂ ਰੱਖਦੇ, ਅਪਰਾਧਾਂ ਦੀ ਤਾਦਾਦ ਬਹੁਤ ਥੋੜੀ ਸੀ ਅਤੇ ਫਿਰ ਬਿਲਕੁਲ ਹੀ ਨਹੀਂ ਰਹੀ।

ਅਗਰ ਅੱਜ ਦੀ ਤਾਰੀਖ ਵਿਚ ਅੰਕੜੇ ਦੇਖੇ ਜਾਣ ਤਾਂ ਵੀ ਐਹੋ ਜੇਹਾ ਪੈਟਰਨ ਹੀ ਸਾਹਮਣੇ ਆਵੇਗਾ ਜਿਵੇਂ : ਬ੍ਰਮਿੰਘਮ ਦੀ ਮਸ਼ਹੂਰ ਜੇਲ੍ਹ ਵਿਨਸਨ ਗਰੀਨ ਵਿਚ ਸਾਲ 2010 ਦੇ ਸ਼ੁਰੂ ਵਿਚ ਈਸਾਈ ਕੈਦੀਆਂ ਦੀ ਗਿਣਤੀ 668 ਸੀ ਜੋ ਕਿ ਕੁੱਲ ਕੈਦੀਆਂ ਦਾ 47.4 ਪ੍ਰਤੀਸ਼ਤ ਬਣਦਾ ਹੈ ਅਤੇ ਇਨ੍ਹਾਂ ਦੇ ਮੁਕਾਬਲੇ ਜਿਨ੍ਹਾਂ ਕੈਦੀਆਂ ਦਾ ਕੋਈ ਧਰਮ ਨਹੀਂ ਸੀ ਉਨ੍ਹਾਂ ਦੀ ਗਿਣਤੀ 396 ਸੀ ਜੋ ਕਿ 28.1 ਪ੍ਰਤੀਸ਼ਤ ਬਣਦੀ ਹੈ। ਇਥੋਂ ਸਾਫ ਪਤਾ ਲੱਗਦਾ ਹੈ ਕਿ ਜੇਹੜੇ ਲੋਕ ਆਪਣੇ ਆਪ ਨੂੰ ਧਾਰਮਿਕ ਕਹਾਉਂਦੇ ਸੀ, ਉਨ੍ਹਾਂ ਦੀ ਅਪਰਾਧ ਕਰਨ ਵਿਚ ਰੁਚੀ ਜ਼ਿਆਦਾ ਹੈ ਜਦੋਂ ਕਿ ਜਿਹੜੇ ਲੋਕਾਂ ਦਾ ਕਿਸੇ ਰੱਬ, ਧਰਮ ਵਿਚ ਯਕੀਨ ਨਹੀਂ ਸੀ, ਉਨ੍ਹਾਂ 'ਚ ਅਪਰਾਧੀ ਰੁਚੀ ਤਕਰੀਬਨ ਅੱਧੀ ਸੀ।

ਇਸੇ ਤਰ੍ਹਾਂ ਹੀ ਅਮਰੀਕਾ ਵਿਚ ਸਾਲ 1990 ਵਿਚ ਇੱਕ ਸਰਵੇਖਣ ਕਰਵਾਇਆ ਗਿਆ ਅਤੇ ਉਸ ਵਿਚ ਜਾਣਿਆ ਗਿਆ ਕਿ 8.2% ਲੋਕ ਰੱਬ ਜਾਂ ਧਰਮ ਵਿਚ ਯਕੀਨ ਨਹੀਂ ਕਰਦੇ ਸਨ ਪਰ ਜਦ ਇਹੋ ਜਿਹਾ ਸਰਵੇਖਣ 18 ਸਾਲਾਂ ਬਾਅਦ 2008 ਵਿਚ ਕਰਾਇਆ ਗਿਆ ਤਾਂ ਪਤਾ ਲੱਗਾ ਕਿ ਨਾਸਤਿਕਾਂ ਦੀ

ਗਿਣਤੀ 8.2 ਪ੍ਰਤੀਸ਼ਤ ਤੋਂ ਵੱਧ ਕੇ 15 ਪ੍ਰਤੀਸ਼ਤ ਹੋ ਗਈ ਹੈ। ਐਹੋ ਜਿਹਾ ਝੁਕਾਅ ਯੋਰਪੀਨ ਮੁਲਕਾਂ ਵਿਚ ਵੀ ਹੋ ਰਿਹਾ ਹੈ। ਇਹਦਾ ਇਕ ਕਾਰਨ ਇਹ ਵੀ ਹੈ ਕਿ ਧਰਮ ਅਤੇ ਰੱਬ ਬਾਰੇ ਇਨ੍ਹਾਂ ਮੁਲਕਾਂ ਵਿਚ ਖੁੱਲ੍ਹਮ ਖੁੱਲੀ ਬਿਨਾਂ ਡਰ ਡੁੱਕਰ ਦੀ ਬਹਿਸ ਕੀਤੀ ਜਾਂਦੀ ਹੈ। ਵੱਡੇ ਵੱਡੇ ਚਿੰਤਕ ਬਹਿਸਾਂ ਵਿਚ ਹਿੱਸਾ ਲੈਂਦੇ ਹਨ ਅਤੇ ਕਿਤਾਬਾਂ ਲਿਖੀਆਂ ਜਾਂਦੀਆਂ ਹਨ।

ਆਸਤਿਕ – ਅਤਿਅੰਤ ਸ਼ੋਕ! ਐਹੋ ਜੇਹੇ ਬੁਰੇ ਵਿਸ਼ਵਾਸ਼ ਦੇ ਐਹੋ ਜੇਹੇ ਹੀ ਬੁਰੇ ਨਤੀਜੇ ਹੋ ਸਕਦੇ ਹਨ।

ਨਾਸਤਿਕ – ਜੀ ਹਾਂ! ਲੇਕਿਨ ਇਨ੍ਹਾਂ ਬੁਰੀਆਂ ਘਟਨਾਵਾਂ ਨੂੰ ਛੱਡ ਕੇ ਹੁਣ ਵੀ ਤਾਂ ਇਸ ਰੱਬ ਦੇ ਵਿਸ਼ਵਾਸ਼ੀ ਆਪਣੇ ਤੋਂ ਅਲੱਗ ਮਤ ਜਾਂ ਰੰਗਤ ਜਾਂ ਨਸਲ ਰੱਖਣ ਵਾਲਿਆਂ ਦੇ ਨਾਲ ਕੀ ਕੁੱਝ ਬੁਰਾ ਸਲੂਕ ਨਹੀਂ ਕਰਦੇ? ਜਰਮਨੀ ਵਿਚ ਉਥੋਂ ਦੇ ਈਸ਼ਵਰ ਦੇ ਪੁਜਾਰੀ ਈਸਾਈਆਂ ਨੇ ਅਨੇਕਾਂ ਈਸ਼ਵਰ ਦੇ ਮੰਨਣ ਵਾਲੇ ਯਹੂਦੀਆਂ ਨੂੰ ਜੋ ਬਹੁਤ ਸਮੇਂ ਤੋਂ ਉਥੇ ਰਹਿੰਦੇ ਸਨ, ਅਤਿਅੰਤ ਨਿਰਦਯਤਾ ਨਾਲ ਮਾਰ ਦਿੱਤਾ ਅਤੇ ਕਈਆਂ ਨੂੰ ਜ਼ਬਰੀ ਦੇਸ਼ ਤੋਂ ਬਾਹਰ ਜਾਣਾ ਪਿਆ।

ਅਮਰੀਕਾ ਵਿਚ ਕਾਲੇ ਲੋਕਾਂ ਨੂੰ ਕਿਸੇ ਇੱਕ ਜਾਂ ਦੂਸਰੇ ਅਪਰਾਧ ਦੇ ਲਈ ਬਿਨਾਂ ਅਦਾਲਤ ਵਿਚ ਪੇਸ਼ ਕਰਨ ਅਤੇ ਬਿਨਾ ਕਿਸੇ ਸਬੂਤ ਦੇ ਈਸਾਈ ਕਹਾਉਂਦੇ ਲੋਕਾਂ ਨੇ ਜਿਉਂਦੇ ਜੀਅ ਅੱਗ ਵਿਚ ਸਾੜ ਦੇਣ ਦਾ ਸਿਲਸਿਲਾ ਜਾਰੀ ਰੱਖਿਆ ਸੀ। ਜਿਨ੍ਹਾਂ ਦੇਸ਼ਾਂ ਵਿਚ ਸਰਕਾਰੀ ਕਾਨੂੰਨ ਦੇ ਡਰ ਤੋਂ ਈਸ਼ਵਰ ਨੂੰ ਮੰਨਣ ਵਾਲੇ ਸਰਕਾਰੀ ਕਾਨੂੰਨ ਨੂੰ ਆਪਣੇ ਖਿਲਾਫ਼ ਦੇਖਦੇ ਹੋਏ ਇਕ ਦੂਸਰੇ ਦਾ ਖ਼ੂਨ ਕਰਨ ਤੋਂ ਆਮ ਰੁਕੇ ਰਹਿੰਦੇ ਹਨ। ਉਨ੍ਹਾਂ ਦੇਸ਼ਾਂ ਵਿਚ ਵੀ ਇਕ ਦੂਜੇ ਦੇ ਖਿਲਾਫ਼ ਕਈ ਪ੍ਰਕਾਰ ਦੇ ਝੂਠੇ ਇਲਜ਼ਾਮਾਂ ਦੇ ਘੜਨ, ਮੂੰਹ ਨਾਲ ਕਹਿਣ ਜਾਂ ਕਲਮ ਰਾਹੀ ਪ੍ਰਕਾਸ਼ਤ ਕਰਨ, ਕੋਸਣ, ਗਾਲਾਂ ਦੇਣ ਅਤੇ ਵੱਖ ਵੱਖ ਮੌਕਿਆਂ ਤੇ ਵੱਖ-ਵੱਖ ਢੰਗਾਂ ਨਾਲ ਸਤਾਉਣ ਅਤੇ ਨੁਕਸਾਨ ਪਹੁੰਚਾਉਣ ਤੋਂ ਨਹੀਂ ਹਟਦੇ। ਇਕ ਹੀ ਸਮਾਜ ਜਾਂ ਮਜ਼ਹਬ ਦੀਆਂ ਵੱਖਰੀਆਂ ਵੱਖਰੀਆਂ ਪਾਰਟੀਆਂ ਇਕ ਦੂਜੇ ਨੂੰ ਨੀਵਾਂ ਦਿਖਾਉਣ ਵਿਚ ਲੱਗੀਆਂ ਰਹਿੰਦੀਆਂ ਹਨ। ਇਸ ਤੋਂ ਬਿਨਾਂ ਕਿੰਨੀਆਂ ਹੀ ਘਟਨਾਵਾਂ ਆਪਣੇ ਤੋਂ ਅਲੱਗ ਮਤ ਰੱਖਣ ਵਾਲਿਆਂ ਨੂੰ ਕਤਲ ਕਰਨ ਅਤੇ ਉਨ੍ਹਾਂ ਦੀਆਂ ਬਹੂ ਬੇਟੀਆਂ ਨੂੰ ਭਜਾ ਕੇ ਲੈ ਜਾਣ ਦੀਆਂ ਵੀ ਲਗਾਤਾਰ ਹੁੰਦੀਆਂ ਰਹਿੰਦੀਆਂ ਹਨ। ਬਹੁਤ ਸਾਰੇ ਦੇਵੀ ਦੇਵਤਿਆਂ ਦੇ ਮੰਨਣ ਜਾਂ ਪੂਜਣ ਵਾਲੇ ਭਾਵੇ ਹੋਰ ਮਜ਼ਹਬਾਂ ਨੂੰ ਮੰਨਣ ਵਾਲਿਆਂ ਵਿਰੁੱਧ ਨਫ਼ਰਤ ਰੱਖਦੇ ਹਨ ਪਰ ਇਕ ਹੀ ਮਜ਼ਹਬ ਦੇ ਮੰਨਣ ਵਾਲਿਆਂ ਵਿਚ ਵੀ ਇਹ ਨਫ਼ਰਤ ਹੱਦਾਂ ਤੋੜ ਗਈ ਹੈ ਜਿਵੇਂ ਮੁਸਲਮਾਨਾਂ ਦੇ ਸੁਨੀ ਅਤੇ ਸ਼ੀਆ ਫਿਰਕੇ, ਸਿੱਖਾਂ ਦੇ ਕਈ ਫਿਰਕੇ, ਹਿੰਦੂਆਂ ਵਿਚ ਵਿਸ਼ਨੂ, ਰਾਮ ਅਤੇ ਕ੍ਰਿਸ਼ਨਾ ਬਗੈਰਾ ਨੂੰ ਮੰਨਣ ਵਾਲਿਆਂ ਅਤੇ ਫਿਰ ਕਾਲੀ, ਦੁਰਗਾ, ਸ਼ਿਵ ਜਾਂ ਗਣੇਸ਼ ਨੂੰ ਮੰਨਣ ਵਾਲਿਆਂ ਵਿਸ਼ਵਾਸੀ ਪਕਸ਼ਪਾਤ ਦੀ ਬਿਨਾਂ ਤੇ ਇਕ ਦੂਸਰੇ ਦੇ ਮੰਦਰਾਂ ਨੂੰ ਤੋੜਿਆ, ਕਤਲ ਕੀਤੇ, ਘਰਾਂ ਨੂੰ ਲੁੱਟਿਆ, ਔਰਤਾਂ ਨਾਲ ਖਰਾਬੀਆਂ ਕੀਤੀਆਂ ਅਤੇ ਉਨ੍ਹਾਂ ਦੇ ਪੂਜਾ ਦੀਆਂ ਥਾਵਾਂ ਨੂੰ ਮਲੀਆਮੇਟ ਕਰ ਦਿੱਤਾ। ਇਹ ਕੰਮ ਅੱਜ ਵੀ ਜਾਰੀ ਹੈ ਉਦਾਹਰਣ ਦੇ ਤੌਰ ਤੇ ਆਇਰਲੈਂਡ ਵਿਚ ਕੈਥੋਲਿਕ ਅਤੇ ਪ੍ਰੋਟਿਸਟੈਂਟ, ਅਫਗਾਨਿਸਤਾਨ ਵਿਚ ਤਾਲਿਬਾਨ ਮੁਸਲਮਾਨਾਂ ਨੇ ਬੁੱਧ ਦੇ ਬੁੱਤ ਤੋੜ ਦਿੱਤੇ ਜਿਨ੍ਹਾਂ ਦੀ ਕਿ ਤਵਾਰੀਖੀ ਮਹੱਤਤਾ ਵੀ

ਸੀ। ਇਹ ਸੱਚ ਹੈ ਕਿ ਇਨ੍ਹਾਂ ਰੱਬ ਦੇ ਮੰਨਣ ਵਾਲਿਆਂ ਦੀਆਂ ਮਹਾਂਭਿਆਨਕ ਅਤੇ ਨਰਕੀ ਕਰਤੂਤਾਂ ਦੀ ਤੁਲਨਾ ਵਿਚ ਇਨ੍ਹਾਂ ਲੋਕਾਂ ਦੇ ਬੁਰੇ ਵਰਤਾਵ ਕੁੱਝ ਵੀ ਮਹੱਤਤਾ ਨਹੀਂ ਰੱਖਦੇ।

ਆਸਤਿਕ – ਤੁਹਾਡਾ ਇਹ ਸਭ ਕੁੱਝ ਕਹਿਣਾ ਤਾਂ ਠੀਕ ਹੈ ਪਰ ਜੇਕਰ ਈਸ਼ਵਰ ਦੇ ਵਿਸ਼ਵਾਸ਼, ਉਹਦੇ ਨਾਮ ਜਾਂ ਬਾਣੀ ਨਾਲ ਅਸੀਂ ਆਪਣੇ ਕਿਸੇ ਲਾਭਦਾਇਕ ਮੰਤਵ ਲਈ ਪੈਸੇ ਕਮਾਉਂਦੇ ਹਾਂ ਤਾਂ ਉਹਦੇ 'ਚ ਕੀ ਗਲਤ ਗੱਲ ਹੈ?

ਨਾਸਤਿਕ – ਕੀ ਕਿਸੇ ਚੰਗੇ ਕੰਮ ਲਈ ਕਿਸੇ ਨੂੰ ਧੋਖੇ ਵਿਚ ਰੱਖ ਕੇ ਪੈਸੇ ਕਮਾਉਣਾ ਜਾਇਜ਼ ਹੋ ਸਕਦਾ ਹੈ? ਕਦੇ ਵੀ ਨਹੀਂ। ਕੀ ਕਿਸੇ ਜੱਜ ਜਾਂ ਮੈਜਿਸਟਰੇਟ ਲਈ ਕਿਸੇ ਸਕੂਲ, ਕਾਲਜ ਦੀ ਮੱਦਦ ਕਰਨ ਲਈ ਰਿਸ਼ਵਤ ਲੈਣਾ ਠੀਕ ਹੋ ਸਕਦਾ ਹੈ? ਕਦੇ ਵੀ ਨਹੀਂ। ਅਫਸੋਸ! ਬਹੁਤ ਹੀ ਜ਼ਿਆਦਾ ਅਫਸੋਸ!! ਕਿੰਨੇ ਹੀ ਲੋਕ ਇਕ ਤਰਫ ਨੈਤਿਕ ਅਸੂਲਾਂ ਅਤੇ ਉਨ੍ਹਾਂ ਦੀ ਬਿਨਾ ਤੇ ਸੱਚੇ ਆਚਰਣ ਦੀ ਮਹਿਮਾ ਅਤੇ ਉਹਦੇ ਫਾਇਦਿਆਂ ਦੇ ਨਾ ਸਮਝਣ ਅਤੇ ਦੂਜੇ ਪਾਸੇ ਆਪਣੇ ਦਿਲ ਵਿਚ ਦਿਆਨਤਦਾਰੀ ਅਤੇ ਸਰਲਤਾ ਦੀ ਜ਼ਰੂਰਤ ਨੂੰ ਮਹਿਸੂਸ ਨਾ ਕਰਨ ਦੇ ਕਾਰਨ ਈਸ਼ਵਰ ਜਾਂ ਰੱਬ ਝੂਠੇ ਵਿਸ਼ਵਾਸ ਨੂੰ ਝੂਠਾ ਸਮਝ ਕੇ ਵੀ ਉਸ ਨੂੰ ਕਾਇਮ ਰੱਖਣ ਦੀ ਜ਼ਰੂਰਤ ਨੂੰ ਪੇਸ਼ ਕਰਦੇ ਹਨ। ਲੇਕਿਨ ਤੁਹਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਨਸਾਨੀ ਦੁਨੀਆਂ ਦੀ ਦਿਮਾਗੀ ਅਤੇ ਰੂਹਾਨੀ ਉਨਤੀ ਦੇ ਸਿਲਸਿਲੇ ਵਿਚ ਜਿਉਂ ਜਿਉਂ ਵਿਗਿਆਨ ਦੇ ਗਿਆਨ ਨਾਲ ਲੋਕਾਂ ਦੇ ਦਿਮਾਗ ਰੌਸ਼ਨ ਹੁੰਦੇ ਜਾਣਗੇ, ਉਨ੍ਹਾਂ ਨੂੰ ਮਜ਼ਹਬੀ ਵਿਸ਼ਵਾਸਾਂ ਦੇ ਸਿਲਸਿਲੇ ਵਿਚ ਦਿਆਨਤਦਾਰੀ ਅਤੇ ਸਰਲਤਾ ਦੀ ਜ਼ਰੂਰਤ ਮਹਿਸੂਸ ਹੁੰਦੀ ਜਾਵੇਗੀ ਅਤੇ ਨਾਲੋ ਨਾਲ ਕੁਲ ਝੂਠੇ ਵਿਸ਼ਵਾਸਾਂ ਦੀ ਜੜ੍ਹ ਕੱਟਦੀ ਜਾਵੇਗੀ। ਇਹਦਾ ਕੱਟਣਾ ਸਮਾਜ ਦੇ ਵਿਕਾਸ ਲਈ ਜ਼ਰੂਰੀ ਹੈ। ਕੁਦਰਤ ਦੇ ਇਸ ਅਟੱਲ ਨਿਯਮ ਅਨੁਸਾਰ ਜੋ ਕਿ ਧਰਮ ਦੇ ਵਹਿਮ, ਝੂਠੀ ਕਲਪਣਾ ਜਾਂ ਅੰਨ੍ਹੇ ਵਿਸ਼ਵਾਸ ਤੇ ਅਧਾਰਿਤ ਹੈ। ਉਹਦਾ ਦਿਨੋ ਦਿਨ ਵਿਨਾਸ ਹੁੰਦਾ ਜਾਵੇਗਾ। ਜਿਸ ਦੀ ਸਿੱਖਿਆ ਕੁਦਰਤ ਦੇ ਅਟੱਲ ਨਿਯਮਾਂ ਅਤੇ ਸੱਚੀਆਂ ਘਟਨਾਵਾਂ ਤੇ ਅਧਾਰਿਤ ਹੋਵੇ ਅਤੇ ਜੋ ਵਿਗਿਆਨਕ ਲੀਹਾਂ ਤੇ ਚਲ ਰਿਹਾ ਹੋਵੇ, ਉਹਦਾ ਹੀ ਜ਼ਿਆਦਾ ਤੋਂ ਜ਼ਿਆਦਾ ਪ੍ਰਚਾਰ ਅਤੇ ਬੋਲਬਾਲਾ ਹੋਵੇਗਾ।

ਆਸਤਿਕ – ਬਿਨਾਂ ਸ਼ੱਕ, ਬਿਲਕੁਲ ਠੀਕ ਹੈ।

ਨਾਸਤਿਕ – ਜੀ ਹਾਂ! ਮੈਂ ਹੁਣੇ ਤੁਹਾਨੂੰ ਦੱਸ ਕੇ ਹਟਿਆ ਹਾਂ ਕਿ ਜਦ ਤੱਕ ਲੋਕ ਇਸ ਫਰਜ਼ੀ ਰੱਬ ਦੇ ਝੂਠੇ ਯਕੀਨ ਤੋਂ ਮੁਕਤੀ ਨਹੀਂ ਪਾ ਲੈਂਦੇ ਤਦ ਤੱਕ ਉਨ੍ਹਾਂ ਨੇ ਕਈ ਤਰ੍ਹਾਂ ਦੇ ਭੰਬਲ ਭੂਸਿਆਂ, ਵਹਿਮਾਂ ਭਰਮਾਂ 'ਚ ਫਸੇ ਰਹਿਣਾ ਅਤੇ ਇਨ੍ਹਾਂ ਕਰਕੇ ਆਪਣੇ ਵਰਗੇ ਹੋਰ ਇਨਸਾਨਾਂ ਅਤੇ ਪਸ਼ੂਆਂ ਲਈ ਖਤਰਨਾਕ ਬਣੇ ਰਹਿਣਾ ਅਟੱਲ ਸੱਚਾਈ ਹੈ। ਏਸੇ ਕਰਕੇ ਬਹੁਤ ਸਾਰੇ ਹਾਲਤਾਂ ਵਿਚ ਆਪਣੇ ਝੂਠੇ ਵਿਸ਼ਵਾਸ ਕਰਕੇ ਉਹ ਇਸ ਗੱਲ ਨੂੰ ਸਮਝ ਹੀ ਨਹੀਂ ਸਕਦੇ ਕਿ ਉਹ ਆਪਣਾ ਪਤਨ ਕਰ ਰਹੇ ਹਨ ਅਤੇ ਆਪਣੇ ਦਿਮਾਗੀ ਵਿਕਾਸ ਤੇ ਰੋਕ ਲਾ ਰਹੇ ਹਨ। ਉਹ ਇਸ ਗੱਲ ਨੂੰ ਨਹੀਂ ਸਮਝਦੇ ਕਿ ਕੁਦਰਤ ਨੇ ਲੱਖਾਂ, ਕਰੋੜਾਂ ਦੇ ਸੰਗਰਾਮ ਬਾਅਦ ਵਿਗਿਆਨ ਦੇ ਅਧਾਰ ਤੇ ਜੀਵਨ ਨੂੰ ਅਨੰਦਮਈ ਅਤੇ ਸੁਖੀ ਬਨਾਉਣ ਲਈ ਕੋਸ਼ਿਸ਼ ਕੀਤੀ ਅਤੇ ਵਿਗਿਆਨਕ ਸੱਚ ਨੂੰ ਤਜ਼ਰਬਿਆਂ ਰਾਹੀਂ ਸਿੱਧ ਕਰਕੇ ਨਚੋੜ ਕੱਢਿਆ ਹੈ ਅਤੇ ਸੱਪਸ਼ਟ ਸਬੂਤ ਪੇਸ਼

ਕੀਤੇ ਹਨ।

ਆਸਤਿਕ - ਬੇਸ਼ੱਕ! ਐਸੀ ਨਿਰਾਲੀ ਰੋਸ਼ਨੀ ਦੀ ਕੀਮਤ ਅਤੇ ਇਸ ਅਣਮੁੱਲੀ ਸ਼ਕਤੀ ਦੇ ਪਛਾਣ ਯੋਗ ਦੇਣਾ ਕਿੰਨੀ ਵੱਡੀ ਸੁਭਾਗੀ ਗੱਲ ਹੈ। ਉਹ ਲੋਕ ਵਾਕਿਆ ਹੀ ਇਨਾਮ ਦੇ ਅਧਿਕਾਰੀ ਹਨ ਜੋ ਆਮ ਲੋਕਾਈ ਨੂੰ ਖੁਦਾ, ਈਸ਼ਵਰ ਦੇ ਝੂਠੇ ਵਿਸ਼ਵਾਸ ਅਤੇ ਵਹਿਮਾਂ ਭਰਮਾਂ ਤੋਂ ਲੋਕਾਂ ਨੂੰ ਬਾਹਰ ਕੱਢਣ ਦਾ ਉਪਰਾਲਾ ਕਰ ਰਹੇ ਹਨ ਅਤੇ ਕੁਦਰਤ ਦੇ ਭੇਤਾਂ ਨੂੰ ਜੱਗ ਜ਼ਾਹਿਰ ਕਰ ਰਹੇ ਹਨ। ਇਨ੍ਹਾਂ ਦੀ ਸੱਚੀ ਸੇਵਾ ਅਤੇ ਲੋਕ-ਹਿੱਤੂ ਇਰਾਦਿਆਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਹ ਲੋਕ ਵਾਕਿਆ ਹੀ ਵਧਾਈ ਦੇ ਹੱਕਦਾਰ ਹਨ।

ਨਾਸਤਿਕ - ਬੇਸ਼ੱਕ! ਇਹ ਸੱਚ ਦੇ ਵਣਜਾਰੇ ਜਿਸ ਕਦਰ ਲੋਕਾਈ ਦੀ ਭਲਾਈ ਕਰ ਰਹੇ ਹਨ, ਉਹਦਾ ਵਰਨਣ ਸ਼ਬਦਾਂ ਵਿਚ ਨਹੀਂ ਕੀਤਾ ਜਾ ਸਕਦਾ। ਨਾਲੇ ਦੇਖਿਆ ਜਾਵੇ ਤਾਂ ਜਿਹੜੀਆਂ ਸਾਨੂੰ ਆਰਾਮ ਦੇਣ ਵਾਲੀਆਂ ਸਹੂਲਤਾਂ ਹਨ ਜਿਵੇਂ ਕਾਰ, ਰੇਲਗੱਡੀ, ਬਿਜਲੀ, ਗੈਸ, ਹੀਟਰ, ਹਵਾਈ ਜਹਾਜ਼, ਟੈਲੀਫੋਨ, ਟੈਲੀਵਿਜ਼ਨ, ਕੰਪਿਊਟਰ ਆਦਿ ਸਭ ਵਿਗਿਆਨ ਕਰਕੇ ਹੈ, ਇਨ੍ਹਾਂ ਬਾਬਿਆਂ, ਸਾਧਾਂ, ਝੂਠੇ ਅਤੇ ਮਜ਼ਹਬੀ ਵਿਸ਼ਵਾਸਾਂ ਕਰਕੇ ਨਹੀਂ। ਕੀ ਤੁਸੀਂ ਦੇਖ ਸਕਦੇ ਹੋ, ਇਨ੍ਹਾਂ ਸਭ ਰੋਜ਼ਮਰਾ ਦੀਆਂ ਸਹੂਲਤਾਂ 'ਚੋਂ ਕੋਈ ਇਨ੍ਹਾਂ ਝੂਠੇ ਵਿਸ਼ਵਾਸੀਆਂ ਨੇ ਵੀ ਸਾਡੇ ਲਈ ਪੈਦਾ ਕੀਤਾ ਹੈ?

ਆਸਤਿਕ - ਮੈਂ ਤੁਹਾਡੇ ਨਾਲ ਹਾਂ ਜੀ ਅਤੇ ਇਹ ਸਭ ਗਿਆਨ ਦੇਣ ਲਈ ਬੜੀ ਮੇਹਰਬਾਨੀ!

# ਨਾਸਤਿਕਾਂ ਦੇ ਇਸ਼ਤਹਾਰ ਅਤੇ ਆਸਤਿਕਾਂ ਦੇ ਮੁਆਫੀਨਾਮੇ

ਪਿੱਛੇ ਜਿਹੇ ਬਰਤਾਨੀਆਂ 'ਦੀ ਹਿਊਮਨਿਸਟ ਐਸੋਸੀਏਸ਼ਨ' ਦੇ ਯੂ. ਕੇ. ਭਰ 'ਚ 800 ਬੱਸਾਂ ਉੱਪਰ ਦਿੱਤੇ ਇਸ਼ਤਿਹਾਰ "ਸ਼ਾਇਦ ਕੋਈ ਰੱਬ ਨਹੀਂ ਹੈ। ਹੁਣ ਇਸ ਬਾਰੇ ਫ਼ਿਕਰ ਕਰਨਾ ਬੰਦ ਕਰੋ ਅਤੇ ਆਪਣੀ ਜ਼ਿੰਦਗੀ ਦਾ ਲੁਤਫ਼ ਲਵੋ" ਦੇ ਵਿਰੋਧ ਵਿਚ ਕ੍ਰਿਸਚੀਅਨ ਪਾਰਟੀ ਦਾ ਟ੍ਰਿਨੀਟੇਰੀਅਨ ਬਾਈਬਲ ਸੁਸਾਇਟੀ ਅਤੇ ਰਸ਼ੀਅਨ ਔਰਥੋਡਕਸ ਚਰਚ ਨੇ ਵੀ 9 ਫਰਵਰੀ ਤੋਂ ਦੋ ਹਫ਼ਤਿਆਂ ਲਈ 175 ਬੱਸਾਂ ਤੇ ਇਸ਼ਤਿਹਾਰ ਕੱਢ ਮਾਰਿਆ : "ਰੱਬ ਦੀ ਹੋਂਦ ਵਾਲੀ ਗੱਲ ਪੱਕੀ ਹੈ, ਸੋ ਕ੍ਰਿਸਚੀਅਨ ਪਾਰਟੀ 'ਚ ਦਾਖਲਾ ਲੈ ਕੇ ਜ਼ਿੰਦਗੀ ਦਾ ਲੁਤਫ਼ ਲਵੋ।" ਅਤੇ ਰਸ਼ੀਅਨ ਔਰਥੋਡਕਸ ਚਰਚ ਨੇ ਇਸ਼ਤਿਹਾਰ ਕੱਢਿਆ : ਰੱਬ ਦੀ ਹੋਂਦ ਹੈ। ਯਕੀਨ ਕਰੋ। ਚਿੰਤਾ ਨਾ ਕਰੋ ਅਤੇ ਆਪਣੀ ਜ਼ਿੰਦਗੀ ਦਾ ਲੁਤਫ਼ ਲਵੋ।" ਜਦੋਂ ਕਿ ਦਾ ਟ੍ਰਿਨੀਟੇਰੀਅਨ ਬਾਈਬਲ ਸੁਸਾਇਟੀ ਨੇ ਨਾਸਤਿਕਾਂ ਤੇ ਹਮਲਾ ਕਰਦਿਆਂ ਇਸ਼ਤਿਹਾਰ ਦਿੱਤਾ : "ਇਕ ਮੂਰਖ ਈ ਆਪਣੇ ਦਿਲ 'ਚ ਕਹਿੰਦਾ ਹੈ ਕਿ ਰੱਬ ਦੀ ਕੋਈ ਹੋਂਦ ਨਹੀਂ ਹੈ।" ਇਹ ਸਾਮ (PSALM) 53.1 ਵਿਚੋਂ ਟੂਕ ਲਈ ਗਈ ਹੈ।

ਬਰਤਾਨੀਆਂ ਦੀ ਐਡਵਰਟਾਈਜ਼ਿੰਗ ਸਟੈਂਡਰਡ ਅਥਾਰਟੀ ਨੂੰ ਜਨਵਰੀ 2009 ਵਿਚ 150 ਲੋਕਾਂ ਨੇ ਸ਼ਿਕਾਇਤ ਕੀਤੀ ਸੀ ਕਿ ਨਾਸਤਿਕਾਂ ਦੇ ਇਸ਼ਤਿਹਾਰ ਤੇ ਰੋਕ ਲਾ ਕੇ ਉਨ੍ਹਾਂ ਦੀ ਖਿਚਾਈ ਕੀਤੀ ਜਾਵੇ ਕਿਉਂਕਿ ਉਨ੍ਹਾਂ ਰੱਬ ਨੂੰ ਮੰਨਣ ਵਾਲਿਆਂ ਦੀ ਬੇਇਜ਼ਤੀ ਕੀਤੀ ਹੈ ਪਰ ਅਥਾਰਟੀ ਨੇ ਫੈਸਲਾ ਦਿੱਤਾ ਕਿ, "ਨਾਸਤਿਕਾਂ ਦੇ ਇਸ਼ਤਿਹਾਰ ਨੇ ਕਿਸੇ ਕਾਨੂੰਨੀ ਧਾਰਾ ਦੀ ਕੋਈ ਵੀ ਉਲੰਘਣਾ ਨਹੀਂ ਕੀਤੀ ਹੈ, ਸਗੋਂ ਉਨ੍ਹਾਂ ਆਪਣੇ ਵਿਚਾਰਾਂ ਦਾ ਇਜ਼ਹਾਰ ਕੀਤਾ ਸੀ। ਨਾਲੇ ਇਸ ਇਸ਼ਤਿਹਾਰ ਨਾਲ ਨਾ ਤਾਂ ਉਨ੍ਹਾਂ ਲੋਕਾਈ ਨੂੰ ਵਰਗਲਾਇਆ ਹੈ ਅਤੇ ਨਾ ਹੀ ਦਿਲ ਦੁਖਾਇਆ ਹੈ।"

ਲੇਖਿਕਾ ਐਰੀਐਨ ਸ਼ੀਰਾਇਨ (Ariane Sherine) ਨੇ ਇਸ਼ਤਿਹਾਰ ਵਾਲੀ ਗੱਲ ਤੋਰੀ ਸੀ। ਇਹ ਵੀ ਉਸ ਇਸ਼ਤਿਹਾਰ ਦਾ ਜੁਆਬ ਸੀ ਜੇਹਦੇ ਵਿਚ ਇਸਾਈਆਂ ਨੇ ਦੋ ਬੱਸਾਂ ਤੇ ਇਸ਼ਤਿਹਾਰ ਲਗਵਾਇਆ ਸੀ ਕਿ "ਜਦ ਆਦਮੀ ਦਾ ਪੁੱਤਰ ਧਰਤੀ ਤੇ ਆਵੇਗਾ ਤਾਂ ਕੀ ਉਹ ਯਕੀਨ (ਰੱਬ 'ਚ) ਲੱਭ ਸਕੇਗਾ" (ਲੂਕ 18.8)

ਐਰੀਐਨ ਸ਼ੀਰਾਇਨ ਦਾ ਕਹਿਣਾ ਹੈ ਕਿ, "ਜੇਕਰ ਮੈਂ ਬਸ ਚਲਾ ਰਹੀ ਹੋਵਾਂ ਤੇ ਉਹਦੇ ਉੱਪਰ ਇਸ਼ਤਿਹਾਰ ਲੱਗਾ ਹੋਵੇ ਕਿ, "ਜ਼ਰਾ ਬਚ ਕੇ, ਲੰਡਨ ਦੇ ਅਜਾਇਬਘਰ 'ਚੋਂ ਇਕ ਬਹੁਤ ਵੱਡਾ ਸ਼ੇਰ ਬਾਹਰ ਨਿਕਲ ਗਿਆ ਹੈ" ਤਾਂ ਮੈਨੂੰ ਕਿਹਾ ਜਾਵੇਗਾ ਕਿ ਇਸ ਬਾਰੇ ਕੋਈ ਠੋਸ ਸਬੂਤ ਪੇਸ਼ ਕਰ ਤਾਂ ਕਿ ਤੇਰੇ ਇਸ਼ਤਿਹਾਰ ਦੀ ਤਰਦੀਦ ਹੋ ਸਕੇ।" ਇਹ ਗੱਲ ਈ ਰੱਬ ਦੀ ਹੋਂਦ ਬਾਰੇ ਸੀ ਅਤੇ ਇਹ ਕਹਿਣਾ ਕਿ 'ਨਾਸਤਿਕ ਨਰਕ ਦਾ ਦੁੱਖ ਭੋਗਣਗੇ' ਬਾਰੇ ਵੀ ਕੋਈ ਠੋਸ ਸਬੂਤ ਚਾਹੀਦਾ ਹੈ ਪਰ ਹੈਰਾਨਗੀ ਇਸ ਗੱਲ ਦੀ ਹੈ ਕਿ ਰੱਬ ਦੀ ਹੋਂਦ ਮੰਨਣ ਵਾਲੇ, ਨਾਸਤਿਕਾਂ ਨੂੰ ਬੁਰਾ ਭਲਾ ਸਦੀਆਂ ਤੋਂ ਕਹਿੰਦੇ ਆ ਰਹੇ ਹਨ ਅਤੇ ਇਨ੍ਹਾਂ ਦੀਆਂ ਧਾਰਮਿਕ ਪੁਸਤਕਾਂ ਵੀ ਬੁਰਾ ਭਲਾ ਕਹਿਣ ਤੇ ਲਿਖਤੀ ਰੂਪ 'ਚ ਦੋਹਰ ਪਾਉਂਦੀਆਂ ਹਨ। ਇਸ ਬਾਰੇ

ਨਾਸਤਿਕਾਂ ਕਦੇ ਵਾ-ਵੇਲਾ ਨਹੀਂ ਖੜਾ ਕੀਤਾ ਅਤੇ ਨਾ ਹੀ ਉਹ ਰੱਬ ਦੀ ਹੋਂਦ ਮੰਨਣ ਵਾਲਿਆਂ ਵਾਂਗ ਕਦੇ ਬੁਖਲਾਏ ਹਨ। ਉਹ ਤਾਂ ਤਰਕਸ਼ੀਲਤਾ ਨਾਲ ਸਬੂਤਾਂ ਦੀ ਗੱਲ ਤੇ ਉਲਝਣ ਨੂੰ ਨਿਤਾਰਨ ਦੀ ਗੱਲ ਕਰਦੇ ਹਨ।

ਇਸ਼ਤਿਹਾਰਾਂ ਵਾਲੀ ਗੱਲ ਨੇ ਬਰਤਾਨੀਆਂ ਤੋਂ ਬਾਹਰ ਵੀ ਰੰਗ ਦਿਖਾਉਣੇ ਸ਼ੁਰੂ ਕਰ ਦਿੱਤੇ ਅਤੇ ਇਟਲੀ ਦੇ ਨਾਸਤਿਕਾਂ ਇੱਟ ਨੂੰ ਪੱਥਰ ਚੁੱਕਣ ਵਾਂਗ ਇਸ਼ਤਿਹਾਰ ਕੱਢ ਮਾਰਿਆ "ਮਾੜੀ ਖਬਰ ਇਹ ਹੈ ਕਿ ਰੱਬ ਦੀ ਹੋਂਦ ਨਹੀਂ ਹੈ। ਚੰਗੀ ਖਬਰ ਇਹ ਹੈ ਕਿ ਸਾਨੂੰ ਉਹਦੀ ਲੋੜ ਵੀ ਕੋਈ ਨਹੀਂ ਹੈ।" ਇਸ ਇਸ਼ਤਿਹਾਰ ਨੇ ਈਸਾਈਆਂ ਵਿਚ ਤਹਿਲਕਾ ਮਚਾ ਦਿੱਤਾ ਅਤੇ ਉਨ੍ਹਾਂ ਬੱਸ ਕੰਪਨੀ ਤੇ ਦਬਾਅ ਪਾ ਕੇ ਇਸ਼ਤਿਹਾਰ ਲੱਗਣ ਨਾ ਦਿੱਤਾ। ਦਬਾਅ ਵਾਲੀ ਗੱਲ ਇਕ ਬਰਤਾਨਵੀ ਮੈਂਬਰ ਆਫ ਪਾਰਲੀਮੈਂਟ ਨੇ ਵੀ ਉਠਾ ਲਈ ਕਿ "ਇਸ਼ਤਿਹਾਰਾਂ ਨਾਲ ਇਸਾਈਆਂ ਅਤੇ ਮੁਸਲਮਾਨਾਂ ਦੇ ਹਿਰਦੇ ਦੁਖੇ ਹਨ। ਉਨ੍ਹਾਂ ਨੂੰ ਇਸ਼ਤਿਹਾਰ ਵਾਲੀਆਂ 800 ਬੱਸਾਂ ਅਤੇ ਜ਼ਮੀਨ ਤੋਂ ਹੇਠਾਂ ਚੱਲਣ ਵਾਲੀਆਂ ਇਸ਼ਤਿਹਾਰਾਂ ਵਾਲੀਆਂ ਗੱਡੀਆਂ ਤੇ ਸਫ਼ਰ ਕਰਨਾ ਵੀ ਚੰਗਾ ਨਹੀਂ ਸੀ ਲੱਗਿਆ।" ਇਕ ਇਸਾਈ ਬੱਸ ਡਰਾਈਵਰ ਰੌਨ ਹੀਥਰ ਨੇ ਤਾਂ ਇਸ਼ਤਿਹਾਰ ਲੱਗੀ ਬੱਸ ਵੀ ਚਲਾਉਣ ਤੋਂ ਇਨਕਾਰ ਕਰ ਦਿੱਤਾ ਸੀ। ਰੌਨ ਹੀਥਰ ਸਾਊਥਹੈਂਪਟਨ ਦਾ ਰਹਿਣ ਵਾਲਾ ਸੀ।

ਮਜ਼ੇਦਾਰ ਗੱਲ ਇਹ ਹੈ ਕਿ ਇਸ਼ਤਿਹਾਰਾਂ ਵਾਲਾ ਵਿਚਾਰ ਐਰੀਐਨ ਸ਼ੀਰਾਇਨ ਦਾ ਸੀ ਅਤੇ ਇਸ ਮੁਹਿੰਮ ਲਈ 140,00 ਪੌਂਡ ਇਕੱਠੇ ਹੋ ਗਏ ਸਨ ਜੋ ਬਰਤਾਨੀਆਂ ਦੀਆਂ 800 ਬੱਸਾਂ ਤੇ ਇਸ਼ਤਿਹਾਰਾਂ ਲਈ ਕਾਫੀ ਸਨ ਅਤੇ ਬਚਦੇ ਪੈਸੇ ਅੰਡਰ ਗਰਾਊਂਡ ਗੱਡੀਆਂ ਤੇ ਇਸ਼ਤਿਹਾਰ ਲਾਉਣ ਲਈ ਵਰਤ ਲਏ ਗਏ। ਪ੍ਰੋਫੈਸਰ ਰਿਚਰਡ ਡਾਕਿਨਜ਼ ਨੇ ਆਪਣੇ ਕੋਲੋਂ 5500 ਪੌਂਡ ਇਸ ਕੰਮ ਲਈ ਦਿੱਤੇ ਅਤੇ ਹੋਰਾਂ ਵੀ ਦਿਲ ਖੋਲ੍ਹ ਕੇ ਮਾਇਆ ਦਿੱਤੀ।

ਡਰਾਈਵਰ ਰੌਨ ਹੀਥਰ ਤੋਂ ਉਲਟ, ਬਰਿਸਟਲ ਦੇ ਨਜ਼ਦੀਕ ਕੰਮ ਕਰਦੇ ਇਕ ਨਾਸਤਿਕ ਬਾਬੂ ਦਾ ਕਹਿਣਾ ਹੈ ਕਿ, "ਮੈਂ 50 ਲੋਕਾਂ ਨਾਲ ਕੰਮ ਕਰਦਾ ਹਾਂ ਅਤੇ ਬੱਸਾਂ ਦਾ ਅੱਡਾ ਵੀ ਮੇਰੇ ਦਫ਼ਤਰ ਦੇ ਕੋਲ ਹੀ ਹੈ। ਜਦ ਮੈਂ ਲੰਚ ਵੇਲੇ ਦਫ਼ਤਰ ਤੋਂ ਬਾਹਰ ਆ ਕੇ ਖੜੀਆਂ ਬੱਸਾਂ ਤੇ ਇਸ਼ਤਿਹਾਰ ਲੱਗੇ ਦੇਖੇ ਤਾਂ ਮੇਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ ਅਤੇ ਮੈਂ ਦਫ਼ਤਰ ਵਾਪਿਸ ਆ ਕੇ ਜਦ ਇਹ ਗੱਲ ਆਪਣੇ ਸਾਥੀਆਂ ਨੂੰ ਦੱਸੀ ਤਾਂ ਉਹ ਵੀ ਬਾਹਰ ਨੂੰ ਦੌੜੇ। ਇਸ਼ਤਿਹਾਰ, ਬੱਸਾਂ ਤੇ ਲੱਗੇ ਦੇਖ ਉਹ ਬੜੇ ਖੁਸ਼ ਹੋਏ ਅਤੇ ਉਨ੍ਹਾਂ ਪਹਿਲੀ ਵਾਰ ਇਹ ਗੱਲ ਮੰਨੀ ਕਿ ਅਸਲ ਵਿਚ ਹੈਗੇ ਤਾਂ ਉਹ ਵੀ ਨਾਸਤਿਕ ਈ ਪਰ ਇਸ ਬਾਰੇ ਕਦੇ ਖੁੱਲ੍ਹ ਕੇ ਗੱਲ ਨਹੀਂ ਸੀ ਕੀਤੀ ਕਿ ਧਾਰਮਿਕ ਦੋਸਤ ਅਤੇ ਧਾਰਮਿਕ ਸਹਿਪਾਠੀ ਬੁਰਾ ਨਾ ਮੰਨ ਜਾਣ। ਇਹ ਨਾਸਤਿਕ ਇਸ਼ਤਿਹਾਰ ਦੇਖ ਕੇ ਮੈਨੂੰ ਬੜਾ ਹੌਂਸਲਾ ਮਿਲਿਆ ਅਤੇ ਮੇਰਾ ਨਾਸਤਿਕਤਾ ਵਿਚ ਯਕੀਨ ਹੋਰ ਵੀ ਪੱਕਾ ਹੋ ਗਿਆ ਅਤੇ ਮੈਨੂੰ ਉਮੀਦ ਹੈ ਮੇਰੇ ਵਾਂਗ ਇਹ ਹੋਰਾਂ ਲਈ ਵੀ ਮੱਦਦਗਾਰ ਸਾਬਤ ਹੋਣਗੇ। ਨਾਲੇ ਇਹ ਵਾਕਿਆ ਈ ਸਹੀ ਦਿਸ਼ਾ ਵੱਲ ਪੁੱਟਿਆ ਕਦਮ ਹੈ ਅਤੇ ਇਹ ਸਿਲਸਿਲਾ ਚਾਲੂ ਰਹੇਗਾ।"

ਸਾਲ 2008 ਸਤੰਬਰ ਦੇ ਮਹੀਨੇ ਚਰਚ ਆਫ਼ ਇੰਗਲੈਂਡ ਨੇ ਸ਼ਰੇਆਮ ਮੁਆਫ਼ੀ ਮੰਗੀ ਸੀ ਕਿ ਉਨ੍ਹਾਂ ਚਾਰਲਸ ਡਾਰਵਿਨ ਦੇ ਸਿਧਾਂਤ ਨੂੰ ਸਮਝਿਆ ਨਹੀਂ

ਸੀ। ਚਰਚ ਦੇ ਕਰਿੰਦਿਆਂ ਇਸ ਮੁਆਫੀਨਾਮੇ ਨੂੰ ਵਿਛੜ ਚੁੱਕੇ ਪੋਪ ਜੌਹਨ ਪਾਲ 11 ਦੇ ਮੁਆਫੀਨਾਮੇ ਦਾ ਮੁਕਾਬਲਾ ਕਰਦਿਆਂ ਟਿੱਪਣੀ ਕੀਤੀ ਸੀ ਕਿ ਗੈਲੀਲਿਓ ਤੇ 1633 ਵਿਚ ਚਲਾਇਆ ਮੁਕੱਦਮਾ ਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ, ਗਲਤ ਸੀ। ਗੈਲੀਲਿਓ ਨੂੰ ਸੱਚ ਬੋਲਣ ਤੇ ਕਈ ਵਰ੍ਹੇ ਅਖੀਰਲੀ ਉਮਰੇ ਕਾਲ ਕੋਠੜੀ ਵਿਚ ਬਿਤਾਉਣੇ ਪਏ ਸਨ।

ਹੁਣ ਬਰਤਾਨੀਆਂ ਦੇ ਮੋਹਰੀ ਚਰਚ ਨੇ ਵੈਬਸਾਈਟ ਤੇ ਲਿਖਿਆ ਹੈ: ਚਾਰਲਸ ਡਾਰਵਿਨ ਤੇਰੇ 200 ਸਾਲਾ ਜਨਮ (1809) ਤੇ ਚਰਚ ਔਫ ਇੰਗਲੈਂਡ ਮੁਆਫੀਨਾਮਾ ਮੰਗਦਾ ਹੈ ਕਿ ਅਸੀਂ ਤੈਨੂੰ ਗਲਤ ਸਮਝਿਆ ਸੀ ਅਤੇ ਹੋਰਾਂ ਨੂੰ ਗਲਤ ਸਮਝਣ ਲਈ ਉਕਸਾਇਆ ਸੀ ਅਤੇ ਅੱਜ ਤੱਕ ਇਹ ਕੰਮ ਜਾਰੀ ਰੱਖਿਆ ਸੀ ਪਰ ਤੇਰੇ ਮਾਣ ਸਨਮਾਨ ਦੀ ਜਦੋ ਜਹਿਦ ਅਜੇ ਖਤਮ ਨਹੀਂ ਹੋਈ। ਸਮੱਸਿਆ ਤੇਰੇ ਧਰਮ ਬਾਰੇ ਖੁੱਲ੍ਹੇ ਵਿਚਾਰਾਂ ਦੀ ਨਹੀਂ ਹੈ ਪਰ ਉਨ੍ਹਾਂ ਲੋਕਾਂ ਦੀ ਹੈ ਜੋ ਤੈਨੂੰ ਆਪਣੇ ਹਿੱਤਾਂ ਲਈ ਵਰਤਣਾ ਚਾਹੁੰਦੇ ਹਨ।

ਹਿੱਤਾਂ ਦੀ ਗੱਲ ਲਈ ਜਾਵੇ ਤਾਂ ਇਹਦੇ ਵਿਚ ਨਾਸਤਿਕਾਂ ਦੇ ਕੀ ਹਿੱਤ ਹੋ ਸਕਦੇ ਹਨ? ਰੱਬ ਨੂੰ ਜਾਂ ਚਰਚ ਨੂੰ ਨਾ ਮੰਨਣ ਨਾਲ ਨਾਸਤਿਕਾਂ ਦੇ ਕਿਹੜੇ ਵਿਉਪਾਰ ਜਾਂ ਹੋਰ ਕਿਸੇ ਮੁਨਾਫ਼ੇ ਦਾ ਵਾਧਾ ਹੁੰਦਾ ਹੈ? ਜਦੋਂ ਕਿ ਇਸ ਤਰ੍ਹਾਂ ਹੋਣ ਨਾਲ ਚਰਚਾਂ ਅਤੇ ਧਰਮਾਂ ਵਾਲਿਆਂ ਨੂੰ ਜ਼ਰੂਰ ਘਾਟਾ ਪੈਂਦਾ ਹੈ। ਉਨ੍ਹਾਂ ਦਾ ਰੋਟੀ ਪਾਣੀ ਬੰਦ ਹੋ ਜਾਂਦਾ ਹੈ ਅਤੇ ਚਰਚਾਂ ਨੂੰ ਜਿੰਦਰੇ ਲੱਗ ਜਾਂਦੇ ਹਨ।

ਚਾਰਲਸ ਡਾਰਵਿਨ ਦੇ ਨਕੜਪੋਤੇ ਐਂਡਰਿਉ ਡਾਰਵਿਨ ਨੇ ਮੁਆਫੀਨਾਮੇ ਬਾਰੇ ਆਪਣੇ ਢਿੱਡ 'ਚ ਹੱਸਦੇ ਕਿਹਾ, "ਹੁਣ ਮੁਆਫ਼ੀ ਮੰਗਣ ਦੀ ਭਲਾ ਕੀ ਤੁੱਕ ਹੋਈ? 200 ਸਾਲਾਂ ਬਾਅਦ ਮੁਆਫ਼ੀ ਮੰਗਣ ਨਾਲ ਇਨ੍ਹਾਂ ਨੂੰ ਸਕੂਨ ਜ਼ਰੂਰ ਮਿਲਿਆ ਹੋਵੇਗਾ, ਹੋਰ ਤਾਂ ਕੁੱਝ ਨਹੀਂ।"

ਨੈਸ਼ਨਲ ਸੈਕੂਲਰ ਐਸੋਸੀਏਸ਼ਨ ਦੇ ਪ੍ਰਧਾਨ ਟੈਰੀ ਸੈਂਡਰਸਨ ਦਾ ਕਹਿਣਾ ਹੈ ਕਿ : ਮੁਆਫ਼ੀਨਾਮਾ ਇਕ ਆਦਮੀ ਤੋਂ ਉਹਦੀ ਮੌਤ ਤੋਂ ਇਨ੍ਹੀ ਦੇਰ ਬਾਅਦ ਮੰਗਣਾ, ਇਕ ਮੂਰਖਾਨਾ ਗੱਲ ਹੈ। ਇਸ ਸੰਦੇਸ਼ ਵਿਚ ਕੋਈ ਇਮਾਨਦਾਰੀ ਨਹੀਂ ਹੈ। ਅਗਰ ਇਸ ਸੰਦੇਸ਼ ਵਿਚ ਇਹ ਗੱਲ ਹੈ ਕਿ ਹੁਣ ਤੋਂ ਉਹ ਸਿਰਫ਼ ਚਾਰਲਸ ਡਾਰਵਿਨ ਦੇ ਸਿਧਾਂਤ ਦੀ ਈ ਵਕਾਲਤ ਕਰਨਗੇ ਤਾਂ ਅਸੀਂ ਡਾਰਵਿਨ ਵੱਲੋਂ ਉਨ੍ਹਾਂ ਦਾ ਮੁਆਫੀਨਾਮਾ ਮੰਨਣ ਲਈ ਤਿਆਰ ਹਾਂ।"

ਮੁਆਫੀਨਾਮਾ ਦੀ ਗੱਲ ਚੱਲੀ ਹੈ ਤਾਂ ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਜੌਹਨ ਪਾਲ 11 ਨੇ 12 ਮਾਰਚ 2000 ਨੂੰ ਗੈਲੀਲਿਓ ਤੋਂ ਤਾਂ ਮੁਆਫੀ ਮੰਗੀ ਈ ਸੀ ਸਗੋਂ ਇਹ ਵੀ ਕਿਹਾ ਕਿ ਜੋ ਧਰਮ ਦੇ ਨਾਂ ਤੇ ਅਤਿਆਚਾਰ-ਔਰਤਾਂ, ਯਹੂਦੀਆਂ ਖਾਨਾਬਦੋਸ਼ਾਂ ਅਤੇ ਟਾਪੂਆਂ ਆਦਿ ਤੇ ਰਹਿ ਰਹੇ ਅਸਲੀ ਵਸ਼ਿੰਦਿਆਂ ਨਾਲ ਕੀਤੇ ਗਏ ਸਨ, ਉਨ੍ਹਾਂ ਲਈ ਵੀ ਮੁਆਫ਼ ਕਰ ਦਿੱਤਾ ਜਾਵੇ। ਇਹ ਅਤਿਆਚਾਰਾਂ ਦਾ ਸਮਾਂ 2000 ਸਾਲ ਤੱਕ ਦਾ ਸੀ।

ਬਰਤਾਨੀਆਂ ਦੇ ਰਹਿ ਚੁੱਕੇ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੇ 1997 ਵਿਚ ਬਰਤਾਨਵੀ ਸਰਕਾਰ ਵੱਲੋਂ ਆਇਰਸ਼ ਲੋਕਾਂ ਤੋਂ ਮੁਆਫੀਨਾਮਾ ਮੰਗਿਆ ਸੀ ਕਿ 150 ਸਾਲ ਪਹਿਲਾਂ ਉਨ੍ਹਾਂ ਆਲੂ ਦੇ ਕਾਲ ਵੇਲੇ ਲੱਖਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰ

ਦਿੱਤਾ ਸੀ। ਚਰਚ ਔਫ ਇੰਗਲੈਂਡ ਦੇ ਸਾਈਮਨ ਬੇਸੰਤ (Simon Bessant) ਨੇ 2006 ਵਿਚ ਅਫਰੀਕਨਾਂ ਤੋਂ ਮੁਆਫੀਨਾਮਾ ਮੰਗਿਆ ਸੀ ਕਿ ਅਫਰੀਕਣ ਗੁਲਾਮਾਂ ਦੀ ਢੋਅ ਢੁਆਈ ਅਤੇ ਫੜੋ ਫੜਾਈ 'ਚ ਉਨ੍ਹਾਂ ਅਹਿਮ ਰੋਲ ਨਿਭਾਇਆ ਸੀ ਸੋ 1806 ਦੇ ਸਲੇਵ ਟਰੇਡ ਐਕਟ ਦੇ ਬਨਣ ਤੋਂ 200 ਸਾਲ ਬਾਅਦ ਸ਼ਰੇਆਮ ਮੁਆਫੀ ਮੰਗ ਲਈ ਗਈ।

ਈਸਾਈਆਂ ਤੋਂ ਬਿਨਾਂ ਬਾਕੀ ਧਰਮਾਂ ਨੇ ਵੀ ਔਰਤਾਂ, ਅਪਾਹਜ਼ਾਂ, ਨਾਸਤਿਕਾਂ ਅਤੇ ਵੱਖਰੀ ਕਾਮ ਬਿਰਤੀ ਵਾਲਿਆਂ ਤੇ ਬੜੇ ਜ਼ੁਲਮ ਢਾਹੇ ਸਨ ਅਤੇ ਅਜੇ ਵੀ ਢਾਹ ਰਹੇ ਹਨ, ਕੀ ਕਦੇ ਉਨ੍ਹਾਂ ਆਪਣਾ ਦਿਲ ਵਾਲਾ ਸ਼ੀਸ਼ਾ ਸਾਫ ਕਰਨ ਬਾਰੇ ਸੋਚੀ ਹੈ? ਜੋ ਧਾਰਮਿਕ ਪ੍ਰਦੂਸ਼ਣ ਸਾਡੇ ਮੁਲਕ ਵਿਚ ਹੈ, ਮੈਨੂੰ ਉਮੀਦ ਨਹੀਂ ਕਿ ਮੁਆਫੀਨਾਮੇ ਵਾਲੀ ਗੱਲ ਕਦੇ ਉਨ੍ਹਾਂ ਦੇ ਜ਼ਹਿਨ 'ਚ ਵੀ ਆਈ ਹੋਵੇ। ਅੱਜ ਦੇ ਪ੍ਰਸਿੱਧ ਬਰਤਾਨਵੀ ਨਾਸਤਿਕ ਪ੍ਰੋਫੈਸਰ ਰਿਚਰਡ ਡਾਕਿੰਨਜ਼ ਦਾ ਕਹਿਣਾ ਹੈ ਕਿ, "ਬੱਚੇ ਨੂੰ ਧਾਰਮਿਕ ਸਿੱਖਿਆ ਦੇਣੀ ਉਹਦਾ ਸੋਸ਼ਣ ਕਰਨ ਵਾਲੀ ਗੱਲ ਹੈ।" ਕੀ ਕਦੇ ਅਸੀਂ ਆਪਣੇ ਮੁਲਕ ਵਿਚ ਇਹ ਕਸਵੱਟੀ ਅਤੇ ਵਿਚਾਰਾਂ ਦੀ ਖੁੱਲ੍ਹ ਵਰਤਾਂਗੇ? ਮੈਨੂੰ ਖੁਸ਼ੀ ਹੋਵੇਗੀ ਅਗਰ ਇਹ ਸੁਪਨਾ ਮੇਰੇ ਜਿਉਂਦੇ ਜੀਅ ਸਾਕਾਰ ਹੋ ਸਕੇ।

# ਸੁਨਾਮੀ ਲਹਿਰਾਂ ਦਾ ਦੁਖਾਂਤ

26 ਦਸੰਬਰ 2004 ਸੁਨਾਮੀ ਲਹਿਰਾਂ ਦੇ ਦੁਖਾਂਤ ਦਾ ਦਿਨ ਸੀ। ਲੱਖਾਂ ਦੀ ਤਾਦਾਦ ਵਿਚ ਲੋਕ ਮਾਰੇ ਗਏ। ਘਰ ਉੱਜੜ ਗਏ। ਜੀਵ ਜੰਤੂ ਜਾਨਵਰ ਅਤੇ ਬਨਸਪਤੀ ਦਾ ਖਾਤਮਾ ਹੋ ਗਿਆ। ਜਿਹੜੇ ਕੁੱਝ ਲੋਕ ਇਸ ਦੁਖਾਂਤ ਵਿਚੋਂ ਬਚ ਨਿਕਲੇ ਉਹ ਆਪਣੇ ਪਰਿਵਾਰ ਗੁਆ ਬੈਠੇ। ਕਈ ਬੱਚੇ ਆਪਣੇ ਭੈਣ ਭਰਾ ਅਤੇ ਮਾਂ ਬਾਪ ਖੋ ਬੈਠੇ। ਇਹ ਤਬਾਹੀ ਸਿਰਫ਼ ਇਕ ਦਿਨ ਜਾਂ ਰਾਤ ਦੀ ਹੀ ਨਹੀਂ ਸੀ ਸਗੋਂ ਜ਼ਿੰਦਗੀ ਭਰ ਦੀ ਹੋ ਨਿਬੜੀ। ਜਿਨ੍ਹਾਂ ਤੇ ਇਹ ਭਾਣਾ ਵਰਤਿਆ ਹੈ, ਉਹ ਇਸ ਨੂੰ ਸਾਰੀ ਉਮਰ ਕਿਵੇਂ ਭੁੱਲ ਸਕਦੇ ਹਨ? ਕੀ ਕੋਈ ਆਪਣੇ ਪਿਆਰਿਆਂ ਅਤੇ ਦਿਲ ਦਿਆਂ ਟੁਕੜਿਆਂ ਨੂੰ ਵੀ ਕਦੇ ਭੁੱਲਿਆ ਹੈ?

ਇਸ ਕੁਦਰਤੀ ਆਫਤ ਨੇ ਦੁਨੀਆਂ ਭਰ ਦੇ ਲੋਕਾਂ ਨੂੰ ਹਿਲਾ ਕੇ ਰੱਖ ਦਿੱਤਾ। ਸਰਕਾਰੀ, ਗੈਰ ਸਰਕਾਰੀ, ਧਾਰਮਿਕ, ਗੈਰ-ਧਾਰਮਿਕ ਅਤੇ ਇਨਸਾਨੀਅਤ ਨਾਲ ਮੋਹ ਰੱਖਣ ਵਾਲੀਆਂ ਸੰਸਥਾਵਾਂ ਨੇ ਵਿਸ਼ਾਲ ਹਿਰਦੇ ਵਾਲੇ ਲੋਕਾਂ ਤੋਂ ਪੈਸੇ ਅਤੇ ਜ਼ਰੂਰੀ ਵਸਤਾਂ ਇਕੱਠੀਆਂ ਕਰਕੇ ਇਨ੍ਹਾਂ ਦੁੱਖ ਮਾਰਿਆਂ ਨੂੰ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਤਾਂ ਕਿ ਉਨ੍ਹਾਂ ਦਾ ਦੁੱਖ ਕੁੱਝ ਘਟ ਸਕੇ।

ਖਬਰਾਂ ਤਾਂ ਇਹ ਵੀ ਆਉਂਦੀਆਂ ਰਹੀਆਂ ਹਨ ਕਿ ਇਕੱਠਾ ਕੀਤਾ ਪੈਸਾ ਅਤੇ ਵਸਤਾਂ ਜ਼ਰੂਰਤਮੰਦਾਂ ਤੱਕ ਨਹੀਂ ਪੁੱਜੀਆਂ। ਸਰਕਾਰੀ ਅਤੇ ਗੈਰ ਸਰਕਾਰੀ ਲੋਕਾਂ ਇਥੇ ਵੀ ਘਾਲਾ ਮਾਲਾ ਕੀਤਾ ਅਤੇ ਆਪਣੇ ਲੋਭ ਵਿਚ ਹੋਰ ਵਾਧਾ ਕੀਤਾ। ਜਿਨ੍ਹਾਂ ਲੋਕਾਂ ਮੱਦਦ ਵਿਚ ਫਰਾਖਦਿਲੀ ਦਿਖਾਲੀ ਉਨ੍ਹਾਂ ਨੂੰ ਇਨ੍ਹਾਂ ਖਬਰਾਂ ਨੇ ਉਨਾ ਹੀ ਜ਼ਿਆਦਾ ਦੁਖੀ ਕੀਤਾ। ਇਹ ਇਨਸਾਨੀਅਤ ਅਤੇ ਕਮੀਨਗੀ ਦੇ ਦੋ ਵਿਰੋਧੀ ਪ੍ਰਤੀਕਰਮ ਹਨ। ਕਾਣੀ ਵੰਡ ਜਾਤਾਂ ਪਾਤਾਂ ਨੂੰ ਅਧਾਰ ਬਣਾ ਕੇ ਵੀ ਹੋਈ। ਇਸ ਕੁਦਰਤੀ ਕਰੋਪੀ ਨੇ ਕਈ ਤਰ੍ਹਾਂ ਦੀਆਂ ਬਹਿਸਾਂ ਵੀ ਛੇੜ ਦਿੱਤੀਆਂ ਹਨ ਕਿ ਇਹ ਭਾਣਾ ਵਰਤਿਆ ਈ ਕਿਉਂ? ਕੁੱਝ ਧਾਰਮਿਕ ਬਿਰਤੀ ਵਾਲੇ ਲੋਕਾਂ ਨਾਲ ਗੱਲਬਾਤ ਕਰਨ ਤੇ ਪਤਾ ਲੱਗਾ ਕਿ, "ਇਨ੍ਹਾਂ ਇਲਾਕਿਆਂ ਵਿਚ ਪੱਛਮੀ ਮੁਲਕਾਂ ਦੇ ਅਮੀਰ ਲੋਕ ਛੁੱਟੀਆਂ ਬਤਾਉਣ ਜਾਇਆ ਕਰਦੇ ਸਨ ਅਤੇ ਉਥੇ ਬੱਚਿਆਂ ਦੇ ਸਰੀਰਕ ਸੋਸ਼ਣ ਤੋਂ ਬਿਨਾਂ ਡਰੱਗਜ਼ ਦਾ ਸੇਵਨ ਵੀ ਖੁੱਲ੍ਹੇਆਮ ਕਰਿਆ ਕਰਦੇ ਸਨ। ਇਸ ਪਾਪ ਦੀ ਸਜ਼ਾ ਰੱਬ ਨੇ ਉਨ੍ਹਾਂ ਨੂੰ ਦੇ ਦਿੱਤੀ ਹੈ।" ਜਦ ਮੈਂ ਉਨ੍ਹਾਂ ਨੂੰ ਇਹ ਸੁਆਲ ਪੁੱਛਦਾਂ ਕਿ ਹਜ਼ਾਰਾਂ ਜੀਵ ਜੰਤੂਆਂ, ਪਸ਼ੂਆਂ, ਜਾਨਵਰਾਂ ਅਤੇ ਸਾਧਾਰਨ ਲੋਕਾਂ ਨੂੰ ਕਿਸ ਗੁਨਾਹ ਦੀ ਸਜ਼ਾ ਦਿੱਤੀ ਗਈ ਹੈ ਤਾਂ ਉਨ੍ਹਾਂ ਕੋਲ ਕੋਈ ਜੁਆਬ ਨਹੀਂ ਹੁੰਦਾ। ਕਈ ਧਾਰਮਿਕ ਇਹ ਜੁਆਬ ਦਿੰਦੇ ਹਨ ਕਿ "ਇਹ ਇਨ੍ਹਾਂ ਲੋਕਾਂ ਦੇ ਪਿਛਲੇ ਜਨਮਾਂ ਦਾ ਫਲ ਹੈ ਅਤੇ ਇਸੇ ਕਰਕੇ ਰੱਬ ਨੇ ਇਨ੍ਹਾਂ ਨੂੰ ਸਜ਼ਾ ਦਿੱਤੀ ਹੈ।" ਇਹ ਜੁਆਬ ਵੀ ਮੈਨੂੰ ਹਜ਼ਮ ਨਹੀਂ ਹੋ ਰਿਹਾ। ਅਗਰ ਗੱਲ ਪਿਛਲੇ ਜਨਮਾਂ ਦੇ ਫਲ ਦੀ ਹੀ ਹੈ ਤਾਂ ਫਿਰ ਚੀਖ ਚਿਹਾੜਾ ਪਾਉਣ ਦੀ ਕੀ ਤੁਕ ਹੋਈ? ਇਨ੍ਹਾਂ ਬਿਪਤਾ ਦੇ ਮਾਰਿਆਂ ਲਈ ਪੈਸੇ ਅਤੇ ਹੋਰ ਜ਼ਰੂਰੀ ਲੋੜੀਂਦੀਆਂ ਵਸਤਾਂ ਕਿਉਂ ਇਕੱਠੀਆਂ ਕੀਤੀਆਂ ਜਾਣ ਅਤੇ ਉਨ੍ਹਾਂ ਨੂੰ ਦਿੱਤੀਆਂ ਜਾਣ? ਉਨ੍ਹਾਂ ਮਾੜੇ ਕਰਮ ਕੀਤੇ ਸਨ, ਉਨ੍ਹਾਂ ਨੂੰ ਸਜ਼ਾ ਮਿਲ ਗਈ।

ਬੀ. ਬੀ. ਸੀ. ਮਿਡਲੈਂਡ ਰੇਡੀਓ ਵਾਲਿਆਂ ਵੀ ਇਕ ਦਿਨ ਇਸ ਵਿਸ਼ੇ ਤੇ

ਬਹਿਸ ਦਾ ਪ੍ਰੋਗਰਾਮ ਚਲਾਇਆ। ਉਨ੍ਹਾਂ ਮੈਨੂੰ ਵੀ ਸੰਪਰਕ ਕੀਤਾ। ਇਸ ਪ੍ਰੋਗਰਾਮ ਵਿਚ ਆਮ ਲੋਕ ਫੋਨ ਰਾਹੀਂ ਆਪਣੇ ਵਿਚਾਰ ਪੇਸ਼ ਕਰ ਰਹੇ ਸਨ ਅਤੇ ਇਹ ਸਾਰੇ ਲੋਕ ਰੱਬ ਨੂੰ ਮੰਨਣ ਵਾਲੇ ਸਨ। ਕੋਈ ਕਹਿ ਰਿਹਾ ਸੀ ਕਿ, "ਰੱਬ ਬੜਾ ਦਿਆਲੂ ਹੈ।" ਕੋਈ ਕਹਿ ਰਿਹਾ ਸੀ ਕਿ "ਪ੍ਰਮਾਤਮਾ ਲੋਕਾਂ ਦੀ ਪਰਖ ਲੈਂਦਾ ਹੈ।" ਕੋਈ ਕਹਿ ਰਿਹਾ ਸੀ ਕਿ, "ਬਸ ਇਹ ਸ਼ੁਕਰ ਕਰਨਾ ਚਾਹੀਦਾ ਕਿ ਇਹ ਕੰਮ ਕਿਤੇ ਸਾਰੀ ਦੁਨੀਆਂ ਤੇ ਨਹੀਂ ਹੋ ਗਿਆ। ਰੱਬ ਤਾਂ ਸਾਡਾ ਮਾਂ ਬਾਪ ਹੈ।'

ਇਹ ਸਾਰੀਆਂ ਗੱਲਾਂ ਮੇਰੇ ਤਰਕ ਤੋਂ ਦੂਰ ਸਨ। ਮੈਂ ਬੀ. ਬੀ. ਸੀ. ਰੇਡੀਉ ਵਾਲਿਆਂ ਨੂੰ ਦੱਸਿਆ ਕਿ ਜਿਹੜੀਆਂ ਦਲੀਲਾਂ ਇਹ ਧਾਰਮਿਕ ਲੋਕ ਦੇ ਰਹੇ ਹਨ ਇਨ੍ਹਾਂ ਵਿਚ ਕੋਈ ਵਜ਼ਨ ਨਹੀਂ ਹੈ। ਅਗਰ ਰੱਬ ਸਾਡਾ ਮਾਈ ਬਾਪ ਹੈ ਤਾਂ ਇਹ ਕੇਹੋ ਜਿਹਾ ਨਿਰਦਈ ਮਾਪਾ ਹੈ ਜਿਹਨੇ ਇਨ੍ਹੀ ਖਲਕਤ ਮਾਰ ਕੇ ਰੱਖ ਦਿੱਤੀ। ਕੋਈ ਵੀ ਮਾਪਾ ਆਪਣੇ ਬੱਚਿਆਂ ਨੂੰ ਜਾਨੋ ਨਹੀਂ ਮਾਰਦਾ। ਕੀ ਇਸ ਰੱਬ 'ਚ ਕੋਈ ਦਰਦ ਨਹੀਂ ਹੈ? ਜੇਕਰ ਇਹ ਸਰਬ ਸ਼ਕਤੀਮਾਨ ਅਤੇ ਜਾਣੀ ਜਾਣ ਹੈ ਤਾਂ ਇਹਨੂੰ ਆਪਣੇ ਬੱਚਿਆਂ ਦਾ ਬਚਾਅ ਕਰਨਾ ਚਾਹੀਦਾ ਸੀ। ਜਿਥੋਂ ਤੱਕ ਪਿਛਲੇ ਜਨਮ ਦੇ ਕਰਮਾਂ ਦੇ ਫਲ ਵਾਲੀ ਗੱਲ ਹੈ, ਇਹ ਗੱਲ ਵੀ ਦਲੀਲ ਤੋਂ ਸੱਖਣੀ ਹੈ। ਕੀ ਇਨ੍ਹਾਂ ਸਾਰਿਆਂ ਲੋਕਾਂ ਨੇ ਹੀ ਪਿਛਲੇ ਜਨਮ ਵਿਚ ਭੈੜੇ ਕਰਮ ਕੀਤੇ ਸਨ? ਫਿਰ ਹਿੰਦੁਸਤਾਨ ਦੇ ਲੋਕਾਂ ਨੇ ਹਜ਼ਾਰ ਸਾਲ ਤੋਂ ਉਪਰ ਮੁਸਲਮਾਨਾਂ ਦੀ ਅਤੇ ਗੋਰਿਆਂ ਦੀ ਤਕਰੀਬਨ 250 ਸਾਲ ਗੁਲਾਮੀ ਕੀਤੀ ਕੀ ਉਨ੍ਹਾਂ ਹਿੰਦੁਸਤਾਨੀਆਂ ਨੇ ਪਿਛਲੇ ਜਨਮ ਵਿਚ ਮਾੜੇ ਕਰਮ ਕੀਤੇ ਸਨ? ਇਸੇ ਤਰ੍ਹਾਂ ਹੀ ਅਫਰੀਕਨ, ਕੈਰੇਬੀਅਨ ਲੋਕਾਂ ਨੇ ਗੋਰਿਆਂ ਦੀ ਗੁਲਾਮੀ ਕੀਤੀ ਕੀ ਉਨ੍ਹਾਂ ਵੀ ਪਿਛਲੇ ਜਨਮ ਵਿਚ ਮਾੜੇ ਕਰਮ ਕੀਤੇ ਸਨ? ਅੱਜ ਦੇ ਜ਼ਮਾਨੇ ਵਿਚ ਪੱਛਮੀ ਮੁਲਕ ਭਾਰਤ, ਪਾਕਿਸਤਾਨ, ਬੰਗਲਾ ਦੇਸ਼ ਅਤੇ ਅਫਰੀਕਣ ਮੁਲਕਾਂ ਨਾਲੋਂ ਹਰ ਪਾਸਿਉਂ ਤਰੱਕੀ ਤੇ ਹਨ। ਕੀ ਇਨ੍ਹਾਂ ਨੇ ਪਿਛਲੇ ਜਨਮ ਵਿਚ ਚੰਗੇ ਕਰਮ ਕੀਤੇ ਸਨ ਅਤੇ ਬਾਕੀਆਂ ਨੇ ਮਾੜੇ? ਕੀ ਇਰਾਕ ਅਤੇ ਅਫ਼ਗਾਨਿਸਤਾਨ ਦੇ ਲੋਕਾਂ ਨੇ ਮਾੜੇ ਕਰਮ ਕੀਤੇ ਸਨ ਅਤੇ ਅਮਰੀਕਾ ਬਰਤਾਨੀਆਂ ਨੇ ਚੰਗੇ?

ਇਹ ਕਿਸਮਤਾਂ, ਪਿਛਲੇ ਜਨਮ ਦੇ ਕਰਮਾਂ ਦਾ ਫਲ ਆਦਿ ਸਿਧਾਂਤ, ਦਲੀਲ ਤੋਂ ਖਾਲੀ ਹਨ ਅਤੇ ਸਾਧਾਰਨ ਲੋਕਾਂ ਨੂੰ ਬਿੱਜੂ ਬਣਾਉਣ ਦਾ ਹਥਿਆਰ ਹੈ। ਕਿਸਮਤਾਂ ਅਤੇ ਕਰਮਾਂ ਦੇ ਫਲ ਇਨਸਾਨ ਆਪ ਬਣਾਉਂਦਾ ਹੈ। ਇਹ ਸਿਧਾਂਤ ਵਿਹਲੜ ਅਤੇ ਦੰਭੀ ਲੋਕਾਂ ਦੀਆਂ ਚਾਲਾਂ ਹਨ ਤਾਂ ਕਿ ਉਹ ਲੁੱਟ ਦਾ ਮਾਲ ਹਜ਼ਮ ਕਰਦੇ ਰਹਿਣ। ਰੱਬ ਨਾਂ ਦਾ ਸਿਧਾਂਤ ਵੀ ਇਨਸਾਨ ਦੀ ਆਪਣੀ ਕਾਢ ਹੈ। ਰੱਬ ਨਾਲੋਂ ਵੱਡਾ ਵਹਿਮ ਭਰਮ ਹੋਰ ਕੋਈ ਨਹੀਂ ਹੈ। ਦੁਨੀਆਂ ਵਿਚ ਜਿਥੇ-ਜਿਥੇ ਵੀ ਧਰਮ ਦੇ ਨਾਂ ਤੇ ਸਰਕਾਰਾਂ ਬਣੀਆਂ ਹਨ ਉਨ੍ਹਾਂ ਨੇ ਲੋਕਾਂ ਦਾ ਕੁੱਝ ਨਹੀਂ ਸੁਆਰਿਆ। ਲੋਕਾਂ ਨੂੰ ਵੰਡਣ, ਪਾੜਣ ਅਤੇ ਲੜਾਈਆਂ ਕਰਾਉਣ ਵਿਚ ਧਰਮ ਨੇ ਸਦਾ ਕੜੀ ਵਾਲਾ ਕੰਮ ਕੀਤਾ ਹੈ। ਧਰਮਾਂ ਦੇ ਅਸੂਲ ਸਾਡੀ ਮਾਨਸਿਕ ਅਤੇ ਸਰੀਰਕ ਪ੍ਰਫੁੱਲਤਾ ਤੇ ਰੋਕ ਲਾਉਂਦੇ ਹਨ। ਧਰਮ ਅਤੇ ਰੱਬ ਦੇ ਨਾਂ ਤੇ ਘਪਲੇ, ਸਰੀਰਕ ਸੋਸ਼ਣ ਅਤੇ ਕਈ ਤਰ੍ਹਾਂ ਦੀਆਂ ਚਾਲਬਾਜ਼ੀਆਂ ਕੀਤੀਆਂ ਜਾਂਦੀਆਂ ਹਨ। ਧਰਮ, ਤਰਕ ਨਾਲ ਸੋਚਣ ਨਹੀਂ ਦਿੰਦਾ ਅਤੇ ਸਮੱਸਿਆਵਾਂ ਦੇ ਹੱਲ ਨਹੀਂ ਕੱਢਦਾ। ਧਰਮ ਦੇ ਸਾਰੇ ਸਿਧਾਂਤ ਖੋਖਲੇ ਅਤੇ ਝੂਠੀਆਂ ਤਸੱਲੀਆਂ ਹਨ।

ਕੁੱਝ ਧਾਰਮਿਕ ਸਿਧਾਂਤ ਇਹ ਵੀ ਕਹਿੰਦੇ ਹਨ ਕਿ "ਕਰਨ ਕਰਾਵਨ ਹਾਰ

ਸੁਆਮੀ – ਰੱਬ ਦੀ ਮਰਜ਼ੀ ਤੋਂ ਬਿਨਾਂ ਤਾਂ ਪੱਤਾ ਵੀ ਨਹੀਂ ਹਿਲਦਾ।" ਅਗਰ ਇਹ ਹੀ ਗੱਲ ਹੈ ਤਾਂ ਫਿਰ ਅਸੀਂ ਪੈਸੇ ਕਿਉਂ ਇਕੱਠੇ ਕਰ ਰਹੇ ਹਾਂ, ਲੋੜੀਂਦੀਆਂ ਚੀਜ਼ਾਂ ਕਿਉਂ ਉਨ੍ਹਾਂ ਬਿਪਤਾ ਦੇ ਮਾਰਿਆਂ ਨੂੰ ਦੇ ਰਹੇ ਹਾਂ? ਕੀ ਇਹ ਗੱਲਾਂ ਰੱਬ ਦੇ ਸਿਧਾਂਤ ਦੇ ਖਿਲਾਫ ਨਹੀਂ? ਧਾਰਮਿਕ ਲੋਕਾਂ ਦੀਆਂ ਇਹ ਦਲੀਲਾਂ ਆਪਾ ਵਿਰੋਧੀ ਹਨ। ਇਹ ਕੋਈ ਸਪੱਸ਼ਟ ਸੇਧ ਨਹੀਂ ਦੇ ਰਹੇ ਅਤੇ ਇਨ੍ਹਾਂ ਦੇ ਵਿਚਾਰ ਉਲਝੇ ਪਏ ਹਨ।

ਫਿਰ ਇਹ ਵੀ ਗੱਲ ਸੁਨਣ ਵਿਚ ਆਉਂਦੀ ਹੈ ਕਿ ਅਰਦਾਸ, ਅਤੇ ਰੱਬ ਨੂੰ ਦੁਆ ਕਰਨ ਤੇ ਸਮੱਸਿਆਵਾਂ ਹੱਲ ਹੋ ਜਾਂਦੀਆਂ ਹਨ। ਭਾਰਤੀ ਲੋਕਾਂ ਥਾਂ-ਥਾਂ ਧਾਰਮਿਕ ਅਸਥਾਨ ਬਣਾਏ ਹੋਏ ਹਨ ਅਤੇ ਉਹ ਦਿਨ ਰਾਤ ਅਰਦਾਸਾਂ, ਦੁਆਵਾਂ ਕਰਦੇ ਹਨ – ਮੁਸਲਮਾਨ ਦਿਨ 'ਚ ਪੰਜ-ਪੰਜ ਵਾਰੀ, ਤਾਂ ਫਿਰ ਇਨ੍ਹਾਂ ਮੁਲਕਾਂ ਵਿਚ ਗਰੀਬੀ, ਭੁੱਖਮਰੀ, ਹੇਰਾਫੇਰੀ ਅਤੇ ਇਨੀ ਜ਼ਿਆਦਾ ਧੋਖੇਬਾਜ਼ੀ ਕਿਉਂ ਹੈ? ਇਨ੍ਹਾਂ ਦੀਆਂ ਅਰਦਾਸਾਂ ਦਾ ਅਸਰ ਕਿਉਂ ਨਹੀਂ ਹੋ ਰਿਹਾ? ਕੀ ਇਰਾਕੀ, ਅਫਗਾਨੀ, ਸ੍ਰੀ ਲੰਕਨ, ਇੰਡੋਨੇਸ਼ੀਅਨ ਅਤੇ ਥਾਈਲੈਂਡ ਆਦਿ ਦੇ ਲੋਕ ਅਰਦਾਸਾਂ ਨਹੀਂ ਸਨ ਕਰਦੇ? ਉਨ੍ਹਾਂ ਨੂੰ ਇਹ ਖੱਜਲ ਖੁਆਰੀ ਕਿਉਂ ਸਹਾਰਨੀ ਪਈ? ਜਾਂ ਗਰੀਬ ਅਤੇ ਨੰਗ ਭੁੱਖ ਨਾਲ ਘੁਲ ਰਹੇ ਮੁਲਕਾਂ ਦਾ ਰੱਬ ਬੋਲ਼ਾ ਹੈ ਜਿਹੜਾ ਉਨ੍ਹਾਂ ਲੋਕਾਂ ਦੀਆਂ ਅਰਦਾਸਾਂ ਨਹੀਂ ਸੁਣ ਸਕਦਾ। ਇਸ ਦਲੀਲ ਵਿਚ ਕੋਈ ਕਣ ਜਾਂ ਜਾਨ ਨਹੀਂ ਹੈ ਕਿ ਅਰਦਾਸ ਨਾਲ ਕੰਮ ਸੁਆਰਿਆ ਜਾ ਸਕਦਾ ਜਾਂ ਦੁੱਖ ਦਰਦ ਨੇੜੇ ਨਹੀਂ ਆ ਸਕਦਾ। ਦੂਜੇ ਪਾਸੇ ਇਹ ਵੀ ਗੱਲ ਹੈ ਕਿ ਜੇਹੜੇ ਮੇਰੇ ਵਰਗੇ ਨਾਸਤਿਕ ਲੋਕ ਅਰਦਾਸ, ਨਹੀਂ ਕਰਦੇ, ਉਹ ਸਦਾ ਦੁਖੀ ਹੀ ਰਹਿਣੇ ਚਾਹੀਦੇ ਹਨ, ਪਰ ਸਚਾਈ ਇਸ ਦੇ ਉਲਟ ਹੈ।

ਅਪੰਗਤਾ ਨੂੰ ਵੀ ਕੁੱਝ ਧਰਮ ਪਿਛਲੇ ਜਨਮ ਦੇ ਕਰਮਾਂ ਦੇ ਫਲ ਨਾਲ ਜੋੜਦੇ ਹਨ। ਅਗਰ ਇਹ ਹੀ ਗੱਲ ਹੈ ਤਾਂ "ਰੱਬ" ਦੇ ਕੰਮ ਵਿਚ ਦਖਲ ਦੇਣ ਵਾਲੇ ਅਸੀਂ ਕੌਣ ਹੁੰਦੇ ਹਾਂ। ਸਾਰੇ ਹੀ ਧਰਮ ਔਰਤਾਂ ਨੂੰ ਬਰਾਬਰੀ ਦਾ ਦਰਜਾ ਦੇਣ ਤੋਂ ਮੁਨਕਰ ਹਨ ਅਤੇ ਉਨ੍ਹਾਂ ਨਾਲ ਵਿਤਕਰਾ ਹੁੰਦਾ ਹੈ। ਇਹ ਗੱਲ ਵੱਖ ਵੱਖ ਨਸਲਾਂ ਤੇ ਵੀ ਢੁੱਕਦੀ ਹੈ ਅਤੇ ਉਹ ਵਿਤਕਰੇ ਦੀਆਂ ਸ਼ਿਕਾਰ ਹਨ। ਦਲਿਤ ਅਤੇ ਹੋਰ ਅਖੌਤੀ ਘਟੀਆ ਜਾਤਾਂ ਵੀ ਇਹ ਸੰਤਾਪ ਭੋਗਦੀਆਂ ਹਨ। ਗਰੀਬੀ ਅਮੀਰੀ ਦਾ ਦੁੱਖ ਸੁੱਖ ਵੀ ਪਿਛਲੇ ਜਨਮਾਂ ਦੇ ਕਰਮਾਂ ਦਾ ਫਲ ਹੋਇਆ। ਨਾਲੇ "ਗੀਤਾ" ਦਾ ਸਾਰ ਇਹ ਵੀ ਕਹਿੰਦਾ ਹੈ ਕਿ, "ਜੋ ਹੋ ਰਿਹਾ, ਉਹ ਠੀਕ ਹੈ। ਜੋ ਪਿੱਛੇ ਹੋਇਆ ਅਤੇ ਜੋ ਅੱਗੇ ਹੋਣਾ ਹੈ, ਉਹ ਵੀ ਠੀਕ ਹੈ" ਤਾਂ ਫਿਰ ਕੋਈ ਕੰਮ ਕਰਨ ਜਾਂ ਜੱਦੋ-ਜਹਿਦ ਕਰਨ ਦੀ ਕੋਈ ਤੁਕ ਹੋਈ? ਰੇਸ ਰੀਲੇਸ਼ਨਜ਼ ਐਕਟ 1976 ਅਤੇ ਇਸੇ ਦੀ ਅਮਿੰਡਮੈਂਟ 2000, ਸੈਕਸ ਡਿਸਕ੍ਰਿਮੀਨੇਸ਼ਨ ਐਕਟ 1975, ਡਿਸਐਬਿਲਟੀ ਡਿਸਕ੍ਰਿਮੀਨੇਸ਼ਨ ਐਕਟ 1995 ਅਤੇ ਹਿਊਮਨ ਰਾਈਟਸ ਐਕਟ 1998 ਦੀ ਭਲਾ ਕੀ ਤੁੱਕ ਹੋਈ? ਅਗਰ ਔਰਤਾਂ ਅਤੇ ਬੱਚਿਆਂ ਉਪਰ ਤਸ਼ੱਦਦ ਹੁੰਦਾ ਹੈ ਤਾਂ ਫਿਰ ਇਹਨੂੰ ਕਿਉਂ ਰੋਕਿਆ ਜਾਵੇ? ਉਨ੍ਹਾਂ ਪਿਛਲੇ ਜਨਮ ਵਿਚ ਭੈੜੇ ਕਰਮ ਕੀਤੇ ਸਨ ਸੋ ਉਹਦੀ ਸਜ਼ਾ ਭੁਗਤ ਰਹੇ ਹਨ।

ਕੀ ਇਹ ਸੰਭਵ ਨਹੀਂ ਕਿ ਪੱਛਮੀ ਮੁਲਕ ਆਏ ਦਿਨ ਸਮੁੰਦਰ ਦੇ ਹੇਠ ਅਤੇ ਜ਼ਮੀਨ ਉਪਰ ਮਾਰੂ ਬੰਬਾਂ ਦੇ ਤਜ਼ਰਬੇ ਕਰਦੇ ਰਹਿੰਦੇ ਹਨ ਅਤੇ ਇਨ੍ਹਾਂ ਤਜ਼ਰਬਿਆਂ ਸਮੁੰਦਰ ਵਿਚ ਤੂਫ਼ਾਨ ਲਿਆਉਣ ਵਿਚ ਮੱਦਦ ਕੀਤੀ ਹੋਵੇ? ਮੇਰੀ ਬਸ ਇਨ੍ਹੀ ਗੱਲ ਕਹਿਣ ਦੀ ਦੇਰ ਸੀ, ਬੀ. ਬੀ. ਸੀ. ਰੇਡੀਉ ਵਾਲਿਆਂ ਮੇਰਾ ਟੈਲੀਫੂਨ ਕੱਟ ਦਿੱਤਾ।

# ਹੁਣ ਤਾਂਤਰਿਕਾਂ ਜੋਤਸ਼ੀਆਂ ਅਤੇ ਬਾਬਿਆਂ ਦੀ ਖੈਰ ਨਹੀਂ

ਬਰਤਾਨੀਆਂ ਵਿਚ 26 ਮਈ 2008 ਤੋਂ ਕਾਨੂੰਨ ਲਾਗੂ ਹੋ ਗਿਆ ਹੈ ਕਿ ਜੇਕਰ ਕੋਈ ਬਾਬਾ, ਸਾਧ, ਤਾਂਤਰਿਕ, ਜੋਤਸ਼ੀ ਜਾਂ ਮਰੇ ਹੋਏ ਲੋਕਾਂ ਨਾਲ ਸਿੱਧੀ ਗੱਲ ਕਰਾ ਸਕਣ ਵਾਲਾ, ਸਬਜ਼ਬਾਗ ਦਿਖਾਉਂਦਾ ਹੈ ਤਾਂ ਉਹ ਇਸ ਕਾਨੂੰਨ ਮੁਤਾਬਕ ਹੁਣ ਲਪੇਟਿਆ ਜਾ ਸਕਦਾ ਹੈ। ਹੁਣ ਇਨ੍ਹਾਂ ਦਾਹਵੇਦਾਰਾਂ ਨੂੰ ਸਾਬਤ ਕਰਨਾ ਪਵੇਗਾ ਕਿ ਇਸ ਸਭ ਦੇ ਉਹ ਸਬੂਤ ਦੇ ਸਕਦੇ ਹਨ ਅਤੇ ਧੋਖਾ ਨਹੀਂ ਕਰ ਰਹੇ। ਜਦੋਂ ਕਿ ਪਹਿਲਾਂ 1951 ਦੇ ਕਾਨੂੰਨ ਮੁਤਾਬਕ ਆਮ ਬੰਦੇ ਨੂੰ ਸਾਬਤ ਕਰਨਾ ਪੈਂਦਾ ਸੀ ਕਿ ਉਹਦੇ ਨਾਲ ਧੋਖਾ ਹੋਇਆ ਹੈ। ਇਸੇ ਕਰਕੇ ਬਰਤਾਨੀਆਂ ਵਿਚ 10 ਤੋਂ ਵੀ ਘੱਟ "ਇਹ ਧੋਖੇਬਾਜ਼" 1951 ਤੋਂ ਲੈ ਕੇ ਹੁਣ ਤੱਕ ਕਾਨੂੰਨ ਦੀ ਦਾੜ੍ਹ ਹੇਠ ਆਏ ਸਨ।

ਬਰਤਾਨੀਆਂ ਵਿਚ ਸਭ ਤੋਂ ਪਹਿਲਾਂ ਚੁੜੇਲਾਂ ਬਾਰੇ ਕਾਨੂੰਨ (Witchcraft Act) 1735 'ਚ ਬਣਿਆ ਸੀ ਅਤੇ ਇਹਦਾ ਬਦਲਾਅ 1951 'ਚ ਫਰਾਡੂਲੈਂਟ ਮੀਡੀਅਮਜ਼ ਐਕਟ (Fraudulent Mediums Act) ਰਾਹੀਂ ਹੋਇਆ ਸੀ। ਹੁਣ ਨਿਊ ਕੰਜ਼ਿਊਮਰਜ਼ ਪ੍ਰੋਟੈਕਸ਼ਨ ਰੂਲਜ਼ ਮੁਤਾਬਕ ਬਰਤਾਨੀਆਂ ਅਤੇ ਯੋਰਪ ਦੇ ਮੁਲਕ ਜੋ ਯੋਰਪੀਨ ਦੇ ਮੈਂਬਰ ਹਨ ਤੇ ਇਹ ਕਾਨੂੰਨ ਲਾਗੂ ਹੋਵੇਗਾ। ਬਾਬਿਆਂ, ਤਾਂਤਰਿਕਾਂ, ਪੁੱਛਾਂ ਦੇਣ ਵਾਲਿਆਂ ਅਤੇ ਪਾਖੰਡੀਆਂ ਦਾ ਹੁਣ ਸਫਾਇਆ ਹੋ ਜਾਵੇਗਾ। ਇਹ ਲੋਕਾਂ ਤੋਂ 40 ਮਿਲੀਅਨ ਪੌਂਡ ਦੀ ਹਰ ਸਾਲ ਕਮਾਈ ਕਰ ਜਾਂਦੇ ਸਨ। ਮੇਰਾ ਖਿਆਲ ਹੈ ਕਿ ਇਨ੍ਹਾਂ 'ਚੋਂ ਬਹੁਤੇ ਆਪਣੀ ਕਮਾਈ ਤੇ ਟੈਕਸ ਵੀ ਨਹੀਂ ਦਿੰਦੇ ਸਨ। ਏਸ਼ੀਅਨ ਲੋਕਾਂ ਦੇ ਸੰਦਰਭ 'ਚ ਇਹ ਗੱਲ ਜ਼ਿਆਦਾ ਅਹਿਮ ਹੈ ਕਿਉਂਕਿ ਏਸ਼ੀਅਨ ਲੋਕ ਇਸ ਦਲਦਲ 'ਚ ਜ਼ਿਆਦਾ ਧੱਸੇ ਹੋਏ ਹਨ। ਇਸ ਮੱਕੜ-ਜਾਲ 'ਚ ਸਿਰਫ ਅਨਪੜ੍ਹ, ਘੱਟ ਪੜ੍ਹੇ ਈ ਫਸੇ ਹੋਏ ਨਹੀਂ ਹਨ ਸਗੋਂ ਬੀ. ਏ. ਐਮ. ਏ. ਅਤੇ ਡਾਕਟਰੇਟ ਤੱਕ ਪੜ੍ਹਾਈ ਵਾਲੇ ਵੀ ਇਸ ਬੀਮਾਰੀ ਦੇ ਰੋਗੀ ਹਨ। ਬਹੁਤੇ ਏਸ਼ੀਅਨ ਲੋਕ ਡਰੇ ਹੋਏ ਹਨ ਅਤੇ ਏਸ਼ੀਅਨ ਸਭਿਆਚਾਰ ਦੀਆਂ ਕਈ ਤੰਦਾਂ ਉਨ੍ਹਾਂ ਨੂੰ ਅਸੁਰੱਖਿਅਤ ਜੀਵਨ ਜੀਉਣ ਲਈ ਮਜ਼ਬੂਰ ਕਰਦੀਆਂ ਹਨ। ਇਸ ਅਸੁਰੱਖਿਅਤਾ ਅਤੇ ਡਰ ਦੇ ਵਰਤਾਰੇ ਦਾ ਇਹ "ਅਖੌਤੀ-ਰੱਬ ਦੇ ਸਖੇ ਸੋਹਦਰੇ" ਪੂਰਾ ਪੂਰਾ ਫਾਇਦਾ ਉਠਾਉਂਦੇ ਹਨ। ਏਸ਼ੀਅਨ ਸਭਿਆਚਾਰ ਦਾ ਤਾਣਾ ਬਾਣਾ ਜਨਮ ਤੋਂ ਲੈ ਕੇ ਮਰਨ ਤੱਕ ਇਨ੍ਹਾਂ ਬਾਬਿਆਂ, ਸਾਧਾਂ, ਬੂਬਨਿਆਂ, ਤਾਂਤਰਿਕਾਂ ਅਤੇ ਜੋਤਸ਼ੀਆਂ ਆਦਿ ਨਾਲ ਇਕਮਿਕ ਹੋਇਆ ਹੈ। ਇਸੇ ਕਰਕੇ ਲੋਕਾਂ ਦੀ ਮੂਰਖਤਾ ਤੋਂ ਇਹ ਧੋਖੇਬਾਜ਼, ਪਾਖੰਡੀ ਅਤੇ ਚੰਟ ਕਿਸਮ ਦੇ ਦਾਹਵੇਦਾਰ ਫਾਇਦਾ ਉਠਾਉਂਦੇ ਰਹਿੰਦੇ ਹਨ। ਇਹ ਸਾਡੀ ਸਮਾਜਿਕ, ਪਰਿਵਾਰਿਕ, ਮਾਇਕ, ਮਾਨਸਿਕ ਅਤੇ ਕਾਮਿਕ ਸਮੱਸਿਆ ਦਾ ਹੱਲ ਚੁਟਕੀ ਪੁਟਕੀ 'ਚ ਸਾਡੇ ਸਾਹਮਣੇ ਕੱਢਣ ਦਾ ਦਾਹਵਾ ਕਰਦੇ ਹਨ। ਬਹੁਤੇ ਏਸ਼ੀਅਨ ਲੋਕਾਂ ਦੀ ਇਸ ਮਾਮਲੇ ਬਾਰੇ ਅਤਰਕਸ਼ੀਲ ਸੋਚਣੀ ਹੋਣ ਕਰਕੇ ਲੁਟਾਈ ਹੁੰਦੀ ਰਹਿੰਦੀ ਹੈ। ਬਹੁਤੀਆਂ ਤੰਦਾਂ ਸਿੱਧੇ ਅਤੇ ਅਸਿੱਧੇ ਢੰਗ ਨਾਲ ਏਸ਼ੀਅਨ ਜੀਵਨ ਜਾਂਚ ਦਾ ਹਿੱਸਾ ਬਣ ਗਈਆਂ ਹਨ। ਸਮਾਜ ਦੇ ਕਿੱਸੇ, ਕਹਾਣੀਆਂ ਅਤੇ ਬਾਤਾਂ ਦਾ ਇਨ੍ਹਾਂ ਗੱਲਾਂ ਨਾਲ ਸਬੰਧ ਹੋਣ ਕਰਕੇ ਇਸ ਪੀਡੀ ਜਕੜ ਤੋਂ ਛੁਟਕਾਰਾ ਪਾਉਣਾ ਬਹੁਤੇ ਲੋਕਾਂ ਲਈ ਇਸੇ ਕਰਕੇ ਮੁਸ਼ਕਲ ਹੈ। ਫ਼ਿਲਮਾਂ,

ਸੀਰੀਅਲਾਂ, ਕਿਤਾਬਾਂ ਅਤੇ ਸਮਕਾਲੀ ਸਰਕਾਰਾਂ ਵੀ ਇਸ ਵਰਤਾਰੇ ਨੂੰ ਬਦਲਣ ਦੀ ਬਜਾਏ ਇਨ੍ਹਾਂ ਧਾਰਨਾਵਾਂ ਨੂੰ ਪੱਕਿਆਂ ਕਰਦੀਆਂ ਹਨ। ਇਹ ਹੀ ਕਾਰਨ ਹੈ ਕਿ ਜਦ ਏਸ਼ੀਅਨ ਲੋਕ ਆਪਣੇ ਮੁਲਕਾਂ ਨੂੰ ਛੱਡ ਕੇ ਬਾਹਰਲੇ ਮੁਲਕਾਂ ਵਿਚ ਜਾਂਦੇ ਹਨ ਤਾਂ ਆਪਣੀ ਦਿਮਾਗੀ ਕਸਰਤ ਕਰਨ ਦੀ ਬਜਾਏ, ਆਪਣਾ ਪਹਿਲਾਂ ਦਾ ਬਣਿਆ ਬਣਾਇਆ ਰਹਿਣ ਸਹਿਣ ਅਤੇ ਜੀਵਨ ਢੰਗ ਉਥੇ ਵੀ ਲਾਗੂ ਕਰਦੇ ਹਨ। ਵਿਕਸਤ ਥਾਂ ਤੇ ਜਾ ਕੇ ਦਿਮਾਗ ਵਿਕਸਤ ਨਹੀਂ ਹੋ ਜਾਂਦਾ ਭਾਵੇਂ ਕਿ ਵਿਕਸਤ ਦੇ ਮੌਕੇ ਵੱਧ ਜਾਂਦੇ ਹਨ। ਜੇਕਰ ਦਿਮਾਗ ਦੇ ਖਾਨਿਆਂ ਨੂੰ ਸੁਪਰਗਲੂ ਲਾ ਕੇ ਬੰਦ ਕੀਤਾ ਹੋਵੇ ਤਾਂ ਗੱਲ ਹੋਰ ਵੀ ਮੁਸ਼ਕਲ ਹੋ ਜਾਂਦੀ ਹੈ। ਅਸੀਂ ਨਵਾਂ ਕੁੱਝ ਤਾਂਈ ਸਿੱਖ ਸਕਦੇ ਹਾਂ ਜੇਕਰ ਸਾਡੇ ਵਿਚ ਨਵਾਂ ਕੁੱਝ ਸਿੱਖਣ ਦੀ ਚਾਹਤ ਹੋਵੇ। ਜੇਕਰ ਅਸੀਂ ਸੋਚੀਏ ਕਿ ਜੋ ਵੀ ਮੇਰੀ ਸੋਚ ਹੈ, ਉਹ ਬਿਲਕੁਲ ਦਰੁਸਤ ਹੈ ਤਾਂ ਫਿਰ ਉਸ ਖੜ੍ਹੀ ਸੋਚ ਨੂੰ ਨਵਾਂ ਬੂਰ ਨਹੀਂ ਪੈ ਸਕਦਾ, ਉਸ ਉਪਰ ਜਾਲਾ ਜ਼ਰੂਰ ਆ ਜਾਵੇਗਾ। ਗਿਆਨ ਦਾ ਕੋਈ ਅੰਤ ਨਹੀਂ ਹੈ ਅਤੇ ਇਸ ਲਈ ਦਰਵਾਜ਼ੇ ਚੌਪਟ ਖੁਲ੍ਹੇ ਰਹਿਣੇ ਚਾਹੀਦੇ ਹਨ। ਸਾਡਾ ਡਰ ਵੀ ਅਗਿਆਨਤਾ ਤੋਂ ਈ ਪੈਦਾ ਹੁੰਦਾ ਹੈ। ਅਗਿਆਨੀ ਲੋਕ ਅਤਰਕਸ਼ੀਲ ਹੁੰਦੇ ਹਨ ਅਤੇ ਜ਼ਿੱਦੀ ਵੀ ਕਿ, "ਉਹ ਈ ਠੀਕ ਹਨ"। ਜਿਹੜਾ ਵਰਤਾਰਾ, ਯਕੀਨ ਜੀਉਣ-ਢੰਗ ਨਵਾਂ ਸਿਖਣ ਤੇ ਰੋਕ ਲਾਉਂਦਾ ਹੈ, ਉਸ ਤੋਂ ਕਿਨਾਰਾਕਸ਼ੀ ਕਰਨੀ ਬਣਦੀ ਹੈ। ਇਤਿਹਾਸ ਅਤੇ ਦਾਹਵੇਦਾਰਾਂ ਨੂੰ ਪੜਚੋਲਵੀਂ ਅਤੇ ਘੋਖਵੀਂ ਅੱਖ ਨਾਲ ਦੇਖਣ ਵਾਲੀ ਗੱਲ ਹੋਣੀ ਚਾਹੀਦੀ ਹੈ ਨਹੀਂ ਤਾਂ ਅਸੀਂ ਮੱਖੀ ਤੇ ਮੱਖੀ ਮਾਰ ਰਹੇ ਹੋਵਾਂਗੇ।

ਪੱਛਮੀ ਸਭਿਆਚਾਰ ਨੇ ਸਾਇੰਸ ਅਤੇ ਤਰਕ ਵਿਚ ਇਸੇ ਕਰਕੇ ਏਸ਼ੀਅਨ ਸਭਿਆਚਾਰ ਨਾਲੋਂ ਜ਼ਿਆਦਾ ਤਰੱਕੀ ਕੀਤੀ ਹੈ ਕਿਉਂਕਿ ਇਨ੍ਹਾਂ ਆਪਣੀ ਸੋਚ ਨੂੰ ਬਦਲ ਲਿਆ ਹੈ। ਕਿਉਂ, ਕਿਵੇਂ, ਕਿੱਦਾਂ ਅਤੇ ਕੀ ਵਰਗੇ ਸੁਆਲਾਂ ਨੂੰ ਵਾਰ ਵਾਰ ਪੁੱਛਿਆ ਹੈ। ਪਰ ਹੈਰਾਨਗੀ ਇਸ ਗੱਲ ਦੀ ਹੋਈ ਕਿ 1951 ਦਾ ਕਾਨੂੰਨ ਬਦਲਣ ਲਈ ਅੱਧੀ ਸਦੀ ਤੋਂ ਵੀ ਜ਼ਿਆਦਾ ਸਮਾਂ ਲੱਗ ਗਿਆ। ਇਸ ਵਿਚ ਸਮਕਾਲੀ ਸਰਕਾਰਾਂ ਦਾ ਰਵੱਈਆ ਹੀ ਜ਼ਿੰਮੇਵਾਰ ਹੋ ਸਕਦਾ ਹੈ। ਇਹ "ਦਾਹਵੇਦਾਰ" ਜੋ "ਦੈਵੀ ਸ਼ਕਤੀ" ਦਾ ਪਾਖੰਡ ਕਰਦੇ ਹਨ, ਹਰ ਇਕ ਬਿਮਾਰੀ ਦੇ ਇਲਾਜ ਤੋਂ ਲੈ ਕੇ ਕਾਲੇ ਜਾਦੂ ਨਾਲ ਨਸ਼ਟ ਭ੍ਰਸ਼ਟ ਕਰਨ ਦੇ ਜ਼ੁੰਮੇ ਲੈਂਦੇ ਹਨ, ਫਿਰ ਡਾਕਟਰੀ ਦੀ ਔਖੀ ਪੜ੍ਹਾਈ, ਫੌਜਾਂ ਤੇ ਕਰੋੜਾਂ ਪੌਂਡ ਖਰਚਣ ਸੋਸ਼ਲ ਸਰਵਿਸਜ਼ ਅਤੇ ਪੜ੍ਹਾਈ ਦੇ ਮਹਿਕਮਿਆਂ ਦੇ ਖਰਚੇ ਅਤੇ ਪੁਲੀਸ ਰੱਖਣ ਦੀ ਕੀ ਤੁੱਕ? ਪਰ ਬਰਤਾਨਵੀ ਲੋਕ 57 ਸਾਲ ਅੱਖਾਂ ਮੁੰਦ ਕੇ ਬੈਠੇ ਰਹੇ ਸਵਾਏ ਉਨ੍ਹਾਂ ਜਗਦੀਆਂ ਜੋਤਾਂ ਦੇ ਜਿਨ੍ਹਾਂ ਨੇ ਇਨ੍ਹਾਂ ਨੂੰ ਜਗਾਉਣ ਵਿਚ ਕੋਈ ਕਸਰ ਨਹੀਂ ਛੱਡੀ। ਬਰਤਾਨੀਆਂ ਦੀ ਹਿਉਮਨਿਸਟ ਸੁਸਾਇਟੀ ਅਤੇ ਰੈਸ਼ਨੇਲਿਸਟ ਮੂਵਮੈਂਟ ਅਤੇ ਏਸ਼ੀਅਨ ਰੈਸ਼ਨੇਲਿਸਟ ਸੁਸਾਇਟੀ ਬ੍ਰਿਟੇਨ (ਰਜਿ) ਨੇ ਆਪਣੇ ਵਿੱਤ ਮੁਤਾਬਕ ਇਸ ਧੋਖੇ ਅਤੇ ਲੋਕਾਈ ਦੀ ਲੁੱਟ ਖਿਲਾਫ਼ ਝੰਡਾ ਚੁੱਕੀ ਰੱਖਿਆ। ਟਰੇਡਿੰਗ ਸਟੈਂਡਰਡਜ਼ ਅਤੇ ਐਡਵਰਟਾਈਜ਼ਿੰਗ ਵਰਗੇ ਅਦਾਰੇ ਵੀ ਇਸ ਕਾਨੂੰਨ ਤੋਂ ਪਹਿਲਾਂ, ਕੋਈ ਕਾਰਗਰ ਸਿੱਧ ਨਹੀਂ ਸੀ ਹੋਏ। ਕਾਨੂੰਨ ਦੀ ਹਮਾਇਤ ਨਾ ਹੋਣ ਕਰਕੇ ਉਨ੍ਹਾਂ ਦੇ ਦੰਦ ਖੱਟੇ ਸਨ। ਇਹ ਕਰਤਾਰੀ ਸ਼ਕਤੀਆਂ ਦੇ ਦਾਹਵੇਦਾਰਾਂ ਲਈ ਮਾੜਾ ਦਿਨ ਹੈ ਅਤੇ ਲੋਕ-ਹਿੱਤੂਆਂ ਲਈ ਜਸ਼ਨ ਦਾ ਸਮਾਂ ਹੈ। 26 ਮਈ 2008 ਦੇ ਕਾਨੂੰਨ ਅਨੁਸਾਰ ਜੋਤਸ਼ੀਆਂ, ਤਾਂਤਰਿਕਾਂ, ਬਾਬਿਆਂ, ਸਾਧਾਂ, ਮਾਤਾਂਵਾਂ, ਪੁੱਛਾਂ ਦੇਣ ਵਾਲਿਆਂ

ਅਤੇ ਮੁਰਦਿਆਂ ਨਾਲ ਗੱਲਾਂ ਕਰਨ ਵਾਲਿਆਂ ਨੂੰ ਕਚਹਿਰੀ 'ਚ ਖੜਿਆ ਕੀਤਾ ਜਾਣਾ ਸੁਖਾਲਾ ਹੋ ਗਿਆ ਹੈ। ਇਨ੍ਹਾਂ "ਰੱਬ ਦੇ ਏਜੰਟਾਂ" ਦੀ ਤਾਂ ਇਸ ਗੱਲ 'ਚ ਈ ਫੂਕ ਨਿਗਲ ਜਾਂਦੀ ਹੈ ਕਿ ਇਹ ਨਾ ਤਾਂ ਕੁਦਰਤੀ ਆਫ਼ਤਾਂ ਜਿਵੇਂ ਹੜ, ਤੂਫ਼ਾਨ, ਭੂਚਾਲ ਆਦਿ ਬਾਰੇ ਕਦੇ ਕੁੱਝ ਦਸ ਸਕੇ ਹਨ ਅਤੇ ਨਾ ਹੀ ਕਾਤਲਾਂ, ਬਲਾਤਕਾਰੀਆਂ, ਹੇਰਾਫੇਰੀਆਂ ਕਰਨ ਵਾਲਿਆਂ, ਝੂਠੇ ਮਕਾਰਾਂ, ਧੋਖੇਬਾਜ਼ਾਂ ਅਤੇ ਬੱਚਿਆਂ ਦਾ ਸੋਸ਼ਣ ਕਰਨ ਵਾਲਿਆਂ ਬਾਰੇ। ਇਹ ਇਸ ਕਰਕੇ ਵੀ ਹੈ ਕਿ ਇਹ ਆਪ ਇਸ ਕਤਾਰਬੰਦੀ 'ਚ ਆਉਂਦੇ ਹਨ। ਜੇਕਰ ਇਨ੍ਹਾਂ ਦੀ ਕਹਿਣੀ 'ਚ ਕੁੱਝ ਜਾਨ ਹੋਵੇ ਤਾਂ ਹੁਣ ਤੱਕ ਜੇਮਜ਼ ਰੈਂਡੀ, ਤਰਕਸ਼ੀਲ ਸੁਸਾਇਟੀਆਂ (ਭਾਰਤ ਵਿਚਲੀਆਂ) ਅਤੇ ਏਸ਼ੀਅਨ ਰੈਸ਼ਨੇਲਿਸਟ ਸੁਸਾਇਟੀ ਬ੍ਰਿਟੇਨ (ਰਜਿ) ਤੋਂ ਹਜ਼ਾਰਾਂ, ਲੱਖਾਂ ਦੀ ਤਦਾਦ 'ਚ ਪੈਸੇ ਨਾਂ ਲੈ ਲੈਂਦੇ।

ਪ੍ਰਸਿੱਧ ਵਿਗਿਆਨੀ ਚਾਰਲਸ ਡਾਰਵਿਨ ਜੇਹਨੇ ਧਾਰਮਿਕ ਥਿਊਰੀਆਂ ਨੂੰ ਮੂੰਹ ਪਰਨੇ ਚੁੱਕ ਕੇ ਮਾਰਿਆ ਸੀ ਦਾ ਕਹਿਣਾ ਹੈ ਕਿ, "ਅਗਿਆਨਤਾ ਆਮ ਕਰਕੇ ਗਿਆਨ ਨਾਲੋਂ ਕਈ ਵਾਰ ਜ਼ਿਆਦਾ ਵਿਸ਼ਵਾਸ਼ ਦੁਆ ਦਿੰਦੀ ਹੈ। ਜਿਨ੍ਹਾਂ ਨੂੰ ਘੱਟ ਗਿਆਨ ਹੁੰਦਾ ਹੈ ਉਹ ਇਸ ਗੱਲ ਦਾ ਹੱਠ ਕਰਦੇ ਹਨ ਕਿ ਫਲਾਣੀ ਧਮਕਾਣੀ ਸਮੱਸਿਆ ਦਾ ਹੱਲ ਸਾਇੰਸ ਨਹੀਂ ਕਰ ਸਕਦੀ ਜਦੋਂ ਕਿ ਗਿਆਨਵਾਨ ਇਸ ਤੋਂ ਉਲਟ ਸੋਚਦੇ ਹਨ।" ਅਤੇ ਪ੍ਰੋਫੈਸਰ ਜੋਨਜ਼ ਕਹਿੰਦਾ ਹੈ ਕਿ, "ਸਾਇੰਸ ਜੋ ਸਬੂਤ ਪੇਸ਼ ਕਰਦੀ ਹੈ, ਉਹ ਪੱਥਰ ਤੇ ਲੀਕ ਨਹੀਂ ਹੁੰਦਾ ਪਰ ਧਾਰਮਿਕ ਥਿਊਰੀਆਂ ਬਿਨਾਂ ਕਿਸੇ ਸਬੂਤ ਦੇ ਦਾਹਵਿਆਂ ਨੂੰ ਪੱਕ ਠੱਕ ਪੱਥਰ ਤੇ ਲੀਕ ਸਮਝਦੀਆਂ ਹਨ।" ਨਾਲੇ ਦੇਖਿਆ ਜਾਵੇ ਤਾਂ ਤਰਕ ਨਾਲ ਸਾਇੰਸ ਤਜ਼ਰਬੇ ਕਰਦੀ ਹੈ ਅਤੇ ਇਨ੍ਹਾਂ ਤਜ਼ਰਬਿਆਂ ਰਾਹੀ ਜੋ ਨਤੀਜਾ ਨਿਕਲਦਾ ਹੈ, ਉਹਨੂੰ ਮੰਨਿਆ ਜਾਂਦਾ ਹੈ। ਪਰ ਇਹਦੇ ਉਲਟ ਧਾਰਮਿਕ ਥਿਊਰੀਆਂ ਪਹਿਲਾਂ ਈ ਨਤੀਜਾ ਕੱਢ ਲੈਂਦੀਆਂ ਹਨ ਤੇ ਫਿਰ ਇਹਨੂੰ ਸਾਬਤ ਕਰਨ ਲਈ ਕਈ ਕਹਾਣੀਆਂ ਘੜੀਆਂ ਜਾਂਦੀਆਂ ਹਨ। ਦੁਨੀਆਂ ਦੀ ਅੱਜ ਤੱਕ ਜੋ ਵੀ ਤਰੱਕੀ ਹੋਈ ਹੈ, ਉਹ ਸਾਇੰਸ ਰਾਹੀਂ ਹੋਈ ਹੈ। ਬਾਬਿਆਂ, ਸਾਧਾਂ, ਤਾਂਤਰਿਕਾਂ, ਜੋਤਸ਼ੀਆਂ ਇੱਕ ਵੀ ਐਸੀ ਕਾਢ ਨਹੀਂ ਕੱਢੀ ਜੇਹਦੇ ਨਾਲ ਕਿਸੇ ਜੀਵ ਦਾ ਢਿੱਡ ਭਰਿਆ, ਸਿਰ ਤੇ ਛੱਤ ਦਾ ਪ੍ਰਬੰਧ ਹੋਇਆ ਹੋਵੇ ਜਾਂ ਸਰੀਰ ਤੇ ਕੱਪੜਾ ਜੁੜਿਆ ਹੋਵੇ। ਅਗਿਆਨੀ ਦਿਮਾਗ ਨੂੰ ਕੋਈ ਤਰੱਦਦ ਨਹੀਂ ਕਰਨਾ ਪੈਂਦਾ ਅਤੇ ਇਸੇ ਕਰਕੇ ਦਿਮਾਗੀ ਪੱਠਿਆਂ ਦੀ ਕੋਈ ਕਸਰਤ ਵੀ ਨਹੀਂ ਹੁੰਦੀ ਅਤੇ ਉਹ ਘੋਖ, ਪੜਤਾਲ ਦੇ ਕਰਮ 'ਚ ਪੈਂਦੇ ਨਹੀਂ। ਸੁਣੀ ਸੁਣਾਈ ਗੱਲ ਨੂੰ ਮੰਨ ਕੇ ਲਕੀਰ ਦੇ ਫਕੀਰ ਬਣ ਜਾਂਦੇ ਹਨ। ਇਸੇ ਕਰਕੇ ਬਹੁਤੇ ਲੋਕ ਨਵੀਆਂ ਪੈੜਾਂ ਨਹੀਂ ਪਾ ਸਕਦੇ ਅਤੇ ਉਹ ਜੰਜਾਲ ਵਿਚ ਕੁਰਬਲ-ਕੁਰਬਲ ਕਰਦੇ ਜ਼ਿੰਦਗੀ ਜਿਉਂਦੇ ਹਨ ਅਤੇ "ਜੂਨ" ਭੋਗ ਕੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਜਾਂਦੇ ਹਨ। ਇਹ ਚਲਾਕ ਕਿਸਮ ਦੇ ਤਾਂਤਰਿਕ, ਸਾਧ, ਬਾਬੇ, ਜੋਤਸ਼ੀ ਆਮ ਲੋਕਾਈ ਨੂੰ ਚੱਕਰਾਂ 'ਚ ਪਾ ਕੇ ਲੁਟਾਈ ਕਰਦੇ ਰਹਿੰਦੇ ਹਨ। ਡਾਕਟਰ ਅਬਰਾਹਮ ਕਾਵੂਰ ਦਾ ਕਹਿਣਾ ਹੈ ਕਿ, "ਜਿਹੜਾ ਆਪਣੇ ਕ੍ਰਿਸ਼ਮਿਆਂ ਦੇ ਦਾਹਵਿਆਂ ਦੀ ਪੜਤਾਲ ਕਰਨ ਤੋਂ ਇਨਕਾਰ ਕਰਦਾ ਹੈ, ਧੋਖੇਬਾਜ਼ ਹੈ। ਜਿਹੜਾ ਇਨਸਾਨ ਬਿਨਾਂ ਪੜਤਾਲ ਕੀਤਿਆਂ ਕਿਸੇ ਗੱਲ ਤੇ ਯਕੀਨ ਕਰ ਬੈਠਦਾ ਹੈ, ਉਹ ਮੂਰਖ ਹੈ। ਅਤੇ ਜਿਸ ਇਨਸਾਨ ਵਿਚ ਕਿਸੇ ਅਖੌਤੀ ਕ੍ਰਿਸ਼ਮੇ ਨੂੰ ਪੜਤਾਲ ਕਰਨ ਦਾ ਹੌਂਸਲਾ ਨਹੀਂ ਉਹ ਆਪਣਾ ਝੁੱਗਾ ਚੌੜ ਕਰਵਾ ਬੈਠਦਾ ਹੈ।"

ਪੰਜਾਬੀਓ, ਕਮਰਾਂ ਕੱਸ ਲਵੋ ਕਿਉਂਕਿ ਹੁਣ ਧੋਖੇਬਾਜ਼ਾਂ ਅਤੇ ਚੋਰਾਂ ਦੇ ਦਿਨ ਪੁੱਗ ਗਏ ਹਨ। ਲਿੰਕਨ ਦੇ ਕਹਿਣ ਮੁਤਾਬਕ, "ਇਕ ਆਦਮੀ ਥੋੜ੍ਹੀ ਦੇਰ ਲਈ ਤਾਂ ਮੂਰਖ ਬਣਾ ਸਕਦਾ ਹੈ। ਪਰ ਸਾਰੀ ਉਮਰ ਲਈ ਨਹੀਂ।" ਇਨ੍ਹਾਂ ਪਾਖੰਡੀਆਂ ਬਥੇਰੀ ਵਾਰ ਅਤੇ ਬਹੁਤ ਦੇਰ ਤੋਂ ਆਪਾਂ ਨੂੰ ਗਧੀ ਗੇੜ 'ਚ ਪਾਈ ਰੱਖਿਆ ਹੈ। ਹੁਣ ਸਮਾਂ ਆ ਗਿਆ ਹੈ ਕਿ ਇਨ੍ਹਾਂ ਨੂੰ ਚੌਰਾਹੇ ਵਿਚ ਨੰਗਿਆਂ ਕੀਤਾ ਜਾਵੇ। ਇਸੇ ਸੰਦਰਭ 'ਚ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਮਜ਼ਬੂਰ ਲੋਕਾਂ ਦੀ ਬੇਬਸੀ ਦਾ ਕਾਫੀ ਦੇਰ ਤੋਂ ਨਜ਼ਾਇਜ਼ ਫਾਇਦਾ ਉਠਾ ਰਿਹਾ ਬਰਤਾਨੀਆਂ ਦਾ ਇਕ ਨਾਮੀ ਬਾਬਾ ਪੀਰ ਸਈਅਦ ਉਰਫ ਨਈਮ ਮੁਹੰਮਦ 31 ਮਾਰਚ 2010 ਨੂੰ ਵੂਲਵਰਹੈਂਪਟਨ ਕਰਾਊਨ ਕੋਰਟ ਵੱਲੋਂ 18 ਮਹੀਨਿਆਂ ਦੀ ਸਜ਼ਾ ਭੁਗਤਣ ਲਈ ਜੇਲ੍ਹ ਭੇਜ ਦਿੱਤਾ ਗਿਆ ਹੈ। ਇਹ ਪੀਰ ਸਈਅਦ ਸਾਹਿਬ ਆਪਣੀ ਮਸ਼ਹੂਰੀ ਵਿਚ ਲੋਕਾਂ ਦੀ ਹਰ ਤਰ੍ਹਾਂ ਦੀ ਮੁਸ਼ਕਲ ਨੂੰ ਹੱਲ ਕਰਨ ਦੀ ਗਰੰਟੀ ਦਿੰਦਾ ਸੀ ਅਤੇ ਇਸ ਬਦਲੇ ਹਜ਼ਾਰਾਂ ਪੌਂਡ ਲੈਂਦਾ ਸੀ। ਡਰੇ ਸਹਿਮੇ ਲੋਕ ਅਤੇ ਅੰਧਵਿਸ਼ਵਾਸ਼ ਦੀ ਦਲਦਲ ਵਿਚ ਕੁਰਬਲ-ਕੁਰਬਲ ਕਰਦੇ ਅਤੇ ਲੁੱਟ ਕਰਾਉਣ ਤੋਂ ਬਾਅਦ ਵੀ ਸ਼ਿਕਾਇਤ ਕਰਨ ਲਈ ਸਾਹਮਣੇ ਆਉਣ ਤੋਂ ਡਰਦੇ ਸਨ, ਕਿਉਂਕਿ ਇਹ ਬਾਬਾ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਤਬਾਹ ਕਰਨ ਦੀਆਂ ਧਮਕੀਆਂ ਦਿੰਦਾ ਸੀ। ਇਸ ਸਭ ਕੁੱਝ ਦੇ ਬਾਵਜੂਦ, ਸਾਡੇ ਕੁੱਝ ਭੈਣ ਭਰਾਵਾਂ ਨੇ ਹਿੰਮਤ ਕਰਕੇ ਇਸ ਤਾਂਤਰਿਕ ਬਾਬੇ ਦੀ ਧੋਖੇਬਾਜ਼ੀ ਨਾਲ ਲੁੱਟ ਦੀ ਰਿਪੋਰਟ ਸੈਂਡਵਿਲ ਟਰੇਡਿੰਗ ਸਟੈਂਡਰਡਜ਼ ਨੂੰ ਕੀਤੀ ਜਿਹਨੇ ਅੱਗੇ ਹੋ ਕੇ ਇਸ ਬਾਬੇ ਨੂੰ ਕਾਨੂੰਨ ਦੇ ਕਟਹਿਰੇ 'ਚ ਲੈ ਆਂਦਾ। ਤਕਰੀਬਨ 20 ਮਹੀਨੇ ਦੀ ਅਦਾਲਤੀ ਕਾਰਵਾਈ ਅਤੇ ਪੈਰਵਾਈ ਨੇ ਪੀਰ ਸਈਅਦ ਸਾਹਿਬ ਦੇ ਝੂਠੇ ਅਤੇ ਧੋਖੇ ਦੇ ਪਲੰਦੇ ਨੂੰ ਲੋਕਾਂ ਦੇ ਸਾਹਮਣੇ ਜ਼ਾਹਿਰ ਕੀਤਾ। ਮਾਨਯੋਗ ਜੱਜ ਨੇ ਸਜ਼ਾ ਸੁਣਾਉਂਦੇ ਕਿਹਾ, "ਤੈਨੂੰ ਪਤਾ ਸੀ ਕਿ ਜੋ ਵਾਅਦੇ ਤੂੰ ਮਜ਼ਬੂਰੀ ਦੇ ਮਾਰੇ ਲੋਕਾਂ ਨਾਲ ਕਰਦਾ ਸੀ ਉਹ ਤੂੰ ਕਦੇ ਵੀ ਪੂਰੇ ਨਹੀਂ ਕਰ ਸਕਦਾ ਸੀ। ਤੂੰ ਬੇਰਹਿਮ ਅਤੇ ਪੱਥਰ ਦਿਲ ਹੋ ਕੇ ਅਤੇ ਧਰਮ ਦਾ ਪਰਦਾ ਪਾ ਕੇ ਉਨ੍ਹਾਂ ਕੋਲੋਂ ਵੱਡੀਆਂ ਰਕਮਾਂ ਹਾਸਲ ਕੀਤੀਆਂ ਜੋ ਉਨ੍ਹਾਂ ਨੇ ਕਰਜੇ ਚੁੱਕ ਕੇ ਵੀ ਪੂਰੀਆਂ ਕੀਤੀਆਂ। ਇਸ ਕੇਸ ਵਿਚ ਏਸ਼ੀਅਨ ਰੈਸ਼ਨਲਿਸਟ ਸੁਸਾਇਟੀ ਬ੍ਰਿਟੇਨ ਨੇ ਡੱਟਵੀਂ ਮਦਦ ਕੀਤੀ ਸੀ। ਸਾਡੀ ਸੁਸਾਇਟੀ ਨੇ ਉਹਨਾਂ ਜੋਤਸ਼ੀਆਂ ਨੂੰ ਵੀ ਵਾਪਿਸ ਇੰਡੀਆ ਭਿਜਵਾਇਆ ਹੈ ਜੋ ਬਰਤਾਨੀਆਂ ਵਿੱਚ ਜਾਅਲੀ ਰਹਿ ਕੇ ਲੋਕਾਂ ਦੀ ਲੁਟਾਈ ਕਰ ਰਹੇ ਸਨ ਅਤੇ ਇਥੇ ਪੱਕੇ ਰਹਿੰਦੇ ਜੋਤਸ਼ੀਆਂ, ਤਾਂਤਰਿਕਾਂ ਮਗਰ ਟੈਕਸ ਵਾਲਿਆਂ ਨੂੰ ਪਾ ਕੇ ਉਹਨਾਂ ਦਾ ਵੀ ਲੋਟੂ ਧੰਦਾ ਬੰਦ ਕਰਵਾਇਆ ਹੈ।

# ਅਰਦਾਸ

"ਬਿਰਥੀ ਨਾ ਜਾਏ ਜਨ ਕੀ ਅਰਦਾਸ" ਜਾਂ "ਜੇਕਰ ਸੱਚੇ ਦਿਲੋਂ ਅਰਦਾਸ ਕੀਤੀ ਜਾਵੇ ਤਾਂ ਉਹ ਰੱਬ ਦੀ ਦਰਗਾਹ 'ਚ ਪ੍ਰਵਾਨ ਹੋ ਜਾਂਦੀ ਹੈ" ਇਹਦੇ ਨਾਲ ਮਿਲਦੀਆਂ ਜੁਲਦੀਆਂ ਗੱਲਾਂ ਅਸੀਂ ਆਮ ਲੋਕਾਂ ਤੋਂ ਸੁਣਦੇ ਹਾਂ। ਇਹ ਕਹਾਣੇ ਵੀ ਉਨ੍ਹਾਂ ਲੋਕਾਂ ਦੁਆਰਾ ਪਾਏ ਜਾਂਦੇ ਹਨ ਜਿਨ੍ਹਾਂ ਦੀ ਅਗੰਮੀ, ਕਰਤਾਰੀ ਸ਼ਕਤੀ ਵਿਚ ਨੈਹਚਾ ਹੋਵੇ ਅਤੇ ਅਰਦਾਸਾਂ ਨਾਲ ਉਸਨੂੰ ਟੁਣਕਾਰਿਆ ਜਾਂਦਾ ਹੋਵੇ ਕਿ, "ਮੇਰੇ ਤੇ ਜਾਂ ਸਾਡੇ ਤੇ ਤਰਸ ਕਰ ਅਤੇ ਸਾਡਾ ਬੇੜਾ ਪਾਰ ਲਾਅ ਦੇ।" ਜਿਥੋਂ ਤੱਕ ਬੇੜਾ ਪਾਰ ਲਾਉਣ ਦੀ ਗੱਲ ਹੈ, ਉਹ ਗਰੀਬੀ, ਕੰਗਾਲੀ ਦੂਰ ਕਰਨ ਵਾਲੀ ਵੀ ਗੱਲ ਹੋ ਸਕਦੀ ਹੈ, ਕੋਈ ਮੁਕੱਦਮਾ ਜਿੱਤਣ ਦੀ ਵੀ ਜਾਂ ਕਿਸੇ ਬੀਮਾਰੀ ਤੋਂ ਨਿਜਾਤ ਵਾਲੀ ਵੀ।

ਇਨ੍ਹਾਂ ਵੱਡੇ ਮਸਲਿਆਂ ਤੋਂ ਬਿਨਾਂ ਲੋਕ ਹੋਰ ਵੀ ਕਈ ਤਰ੍ਹਾਂ ਦੇ ਕੰਮ ਸਿਰੇ ਲਾਉਣ ਲਈ ਅਤੇ ਮਨਇੱਛਤ ਫਲ ਲੈਣ ਲਈ ਕਿਸੇ ਅਦਿੱਖ ਪਰਮ ਸ਼ਕਤੀ ਦੇ ਹਾੜੇ ਕੱਢਦੇ ਹਨ। ਜਗਰਾਤੇ ਕਰਾਉਂਦੇ ਹਨ। ਅਖੰਡਪਾਠ ਕਰਵਾਏ ਜਾਂਦੇ ਹਨ। ਮੰਨਤਾਂ ਮੰਨੀਆਂ ਜਾਂਦੀਆਂ ਹਨ। ਭਜਨ ਗਾਏ ਜਾਂਦੇ ਹਨ। ਕੀਰਤਨ ਕੀਤੇ ਜਾਂਦੇ ਹਨ। ਟੱਲ ਖੜਕਾਏ ਜਾਂਦੇ ਹਨ। ਢੋਲਕੀਆਂ ਅਤੇ ਛੈਣਿਆਂ ਨਾਲ ਰੁੱਸੇ ਹੋਏ ਇਸ਼ਟ ਨੂੰ ਮਨਾਇਆ ਜਾਂਦਾ ਹੈ ਕਿ ਸਾਡੀ ਆਸ ਪੂਰੀ ਕਰਦੇ।

ਕਈ ਭਗਤਜਨ ਸਵੇਰੇ ਅਤੇ ਸ਼ਾਮ ਨੂੰ ਧਾਰਮਿਕ ਕਿਤਾਬਾਂ ਪੜ੍ਹ ਕੇ ਇਸ਼ਟ ਮਨਾਉਣ ਦਾ ਭਰਮ ਪਾਲਦੇ ਹਨ। ਕਈ ਦਿਨ 'ਚ ਤਿੰਨ ਵਾਰ ਅਤੇ ਕਈ ਪੰਜ ਵਾਰ ਨਮਾਜ਼ਾਂ ਪੜ੍ਹ ਕੇ ਇਸ ਕੰਮ ਦੀ ਪੂਰਤੀ ਕਰਦੇ ਹਨ। ਇਸ ਤੋਂ ਬਿਨਾਂ ਕਈ ਮਾਲਾ ਫੇਰਦੇ, ਮਣਕੇ ਅਗਾਂਹ ਸਰਕਾਉਂਦੇ ਹਨ ਅਤੇ ਸੁਆਸ-ਸੁਆਸ ਇਸ ਅਗੰਮੀ ਸ਼ਕਤੀ ਦੇ ਗੁਣਗਾਨ ਕਰਨ ਦੀ ਕੋਸ਼ਿਸ਼ ਕਰਦੇ ਹਨ। ਕਈ ਧਾਰਮਿਕ ਕਿਤਾਬਾਂ ਦੇ ਦੋਹੇ, ਸ਼ਬਦ, ਭੇਟਾਂ ਆਦਿ ਟੇਪ ਤੇ ਲਾ ਕੇ ਇਹ ਕੰਮ ਨੇਪਰੇ ਚਾੜਨ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਲਈ ਇਹ ਕੰਮ ਇੰਨਾ ਜ਼ਰੂਰੀ ਬਣ ਗਿਆ ਹੁੰਦਾ ਹੈ ਜਿਵੇਂ ਰੋਟੀ ਖਾਣੀ ਜਾਂ ਪਾਣੀ ਪੀਣਾ। ਇਸ ਤੋਂ ਬਿਨਾਂ ਉਹ ਗੁਆਚੇ-ਗੁਆਚੇ ਮਹਿਸੂਸ ਕਰਦੇ ਹਨ ਕਿ ਇਹ ਨਾ ਕਰਨ ਨਾਲ ਕਿਤੇ ਉਹ ਕਰੋਪੀ ਦੇ ਸ਼ਿਕਾਰ ਨਾ ਹੋ ਜਾਣ। ਇਸ ਭਰਮਜਾਲ ਨਾਲ ਬੜਾ ਕੁੱਝ ਜੁੜਿਆ ਹੋਇਆ ਹੈ ਜਿਵੇਂ : ਪ੍ਰਸ਼ਾਦ ਚੜ੍ਹਾਉਣਾ, ਚੁੰਨੀਆਂ ਚਾੜਣੀਆਂ, ਚਾਦਰਾਂ ਚੜਾਉਣੀਆਂ, ਰੋਟੀ ਖੁਵਾਉਣੀ, ਉਨ੍ਹਾਂ ਥਾਵਾਂ ਤੇ ਜਾਣਾ ਜਿਥੇ ਭਗਤਾਂ ਦਾ ਅਕੀਦਾ ਹੁੰਦਾ ਹੈ ਕਿ ਉਥੇ ਉਹ ਅਗੰਮੀ ਸ਼ਕਤੀ ਨਿਵਾਸ ਕਰਦੀ ਹੈ। ਇਸ ਤੋਂ ਇਲਾਵਾ ਹੁਣ ਤਾਂ ਇਨ੍ਹਾਂ ਕੰਮਾਂ ਲਈ "ਕੀਤਾ ਕਰਾਇਆ ਪਾਠ" ਆਦਿ ਵੀ ਮਿਲਣ ਲੱਗ ਪਿਆ ਹੈ ਜਿਸ ਤਰ੍ਹਾਂ ਤੁਸੀਂ ਦੁਕਾਨ ਤੇ ਜਾ ਕੇ ਗੁੜ ਜਾਂ ਚਾਹ-ਪੱਤੀ ਖਰੀਦਣੀ ਹੋਵੇ। ਜਿਨ੍ਹਾਂ ਨਿਖੱਟੂ ਸਿਖਆਰਥੀਆਂ ਨੇ ਸਾਰਾ ਸਾਲ ਕਿਤਾਬਾਂ ਧੂੜ ਦੇ ਕੇ ਇਕ ਥਾਂ ਰੱਖੀ ਰੱਖੀਆਂ ਹੋਣ, ਉਹ ਵੀ ਕਈ ਤਰ੍ਹਾਂ ਦੀਆਂ ਮੰਨਤਾਂ ਮੰਨ ਲੈਂਦੇ ਹਨ ਕਿ "ਕਰਨੀ ਵਾਲਿਆ ਜਾ ਵਾਲੀਏ" ਮੈਨੂੰ ਬਸ ਇਕ ਪਾਸ ਹੋਣ ਦਾ ਸਰਟੀਫਿਕੇਟ ਦੇ ਦੇਅ ਤਾਂ ਮੈਂ ਤੇਰੇ ਦੁਆਰੇ ਆ ਕੇ ਪਾਠ ਕਰਾਵਾਂਗਾ, ਰੁਮਾਲੇ, ਚੁੰਨੀਆਂ ਚਾੜ੍ਹਾਂਗਾਂ।

ਸੁਆਲ ਪੈਦਾ ਹੁੰਦਾ ਕਿ ਜਿਸ ਪ੍ਰਮੇਸ਼ਰ ਤੋਂ ਇਹ ਮੰਗਾਂ ਮੰਗ ਕੇ ਥੋੜੇ ਜਹੇ

ਛਿੱਲੜ ਦੇ ਕੇ ਕੰਮ ਸਾਰਨ ਦੀ ਧਾਰਨੀ ਹੋਵੇ ਤਾਂ ਕੀ ਉਹ ਅਖੌਤੀ ਅਗੰਮੀ ਸ਼ਕਤੀ ਨੂੰ ਇਨ੍ਹਾਂ ਚੀਜ਼ਾਂ ਦਾ ਘਾਟਾ ਹੈ ਜਿਹਦੇ ਬਿਨਾਂ ਉਹਦਾ ਬੁੱਤਾ ਨਹੀਂ ਸਰ ਰਿਹਾ? ਅਗਰ ਉਹ ਐਡੀ ਵੱਡੀ ਸ਼ਕਤੀ ਦਾ ਮਾਲਕ ਹੈ ਤਾਂ ਉਹਨੂੰ ਭਗਤਾਂ ਦੀਆਂ ਦਿੱਤੀਆਂ ਚੀਜ਼ਾਂ ਤੇ ਹਾਸਾ ਨਾ ਆਉਂਦਾ ਹੋਊ ਕਿ ਇਹ ਲੋਕ ਇਨ੍ਹੇ ਮੂੜ ਕਿਉਂ ਹਨ? ਇਹ ਗੱਲ ਤਾਂ ਇਸ ਤਰ੍ਹਾਂ ਹੈ ਕਿ ਕੋਈ ਰੱਜੇ ਪੁੱਜੇ ਅਮੀਰ ਆਦਮੀ ਨੂੰ ਕਹੇ ਕਿ, "ਮੇਰਾ ਫਲਾਣਾ ਕੰਮ ਕਰ ਦਿਉ, ਮੈਂ ਤੁਹਾਨੂੰ ਇਕ ਡੰਗ ਦੀ ਰੋਟੀ ਖੁਆਵਾਂਗਾ।"

ਇਹ ਗੱਲ ਵੀ ਦੇਖਣ ਵਾਲੀ ਹੈ ਕਿ ਭਾਰਤੀ ਸੰਦਰਭ ਵਿਚ ਕਰੋੜਾਂ ਲੋਕ, ਹਰ ਰੋਜ਼ ਦਿਨ-ਰਾਤ, ਸਵੇਰੇ, ਦੁਪਿਹਰੇ ਅਤੇ ਸ਼ਾਮਾਂ ਨੂੰ ਅਰਦਾਸਾਂ, ਬੇਨਤੀਆਂ, ਜੋਦੜੀਆਂ, ਸ਼ਬਦ, ਭੇਟਾਂ ਆਦਿ ਗਾਇਨ ਕਰਦੇ ਹਨ ਪਰ ਫਿਰ ਵੀ ਲੋਕਾਂ ਕੋਲ ਜ਼ਿੰਦਗੀ ਦੀਆਂ ਮੁੱਢਲੀਆਂ ਸਹੂਲਤਾਂ ਵੀ ਨਹੀਂ ਹਨ; ਜਿਵੇਂ : ਰਹਿਣ ਲਈ ਘਰ, ਖਾਣ ਲਈ ਰੋਟੀ, ਪੀਣ ਲਈ ਪਾਣੀ, ਸੌਣ ਲਈ ਮੰਜਾ ਅਤੇ ਤਨ ਢੱਕਣ ਲਈ ਕੱਪੜਾ। ਇਥੇ ਜਨ ਕੀ ਅਰਦਾਸ ਕਿਸੇ ਅਰਥ ਕਿਉਂ ਨਹੀਂ ਲੱਗਦੀ? ਇਹ ਜਨ ਕੀ ਅਰਦਾਸ ਬਿਰਥੀ ਕਿਉਂ ਜਾਂਦੀ ਹੈ? ਕੀ ਕਰੋੜਾਂ ਲੋਕਾਂ ਦੇ ਤਰਲੇ, ਆਹਾਂ, ਬੇਨਤੀਆਂ ਇਕ ਬੋਲ਼ੀ ਸ਼ਕਤੀ ਨਾਲ ਟਕਰਾ ਕੇ ਵਾਪਿਸ ਪਰਤ ਆਉਂਦੀਆਂ ਹਨ?

ਦੁੱਖਾਂ, ਤਕਲੀਫ਼ਾਂ, ਤਸੀਹੇ ਤਾਂ ਉਨ੍ਹਾਂ ਨੂੰ ਵੀ ਮਿਲੇ ਜਿਨ੍ਹਾਂ ਨੂੰ ਅਸੀਂ ਆਪਣੇ ਗੁਰੂ, ਪੀਰ ਆਖਦੇ ਹਾਂ। ਚਾਹੇ ਉਹ ਗੁਰੂ ਪੀਰ, ਪੈਗੰਬਰ, ਹਿੰਦੂਆਂ, ਸਿੱਖਾਂ ਦੇ ਸਨ ਅਤੇ ਚਾਹੇ ਈਸਾਈਆਂ ਜਾਂ ਮੁਸਲਮਾਨਾਂ ਦੇ। ਕੀ ਉਨ੍ਹਾਂ ਦੀਆਂ ਜੋਦੜੀਆਂ ਅਰਦਾਸਾਂ, ਭਗਤੀ ਅਤੇ ਬੇਨਤੀਆਂ ਸੱਚੇ ਦਿਲੋਂ ਨਹੀਂ ਸਨ? ਕਿਤੇ ਨਾ ਕਿਤੇ ਸੰਪਰਕ ਟੁੱਟਾ ਲੱਗਦਾ ਹੈ ਜਾਂ ਫਿਰ ਰਸੀਵਰ ਵਿਚ ਈ ਨੁਕਸ ਹੈ ਅਤੇ ਜਾਂ ਰਸੀਵਰ ਹੈ ਈ ਨਹੀਂ। ਜਿਵੇਂ ਪੰਜਾਬੀ 'ਚ ਕਹਿੰਦੇ ਹਨ। ਮੱਝ ਮੂਹਰੇ ਬੀਨ ਵਜਾਉਣਾ ਜਾਂ ਅੰਨ੍ਹੇ ਅੱਗੇ ਰੋਣਾ ਅਤੇ ਅੱਖੀਆਂ ਦਾ ਖੋਅ ਵਾਲੀ ਗੱਲ ਤਾਂ ਨਹੀਂ?

ਇਕ ਗੱਲ ਹੋਰ ਵੀ ਪਰਖਣ ਵਾਲੀ ਹੈ ਕਿ ਇਹ "ਕਰਤਾਰੀ ਸ਼ਕਤੀ" ਭਗਤਾਂ ਤੋਂ ਰੁੱਸੀ ਹੋਈ ਕਿਉਂ ਹੈ? ਅਤੇ ਅਗਰ ਰੁੱਸੀ ਹੈ ਤਾਂ ਉਹਨੂੰ ਮਨਾਉਣ ਦਾ ਕਿਹੜਾ ਤਰੀਕਾ ਹੋਣਾ ਚਾਹੀਦਾ ਹੈ? ਕਿਤੇ ਅਰਦਾਸਾਂ ਆਦਿ ਵਾਲਾ ਢੰਗ ਗਲਤ ਤਾਂ ਨਹੀਂ? ਨਾਲੇ ਇਸ ਢੰਗ ਬਾਰੇ "ਠੀਕ" ਤਾਂ ਈ ਮੰਨਿਆ ਜਾ ਸਕਦਾ ਅਗਰ ਇਹ ਪਹਿਲਾਂ ਕਾਰਗਰ ਸਾਬਤ ਹੋ ਚੁੱਕਾ ਸੀ ਅਤੇ ਜੇਕਰ ਸਾਬਤ ਹੋ ਚੁੱਕਾ ਸੀ ਤਾਂ ਉਹਦਾ ਕਿਹੜਾ ਠੋਸ ਸਬੂਤ ਹੈ?

ਫਿਰ ਕਿਉਂ, ਇਨ੍ਹਾਂ ਭਗਤਾਂ ਨੂੰ ਸਰੀਰਕ ਅਤੇ ਮਾਨਸਿਕ ਕਸ਼ਟ ਦਿੱਤੇ ਗਏ ਜਦੋਂ ਕਿ ਉਹ ਹਰ ਰੋਜ਼ ਅਰਦਾਸਾਂ ਵੀ ਕਰਦੇ ਰਹੇ ਸਨ? ਇਨ੍ਹਾਂ ਈ ਭਗਤਾਂ ਨੂੰ ਕਈ ਤਰ੍ਹਾਂ ਦੀਆਂ ਸਰੀਰਕ ਅਤੇ ਮਾਨਸਿਕ ਬੀਮਾਰੀਆਂ ਲੱਗਦੀਆਂ ਹਨ। ਬਲਾਤਕਾਰ ਹੁੰਦੇ ਹਨ, ਕਤਲ ਕਰ ਦਿੱਤੇ ਜਾਂਦੇ ਹਨ, ਗਰੀਬੀ ਨੰਗ ਭੁੱਖ ਨਾਲ ਘੁਲਣਾ ਪੈਂਦਾ ਹੈ ਪਰ ਅਰਦਾਸਾਂ ਦਾ ਫਲ ਕਿਤੇ ਨਜ਼ਰ ਨਹੀਂ ਆਉਂਦਾ। ਇਹ ਕਿਹੋ ਜਿਹਾ ਅੰਧੇਰ ਹੈ? ਇਹ ਕਿਹੋ ਜਿਹੀ ਬੇਇਨਸਾਫ਼ੀ ਹੈ? ਇਹ ਕਿਹੋ ਜਿਹੀ ਅਕ੍ਰਿਤਘਣਤਾ ਹੈ? ਇਹ ਕਿਹੋ ਜਿਹੀ ਕਠੋਰਤਾ ਹੈ? ਇਹ ਜੱਗੋ ਤੇਰਵਾਂ ਕੇਹੋ ਜਿਹਾ ਇਮਤਿਹਾਨ ਹੈ? ਇਹ ਗੱਲ ਕਿਤੇ ਝੋਟੇ ਕੋਲੋਂ ਦੁੱਧ ਦੀ ਆਸ ਲਾਈ ਰੱਖਣ ਵਾਲੀ ਤਾਂ ਨਹੀਂ? ਜਾਂ ਇਹ ਤਾਂ ਨਹੀਂ ਕਿ ਝੋਟਾ ਹੈ ਈ ਨਹੀਂ। ਨਾਲੇ ਜਿਹੜੇ ਵਿਚੋਲਿਆਂ ਸਾਨੂੰ ਦੱਸ ਪਾਈ ਹੈ ਕਿ ਅਰਦਾਸਾਂ ਨਾਲ

ਜਾਂ ਚੜ੍ਹਾਵਿਆਂ, ਦਰਸ਼ਨ ਕਰਨ ਜਾਣ ਨਾਲ ਕੰਮ ਪੂਰੇ ਹੋ ਜਾਂਦੇ ਹਨ, ਉਨ੍ਹਾਂ ਵਿਚੋਲਿਆਂ ਨੂੰ ਇਸ ਬਾਰੇ ਕਿਹਨੇ ਦੱਸਿਆ ਸੀ? ਇਨ੍ਹਾਂ ਵਿਚੋਲਿਆਂ ਦੀ ਪੁਣਛਾਣ ਕਰਨੀ ਵੀ ਉਨ੍ਹੀ ਹੀ ਲਾਜ਼ਮੀ ਹੈ ਜਿੰਨੀ ਇਸ ਕਰਤਾਰੀ ਸ਼ਕਤੀ ਦੀ ਜਿਹੜੀ ਘੁੱਗੂਬਾਟਾ ਬਣੀ ਬੈਠੀ ਹੈ? ਕਿਤੇ ਨੁਕਸ ਵਿਚੋਲਿਆਂ ਵਿਚ ਤਾਂ ਨਹੀਂ? ਇਨ੍ਹਾਂ ਵਿਚੋਲਿਆਂ ਦਾ ਤੋਰੀ ਫੁਲਕਾ ਸ਼ਾਇਦ ਇਸੇ ਘੁੰਡੀ 'ਚ ਰਚਿਆ ਮਚਿਆ ਹੋਵੇ। ਜੇ ਅਰਦਾਸਾਂ ਵਾਲੀ ਗੱਲ ਸਹੀ ਹੋਵੇ ਤਾਂ ਵਿਚੋਲਿਆਂ ਨੂੰ ਕੋਈ ਕਸ਼ਟ ਹੋਣਾ ਈ ਨਹੀਂ ਚਾਹੀਦਾ। ਫਿਰ ਕਿਉਂ ਉਹ ਬੀਮਾਰੀ ਵੇਲੇ ਡਾਕਟਰਾਂ ਦੇ ਦਰਵਾਜਿਆਂ ਤੇ ਦਸਤਕਾਂ ਦਿੰਦੇ ਹਨ? ਕੀ ਉਨ੍ਹਾਂ ਦਾ ਇਸ਼ਟ ਉਸ ਵੇਲੇ ਤਵਲੇ ਮੂਧੇ ਮਾਰ ਜਾਂਦਾ ਹੈ। ਜਦ ਵਿਚੋਲੇ ਦਾ ਤੀਰ ਤੁੱਕਾ ਲੱਗ ਜਾਂਦਾ ਹੈ ਤਾਂ ਉਹ ਕ੍ਰਿਤਾਰਥ ਹੋ ਜਾਂਦਾ ਹੈ ਕਿ, "ਦੇਖਿਆ, ਮੇਰੀਆਂ ਅਰਦਾਸਾਂ ਦੀ ਸੁਣਵਾਈ ਹੋ ਗਈ ਆ।" ਉਹ ਬਾਕੀ ਦੇ ਔਹੜ ਪੌਹੜ ਭੁਲ ਭੁਲਾ ਜਾਂਦਾ ਹੈ। ਇਸੇ ਕਾਰਨਾਮੇ ਨੂੰ ਅੰਗਰੇਜ਼ੀ ਵਿਚ ਪਲੇਸੀਬੋ ਈਫੈਕ (Placebo Effect) ਕਹਿੰਦੇ ਹਨ। ਇਹ ਗਧੀਗੇੜ ਇਨ੍ਹਾ ਸੌਖਾ ਹੈ ਕਿ ਦਿਮਾਗੀ ਤੰਦਾਂ ਅਤੇ ਸਰੀਰਕ ਪੱਠਿਆਂ ਨੂੰ ਕੋਈ ਖਾਸ ਕੰਮ ਨਹੀਂ ਕਰਨਾ ਪੈਂਦਾ। ਇਸ ਤੰਦੂਏ ਜਾਲ ਦਾ ਸ਼ਿਕਾਰੀ ਆਪਣੀ ਤਾਰ ਸਿੱਧੀ ਜੁੜੀ ਸਮਝਦਾ ਕਿ ਕੋਈ ਸਮੱਸਿਆ ਵੀ ਆ ਜਾਵੇ, ਬਸ ਸੰਜੀਵਨੀ ਬੂਟੀ ਵਾਂਗ ਅਰਦਾਸ ਕੰਮ ਕਰ ਦੇਵੇਗੀ।

ਅਰਦਾਸਾਂ ਜਿਥੇ ਸਮਾਂ ਬਰਬਾਦ ਕਰਦੀਆਂ ਹਨ ਉਥੇ ਤਰਕਹੀਣਤਾ ਵੀ ਵਧਾਉਂਦੀਆਂ ਹਨ ਅਤੇ ਸਮਾਜ ਦੀ ਚੀਰਫਾੜ ਤੋਂ ਵੀ ਹੋੜਦੀਆਂ ਹਨ। ਦਿਮਾਗ ਤੇਜ਼ ਹੋਣ ਦੀ ਬਜਾਏ ਖੁੰਡਾ ਹੋ ਜਾਂਦਾ ਹੈ ਅਤੇ ਸਮਾਜਿਕ ਵਰਤਾਰਿਆਂ ਨੂੰ ਨਿਰਖਣ ਪਰਖਣ ਤੇ ਰੋਕ ਲਾਉਂਦਾ ਹੈ। ਸਮਾਜ ਦਾ ਵਿਗਿਆਨਕ ਵਿਸ਼ਲੇਸ਼ਣ ਕਰਨ ਤੋਂ "ਅਰਦਾਸਾਂ" ਵਰਜਦੀਆਂ ਹਨ। ਸਰੀਰਕ, ਮਾਨਸਿਕ ਅਤੇ ਸਮਾਜਿਕ ਵਿਕਾਸ ਤੇ ਇਹ ਅਰਦਾਸਾਂ ਵਾਲਾ ਸਿਧਾਂਤ ਬੰਦਸ਼ਾਂ ਲਾਉਂਦਾ ਹੈ। ਇਹ ਸਿਧਾਂਤ ਆਜ਼ਾਦੀ ਦੇ ਬਜਾਏ ਗੁਲਾਮੀ ਵੱਲ ਧੱਕਦਾ ਹੈ। ਸਵੈ-ਮਾਣ ਵਧਾਉਣ ਦੀ ਬਜਾਏ ਹੀਣਤਾ ਉਪਜਾਉਂਦਾ ਹੈ। ਆਪਣੇ ਆਪ ਤੇ ਬੇਯਕੀਨੀ ਪੈਦਾ ਕਰਕੇ ਮਾਨਸਿਕ ਕੰਗਾਲੀ ਵਧਾਉਂਦਾ ਹੈ ਕਿ, "ਮੈਂ ਕਿਸੇ ਕੰਮ ਜੋਗਾ ਨਹੀਂ ਹਾਂ।" ਸਵੈ-ਨਿਰਭਰ ਹੋਣ ਦੀ ਬਜਾਏ ਨਿਰਭਰਤਾ ਵੱਲ ਸਾਡਾ ਝੁਕਾਅ ਵਧਾਉਂਦਾ ਹੈ। ਮੱਥੇ, ਨੱਕ ਰਗੜਨ ਜਾਂ ਅਰਦਾਸਾਂ ਨਾਲ ਸਮਾਜ ਦੀਆਂ ਗੁੰਝਲਾਂ ਅਗਰ ਖਤਮ ਹੋ ਜਾਂਦੀਆਂ ਹੁੰਦੀਆਂ ਤਾਂ ਇਹ ਕੰਮ ਹਜ਼ਾਰਾਂ ਵਰ੍ਹੇ ਪਹਿਲਾਂ ਦਾ ਹੋਇਆ ਹੁੰਦਾ। ਇਨ੍ਹਾਂ ਢੋਲ ਦੇ ਪੋਲਾਂ ਤੋਂ ਉਪਰ ਉੱਠਣ ਦੀ ਲੋੜ ਹੈ। ਦਿਮਾਗੀ ਅਤੇ ਸਰੀਰਕ ਕਸਰਤ ਹੀ ਸਾਡੀਆਂ ਸਮੱਸਿਆਵਾਂ ਦਾ ਹੱਲ ਲੱਭ ਸਕਦੀ ਹੈ; ਉਹ ਵੀ ਤਾਂ, ਅਗਰ ਇਹਦਾ ਆਧਾਰ ਵਿਗਿਆਨਕ ਹੋਵੇ। ਵਿਗਿਆਨਕ ਨਜ਼ਰੀਏ ਤੋਂ ਬਿਨਾਂ ਤੁਸੀਂ ਕਦੇ ਵੀ ਇਨ੍ਹਾਂ ਭੁੱਲ-ਭੁਲੱਈਆਂ ਵਿਚੋਂ ਬਾਹਰ ਨਹੀਂ ਨਿਕਲ ਸਕਦੇ।

# ਲਾਲਾ ਹਰਦਿਆਲ ਅਤੇ ਤਰਕਸ਼ੀਲਤਾ

ਲਾਲਾ ਹਰਦਿਆਲ ਗਦਰ ਪਾਰਟੀ ਦਾ ਜਨਰਲ ਸਕੱਤਰ ਅਤੇ ਗਦਰ ਅਖ਼ਬਾਰ ਦਾ ਮੁੱਖ ਸੰਪਾਦਕ ਹੀ ਨਹੀਂ ਸੀ ਸਗੋਂ ਇਕ ਮਹਾਨ ਲੇਖਕ ਅਤੇ ਹੰਢਿਆ ਹੋਇਆ ਬੁੱਧੀਜੀਵੀ ਸੀ ਜਿਹਨੇ ਰੂੜੀਵਾਦੀ ਸੋਚ ਨੂੰ ਬੁਰੀ ਤਰ੍ਹਾਂ ਨਿਕਾਰਿਆ ਅਤੇ ਝੰਜੋੜ ਕੇ ਰੱਖ ਦਿੱਤਾ। ਇਹ ਗੱਲਾਂ ਲਾਲਾ ਜੀ ਦੇ ਲਿਖੇ ਲੇਖਾਂ ਅਤੇ ਕਿਤਾਬਾਂ ਤੋਂ ਸਾਫ ਜ਼ਾਹਿਰ ਹੁੰਦੀਆਂ ਹਨ ਕਿ ਆਪਣੇ ਸਮੇਂ ਦੇ ਹਾਣੀਆਂ 'ਚੋਂ ਉਹ ਬੌਧਿਕ ਤੌਰ ਤੇ ਸਿਰਕੱਢ ਸੀ ਅਤੇ ਸਭ ਤੋਂ ਜ਼ਿਆਦਾ ਪੜ੍ਹਿਆ ਲਿਖਿਆ ਵੀ ਸੀ।

ਲਾਲਾ ਹਰਦਿਆਲ ਦਾ ਜਨਮ 14 ਅਕਤੂਬਰ 1884 ਨੂੰ ਦਿੱਲੀ ਵਿਖੇ ਹੋਇਆ ਅਤੇ ਲਾਲਾ ਜੀ ਨੇ ਗੌਰਮਿੰਟ ਕਾਲਿਜ ਲਾਹੌਰ ਤੋਂ ਇੰਗਲਸ਼ ਲਿਟਰੇਚਰ ਵਿੱਚ ਐਮ. ਏ. ਕੀਤੀ ਅਤੇ ਉਨ੍ਹਾਂ ਨੂੰ ਗੌਰਮਿੰਟ ਔਫ ਇੰਡੀਆ ਨੇ ਸਟੇਟ ਸਕਾਲਰਸ਼ਿਪ ਦਿੱਤਾ। ਰੌਸ਼ਨ ਦਿਮਾਗ ਹਰਦਿਆਲ ਜਦ ਅਗਾਂਹ ਦੀ ਪੜ੍ਹਾਈ ਕਰਨ ਔਕਸਫੋਰਡ ਯੂਨੀਵਰਸਿਟੀ ਇੰਗਲੈਂਡ ਗਿਆ ਤਾਂ ਆਜ਼ਾਦੀ ਦੀ ਲੜਾਈ ਵਿਚ ਕੁੱਦ ਪਿਆ। ਲਾਲਾ ਜੀ ਨੇ ਸਰਕਾਰੀ ਵਜ਼ੀਫਾ ਵਗਾਹ ਮਾਰਿਆ ਅਤੇ ਕ੍ਰਾਂਤੀਕਾਰੀ ਸਾਥੀਆਂ ਨਾਲ ਮਿਲ ਕੇ ਆਜ਼ਾਦੀ ਦਾ ਘੋਲ ਕਰਨ ਲੱਗਾ। ਬਾਅਦ ਵਿਚ ਲਾਲਾ ਜੀ ਨੇ ਔਕਸਫੋਰਡ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਹਾਸਲ ਕੀਤੀ ਅਤੇ ਆਪਣਾ ਡਾਕਟਰੇਟ ਥੀਸਿਜ਼ ਬੋਧੀ ਸੱਤੇਵਾ The Bodhisativa Doctrine ਲਿਖਿਆ। ਲਾਲਾ ਜੀ ਦੀਆਂ ਹੋਰ ਕਿਤਾਬਾਂ ਜੋ ਮਿਲਦੀਆਂ ਹਨ ਜਿਵੇਂ ਹਿੰਟਸ ਫਾਰ ਸੈਲਫ ਕਲਚਰ (Hints for Self Culture), ਮੇਰੇ 44 ਮਹੀਨੇ ਜਰਮਨੀ ਅਤੇ ਤੁਰਕੀ ਵਿਚ (My forty four Months in Germany and Turkey) ਬਾਰ੍ਹਾਂ ਧਰਮ ਅਤੇ ਅੱਜਕਲ੍ਹ ਦੀ ਜ਼ਿੰਦਗੀ (Twelve Religions and Modren Life) ਅਤੇ ਲਾਲਾ ਹਰਦਿਆਲ ਦੀਆਂ ਚਿੱਠੀਆਂ (Letters of Lala Hardyal) ਵਿਚ ਤਰਕਸ਼ੀਲਤਾ ਦੇ ਨਿਯਮ ਸਾਫ਼ ਨਜ਼ਰ ਆਉਂਦੇ ਹਨ। ਲਾਲਾ ਜੀ ਦੀ 4 ਮਾਰਚ 1939 ਨੂੰ ਫਿਲਾਡੈਲਫਿਆ ਅਮਰੀਕਾ ਵਿਚ ਮੌਤ ਹੋ ਗਈ ਸੀ ਪਰ ਉਨ੍ਹਾਂ ਦੀਆਂ ਲਿਖਤਾਂ ਤਰਕਸ਼ੀਲਤਾ ਦਾ ਸਦਾ ਰਾਹ ਦਰਸਾਉਂਦੀਆਂ ਰਹਿਣਗੀਆਂ।

ਆਪਣੀ ਪ੍ਰਸਿੱਧ ਕਿਤਾਬ, "ਹਿੰਟਸ ਫਾਰ ਸੈਲਫ ਕਲਚਰ" ਜੋ ਉਨ੍ਹਾਂ ਅਪ੍ਰੈਲ 1934 ਵਿਚ ਲਿਖੀ ਸੀ ਦੇ ਸ਼ੁਰੂ ਵਿਚ ਹੀ ਉਹ ਕਹਿੰਦੇ ਹਨ ਕਿ: ਜੀਵਨ ਇਕ ਅਨੋਖੀ ਦਾਤ ਹੈ ਅਤੇ ਇਹਦੇ ਨਾਲ ਬੜੇ ਫਰਜ਼ ਜੁੜੇ ਹੋਏ ਹਨ। ਇਹ ਮੰਗ ਕਰਦਾ ਹੈ ਕਿ ਮਹਾਨ ਕੰਮ ਕੀਤੇ ਜਾਣ ਅਤੇ ਵਧੀਆ ਦਿਸਹੱਦਿਆਂ ਵੱਲ ਪੇਸ਼ ਕਦਮੀ ਕੀਤੀ ਜਾਵੇ। ਜੀਵਨ ਸਾਨੂੰ ਵਰਤਣ ਅਤੇ ਪ੍ਰਫੁੱਲਤ ਕਰਨ ਲਈ ਵਿਰਸੇ 'ਚ ਮਿਲਿਆ ਹੈ ਅਤੇ ਇਹਦੇ ਤੇ ਕੋਈ ਜਾਤੀ ਅਧਿਕਾਰ ਨਹੀਂ ਹੈ। ਤੁਸੀਂ ਭੂਤਕਾਲ ਅਤੇ ਭਵਿੱਖ ਦੇ ਵਿਚਕਾਰ ਖੜ੍ਹੇ ਹੋ : ਇਹ ਸੰਸਾਰ ਤੁਹਾਡੇ ਮਾਨਣ ਲਈ ਹੈ, ਇਹਨੂੰ ਠੀਕ ਢੰਗ ਨਾਲ ਤਰਤੀਬਣ ਅਤੇ ਦੁਆਰਾ ਨਵੇਂ ਸਿਰੇ ਤੋਂ ਬਨਾਉਣ ਲਈ ਹੈ। ਇਹ ਤੁਹਾਡੇ ਤੇ ਹੈ ਕਿ ਤੁਸੀਂ ਇਸ ਸੰਸਾਰ ਨੂੰ ਕਿੰਨਾ ਹੋਰ ਖੁਸ਼ ਬਣਾ ਸਕਦੇ ਹੋ।"

ਰੱਬ ਦੇ ਸੁਆਲ ਤੇ ਲਾਲਾ ਜੀ ਨੇ ਕਈ ਸੁਆਲ ਖੜ੍ਹੇ ਕੀਤੇ ਕਿ ਅਗਰ

ਇਹ ਦੁਨੀਆਂ ਰੱਬ ਨੇ ਬਣਾਈ ਹੈ ਤਾਂ ਉਹਦਾ ਕੀ ਮਕਸਦ ਸੀ? ਅਗਰ ਰੱਬ ਹਰ ਪਾਸਿਉਂ ਸੰਪੂਰਨ ਹੈ ਤਾਂ ਉਹਨੂੰ ਕੁੱਝ ਵੀ ਪੈਦਾ ਕਰਨ ਦੀ ਕੀ ਚੱਟੀ ਪਈ ਸੀ? ਅਗਰ ਦੁਨੀਆਂ ਪੈਦਾ ਕਰਕੇ ਉਹਦੀ ਖੁਸ਼ੀ 'ਚ ਵਾਧਾ ਹੋਇਆ ਸੀ ਤਾਂ ਉਹ ਸੰਪੂਰਨ ਨਹੀਂ ਸੀ। ਸੰਪੂਰਨਤਾ ਨੂੰ ਹੋਰ ਤਾਂ ਵਧਾਇਆ ਨਹੀਂ ਜਾ ਸਕਦਾ। ਕੋਈ ਮੂਰਖ ਵੀ ਬਿਨਾਂ ਕਿਸੇ ਮੰਤਵ ਦੇ ਕੋਈ ਕੰਮ ਨਹੀਂ ਕਰਦਾ। ਜਾਂ ਤਾਂ ਰੱਬ, ਸੰਸਾਰ ਪੈਦਾ ਕਰਨ ਤੋਂ ਪਹਿਲਾਂ ਸੰਪੂਰਨ ਨਹੀਂ ਸੀ ਜਾਂ ਉਹਨੇ ਕੁੱਝ ਵੀ ਪੈਦਾ ਨਹੀਂ ਕੀਤਾ ਅਤੇ ਇਹ ਵੀ ਕਿ ਜੇਕਰ ਰੱਬ ਨੇ ਸੰਸਾਰ ਬਣਾਇਆ ਹੈ ਤਾਂ ਰੱਬ ਨੂੰ ਕਿਹਨੇ ਬਣਾਇਆ? ਇਹ ਕਿਥੋਂ ਆਇਆ ਹੈ? ਇਹਦਾ ਜਨਮ ਸਰੋਤ ਕੀ ਹੈ? ਰੱਬ ਦਾ ਝਮੇਲਾ ਸਿਰਫ਼ ਸ਼ਬਦਾਂ ਦਾ ਹੇਰ ਫੇਰ ਹੈ। ਜੇਕਰ ਕੋਈ ਇਹ ਕਹਿੰਦਾ ਹੈ ਕਿ ਮੈਂ ਰੱਬ ਨੂੰ ਮਹਿਸੂਸ ਕਰਦਾ ਹਾਂ ਤਾਂ ਉਹ ਤਰਕ ਤੋਂ ਦੂਰ ਦੌੜਦਾ ਹੈ। ਅਗਰ ਧਰਤੀ ਸਾਡੇ ਰਹਿਣ ਲਈ ਰੱਬ ਨੇ ਬਣਾਈ ਹੈ ਤਾਂ ਫਿਰ ਉਹ ਦਾਤਾ ਭੂਚਾਲ ਕਿਉਂ ਲਿਆਉਂਦਾ ਹੈ ਜਿਹਦੇ ਨਾਲ ਲੱਖਾਂ ਲੋਕ ਮਰ ਜਾਂਦੇ ਹਨ। ਅਗਰ ਮੌਸਮਾਂ ਨੂੰ ਰੱਬ ਕੰਟਰੋਲ ਕਰਦਾ ਹੈ ਤਾਂ ਫਿਰ ਸਮੁੰਦਰ ਵਿਚ ਮੀਂਹ ਵਰਾਉਣ ਦੀ ਭਲਾ ਕੀ ਤੁੱਕ ਹੋਈ? ਅਤੇ ਤੂਫ਼ਾਨਾਂ, ਹਨੇਰੀਆਂ ਅਤੇ ਹੜ੍ਹਾਂ ਨਾਲ ਜਾਨੀ ਅਤੇ ਮਾਲੀ ਨੁਕਸਾਨ ਕਰਨ ਦਾ ਕੀ ਕਾਰਨ ਹੋਇਆ? ਬਿਜਲੀ ਡਿੱਗਣ ਨਾਲ ਐਨਾ ਨੁਕਸਾਨ ਹੋ ਜਾਂਦਾ ਹੈ ਅਤੇ ਹਜ਼ਾਰਾਂ ਨਿਰਦੋਸ਼ ਲੋਕ ਸੜ ਮਰ ਜਾਂਦੇ ਹਨ। ਇਸ ਰੱਬ ਦਾ ਕਿਹੜਾ ਐਹੋ ਜਿਹਾ ਮਹਿਕਮਾ ਹੈ ਜੋ ਮੌਸਮਾਂ ਨੂੰ ਚਲਾਉਂਦਾ ਹੈ? ਜਦੋਂ ਕਿ ਸਚਾਈ ਇਹ ਹੈ ਕਿ ਜਿਉਂਦੇ ਰਹਿਣ ਲਈ ਪੌਦੇ ਅਤੇ ਜਾਨਵਰ ਵੀ ਕਸ਼ਮਕਸ਼ ਕਰਦੇ ਹਨ।" ਰੱਬ ਦੀ ਸਿਆਣਪ ਅਤੇ ਅਗੰਮੀ ਪਿਆਰ ਦੀ ਇਨ੍ਹਾਂ ਗੱਲਾਂ ਵੱਲ ਦੇਖ ਕੇ ਫੂਕ ਨਿਕਲ ਜਾਂਦੀ ਹੈ। ਹਜ਼ਾਰਾਂ ਲੋਕ ਬੀਮਾਰੀਆਂ ਜਾਂ ਖੂੰਖਾਰ ਜਾਨਵਰਾਂ ਅਤੇ ਜ਼ਹਿਰੀਲੇ ਕੀੜੇ ਮਕੌੜਿਆਂ ਨਾਲ ਮਰ ਜਾਂਦੇ ਹਨ। ਇਹ ਰੱਬ ਦੀ ਕੇਹੋ ਜਿਹੀ ਸੰਪੂਰਨ ਸਿਆਣਪ ਅਤੇ ਪਿਆਰ ਹੈ? ਇਹਦੇ ਵਿਚ ਤਾਂ ਸਧਾਰਨ ਸਮਝ ਵੀ ਨਹੀਂ ਹੈ? ਇਨਸਾਨ ਨੂੰ ਪੈਦਾ ਕਰਨ ਦਾ ਫਿਰ ਕੀ ਮਕਸਦ ਹੋਇਆ ਅਗਰ ਉਹ ਜ਼ਹਿਰੀਲੀਆਂ ਮੱਖੀਆਂ ਨਾਲ ਈ ਮਰ ਸਕਦਾ ਹੋਵੇ? ਇਹ ਸਾਰਾ ਕੁੱਝ ਕਮੀਨਗੀ, ਬੇਹੂਦਗੀ ਅਤੇ ਮੂਰਖਤਾ ਨਾਲ ਭਰਿਆ ਵਰਤਾਰਾ ਹੈ। ਕਈ ਬੱਚੇ ਗਰਭ 'ਚ ਈ ਮਰ ਜਾਂਦੇ ਹਨ ਜਾਂ ਛੋਟੀ ਉਮਰ 'ਚ ਈ ਚੱਲ ਵਸਦੇ ਹਨ। ਭਲਾ ਉਨ੍ਹਾਂ ਨੂੰ ਰੱਬ ਦੁਆਰਾ ਪੈਦਾ ਕਰਨ ਦੀ ਕੀ ਤੁੱਕ ਹੋਈ? ਕਰੋੜਾਂ ਲੋਕ ਦੁੱਖ ਨਾਲ ਕਰਾਹ ਰਹੇ ਹਨ। ਭੁੱਖਮਰੀ ਹੈ ਕੀ ਉਸ "ਦਾਤੇ" ਨੂੰ ਉਨ੍ਹਾਂ ਦੀ ਕੋਈ ਪ੍ਰਵਾਹ ਹੈ? ਲੋਕ ਪਾਪੀ ਹਨ। ਅਗਰ ਰੱਬ ਨੇ ਸਭ ਨੂੰ ਬਣਾਇਆ ਹੈ ਤਾਂ ਫਿਰ ਸਾਰਿਆਂ ਵਿਚ ਸਦਗੁਣ ਕਿਉਂ ਨਹੀਂ ਭਰ ਦਿੱਤੇ? ਉਹਨੇ ਲੋਕਾਂ ਵਿਚ ਲਾਲਚ, ਈਰਖਾ, ਨਫ਼ਰਤ, ਹੰਕਾਰ, ਬਦਲਾ, ਜ਼ਾਲਮਤਾ ਅਤੇ ਹੋਰ ਪਾਪ ਕਿਉਂ ਪਾਏ ਹਨ? ਇਤਿਹਾਸ ਕਿਉਂ ਗੁਲਾਮੀ, ਕਤਲਾਂ ਅਤੇ ਜਦੋ-ਜਹਿਦਾਂ ਨਾਲ ਭਰਿਆ ਪਿਆ ਹੈ? ਇਹ ਕਰਤੂਤਾਂ ਕਿਸੇ ਸਿਆਣੇ ਅਤੇ ਦਯਾਵਾਨ ਦੀਆਂ ਤਾਂ ਹੋ ਨਹੀਂ ਸਕਦੀਆਂ। ਜੇ ਇਹ ਕੰਮ ਸ਼ੈਤਾਨ (Devil) ਦੇ ਹਨ ਤਾਂ ਰੱਬ, ਉਹਨੂੰ ਖਤਮ ਕਿਉਂ ਨਹੀਂ ਕਰ ਦਿੰਦਾ? ਜੇ ਇਨ੍ਹਾਂ ਸਾਰਿਆਂ ਦੁੱਖਾਂ ਨਾਲ ਰੱਬ ਆਪਣਾ ਮਕਸਦ ਪੂਰਾ ਕਰਦਾ ਹੈ ਤਾਂ ਐਹੋ ਜੇਹਾ ਕੋਈ ਭੈੜਾ ਨਹੀਂ ਹੋ ਸਕਦਾ! ਇਹ ਸਾਰਾ ਕੁੱਝ ਜਾਣ ਦੇਖ ਕੇ ਰੱਬ ਨੂੰ ਮੰਨਣਾ ਜ਼ਖ਼ਮਾਂ ਤੇ ਲੂਣ ਛਿੜਕਣ ਵਾਲੀ ਗੱਲ ਹੈ। ਰੱਬ ਦੇ ਰੰਗਾਂ ਨੂੰ ਮੰਨਣਾ, ਬੁਰਿਆਈ ਦੇ ਖਿਲਾਫ਼ ਲੜਾਈ ਨੂੰ ਖੁੰਢਾ ਕਰਨਾ ਹੈ। ਬੁਰਿਆਈ ਤੇ ਜਿੱਤ

ਸਿਰਫ਼ ਤਰਕਸ਼ੀਲਤਾ ਨਾਲ ਈ ਪਾਈ ਜਾ ਸਕਦੀ ਹੈ।

ਲਾਲਾ ਜੀ ਦੀ ਇਸ ਕਿਤਾਬ ਵਿਚ ਹੋਰ ਵੀ ਬਹੁਤ ਸਾਰੀਆਂ ਲੰਬੀਆਂ ਚੌੜੀਆਂ ਦਲੀਲਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਦੀ ਕਿਤਾਬ ਟਵੈਲਵ ਰਿਲੀਜ਼ਨ ਐਂਡ ਮੌਡਰਨ ਲਾਈਫ (Twelve Religions and Modren Life) 'ਚੋਂ ਤਰਕਸ਼ੀਲਤਾ ਨਾਲ ਸਬੰਧਤ ਹੇਠ ਲਿਖੀਆਂ ਗੱਲਾਂ ਲਈਆਂ ਗਈਆਂ ਹਨ।

ਅਸੀਂ ਉਸ ਸਦੀਵੀ ਸ਼ਕਤੀ 'ਚ ਯਕੀਨ ਕਰਦੇ ਹਾਂ ਜੋ ਇਸ ਸਾਰੀ ਕਾਇਨਾਤ ਵਿਚ ਹੈ ਅਤੇ ਜਿਸ ਤੋਂ ਇਹ ਸਾਰੀ ਕਾਇਨਾਤ ਹੋਂਦ ਵਿਚ ਆਈ ਹੈ। ਇਸ ਕਾਇਨਾਤ ਨੂੰ ਕਿਸੇ ਨੇ ਪੈਦਾ ਨਹੀਂ ਕੀਤਾ ਅਤੇ ਨਾ ਹੀ ਇਹਨੂੰ ਨਸ਼ਟ ਕੀਤਾ ਜਾ ਸਕਦਾ। ਇਸ ਸਾਰੀ ਕਾਇਨਾਤ ਨੂੰ ਖਿਲਾਅ-ਸਮਾਂ (Space Time), ਕਾਰਨ ਅਤੇ ਉਹਦਾ ਪ੍ਰਭਾਵ ਅਤੇ ਲਗਾਤਾਰ ਬਦਲਾਅ - ਇਹ ਤਿੰਨੋਂ ਗੱਲਾਂ ਇਸ (ਸਾਰੀ ਕਾਇਨਾਤ) ਨੂੰ ਚਲਾਉਂਦੀਆਂ ਹਨ। ਕੁਦਰਤ ਦੇ ਬਦਲਾ ਵਿਚ ਕਿਸੇ ਹੋਰ ਦਾ ਹੱਥ ਨਹੀਂ ਹੈ। ਕੋਈ ਵੀ ਚੀਜ਼ ਸੰਪੂਰਨ ਨਹੀਂ ਹੈ ਅਤੇ ਨਾ ਹੀ ਕਿਸੇ ਨੇ ਤਿਆਰ ਕੀਤੀ ਹੈ। ਦਕਿਆਨੂਸੀ ਗੱਲਾਂ ਜਿਵੇਂ ਸਪਿਰਟ, ਸੰਜੀਵਨੀ-ਸ਼ਕਤੀ ਵਗੈਰਾ ਬਾਰੇ ਗੱਲਾਂ ਕਰਨੀਆਂ ਫਜ਼ੂਲ ਹਨ। ਅਸੀਂ ਮਾਨਵਵਾਦੀ ਅਤੇ ਤਰਕਸ਼ੀਲ ਹਾਂ। ਅਸੀਂ ਸਾਇੰਸ ਦੀ ਗੱਲ ਕਰਦੇ ਹਾਂ ਅਤੇ ਸਾਇੰਸ ਨੂੰ ਹੀ ਪ੍ਰਫੁੱਲਤ ਕਰਦੇ ਹਾਂ। ਅਸੀਂ ਪਦਾਰਥਵਾਦੀ ਜਾਂ ਅਧਿਆਤਮਵਾਦੀ ਨਹੀਂ ਹਾਂ ਸਗੋਂ ਸਿਰਫ ਸਾਇੰਸਦਾਨ ਹਾਂ। ਅਸੀਂ ਸਾਰੇ ਕੁਦਰਤੀ ਵਰਤਾਰਿਆਂ ਦੀ ਪੜਤਾਲ ਕਰਦੇ ਹਾਂ ਚਾਹੇ ਉਹ ਪਦਾਰਥਵਾਦੀ ਹੋਣ ਜਾਂ ਅਧਿਆਤਮਵਾਦੀ।

ਅਸੀਂ ਕਿਸੇ ਵੀ ਤਰ੍ਹਾਂ ਦੇ ਵਹਿਮਾਂ ਭਰਮਾਂ ਦਾ ਖੰਡਨ ਈ ਨਹੀਂ ਕਰਦੇ ਸਗੋਂ ਉਨ੍ਹਾਂ ਦੀ ਹੋਂਦ ਨੂੰ ਵੀ ਲਲਕਾਰਦੇ ਹਾਂ। ਅਸੀਂ ਕਿਸੇ ਵੀ ਰੱਬ ਜਾਂ ਰੱਬਾਂ, ਨਰਕ ਸਵਰਗ ਜਾਂ ਕ੍ਰਿਸ਼ਮਿਆਂ ਆਦਿ ਨੂੰ ਨਿਕਾਰਦੇ ਹਾਂ।

ਅਸੀਂ ਸਮਝਦੇ ਹਾਂ ਕਿ ਇਸ ਕਾਇਨਾਤ ਵਿਚ ਚੰਗਿਆਈ ਅਤੇ ਬੁਰਿਆਈ ਹੈ। ਚੰਗਿਆਈ, ਪ੍ਰਤੀਨਿੱਧਤਾ ਕਰਦੀ ਹੈ: ਜ਼ਿੰਦਗੀ ਦੀ, ਸਚਾਈ ਦੀ, ਸੁੰਦਰਤਾ ਦੀ, ਖੁਸ਼ੀ ਦੀ, ਵਾਧੇ ਦੀ, ਪਿਆਰ ਦੀ, ਗਿਆਨ ਦੀ, ਸਿਹਤ ਦੀ, ਖੁਸ਼ਹਾਲੀ ਦੀ, ਸਦਗੁਣ ਦੀ, ਆਜ਼ਾਦੀ, ਭਰਾਤਰੀ ਪੁਣਾਂ ਅਤੇ ਬਰਾਬਰੀ ਦੀ। ਬੁਰਿਆਈ ਇਨ੍ਹਾਂ ਸਾਰੀਆਂ ਗੱਲਾਂ ਦੇ ਖਿਲਾਫ ਦੀ ਪ੍ਰਤੀਨਿਧਤਾ ਕਰਦੀ ਹੈ। ਇਹ ਨਿਯਮ ਕੁਦਰਤ ਅਤੇ ਇਨਸਾਨੀਅਤ ਵਿਚ ਵੀ ਹਨ ਅਤੇ ਇਨ੍ਹਾਂ ਲਈ ਇਹ ਨਿਯਮ ਕੋਈ ਗੈਰ ਨਹੀਂ ਹਨ। ਅਸੀਂ ਕਿਸੇ ਵੀ ਦੇਵੀ, ਦੇਵਤੇ, ਪੀਰ, ਪੈਗੰਬਰ, ਗੁਰੂ ਜਾਂ ਰੱਬ ਦੀ ਪੂਜਾ ਨਹੀਂ ਕਰਦੇ ਅਤੇ ਅਸੀਂ ਸਿਰਫ਼ ਚੰਗਿਆਈ ਦੇ ਨਿਯਮਾਂ ਦੀ ਪਾਲਣਾ ਕਰਦੇ ਹਾਂ।

ਚੰਗਿਆਈ ਦੀ ਜਿੱਤ ਦਾ ਨਿਯਮ ਚਾਹੇ ਹੌਲੀ-ਹੌਲੀ ਕੰਮ ਕਰਦਾ ਹੈ ਪਰ ਇਹਨੇ ਜੀਵ-ਉਤਪਤੀ ਅਤੇ ਸਭਿਆਤਾਵਾਂ ਵਿਚ ਸਦਾ ਜਿੱਤ ਹਾਸਲ ਕੀਤੀ ਹੈ। ਇਹਦੀ ਸੰਪੂਰਨ ਜਿੱਤ, ਇਨਸਾਨੀ ਸਖ਼ਸੀਅਤ ਅਤੇ ਫਿਤਰਤ ਤੇ ਨਿਰਭਰ ਕਰਦੀ ਹੈ ਅਤੇ ਹੋਰ ਕਿਸੇ ਗੈਬੀ ਸ਼ਕਤੀ ਤੇ ਨਹੀਂ। ਅਸੀਂ ਕਿਸਮਤਵਾਦੀ ਨਹੀਂ ਹਾਂ ਸਗੋਂ ਜਾਤੀ ਅਤੇ ਸਮੂਹਿਕ ਕੋਸ਼ਿਸ਼ਾਂ ਕਰਨ ਵਾਲੇ ਹਾਂ।

ਸਾਡਾ ਟੀਚਾ ਇਨਸਾਨੀ ਸਖ਼ਸ਼ੀਅਤ ਨੂੰ ਹਰ ਪੱਖੋਂ ਸੰਪੂਰਨ ਕਰਨ ਵਿਚ ਹੈ ਜਿਵੇਂ ਭੌਤਿਕ, ਜ਼ੈਹਨੀ ਤੌਰ ਤੇ, ਸੁੰਦਰਤਾ (Aesthetic) ਅਤੇ ਜਾਤੀ/ਸਮਾਜਿਕ

ਕਦਰਾਂ ਕੀਮਤਾਂ (Ethical)। ਸਖਸ਼ੀਅਤ ਨੂੰ ਪ੍ਰਗਤੀਸ਼ੀਲ ਬਣਾਇਆ ਜਾ ਸਕਦਾ ਹੈ। ਇਹ ਚੰਗਿਆਈ ਦਾ ਸਭ ਤੋਂ ਟੀਸੀ ਦਾ ਨਿਯਮ ਹੈ। ਅੱਜ ਦੇ ਗਿਆਨ ਅਨੁਸਾਰ, ਇਨਸਾਨ ਦਾ ਦਰਜਾ ਸਭ ਤੋਂ ਉਪਰ ਹੈ।

ਅਸੀਂ ਉਨ੍ਹਾਂ ਕਦਰਾਂ ਕੀਮਤਾਂ ਨੂੰ ਨਕਾਰਦੇ ਹਾਂ ਜੋ ਮੌਤ ਤੋਂ ਬਾਅਦ, ਜ਼ਿੰਦਗੀ ਵਿਚ ਯਕੀਨ ਕਰਦੇ ਹਨ, ਮਰਨ ਤੋਂ ਬਾਅਦ ਜੀਵਤ ਹੋ ਜਾਣਾ ਜਾਂ ਭੂਤਾਂ ਪ੍ਰੇਤਾਂ ਦੀ ਹੋਂਦ ਨੂੰ ਮੰਨਦੀਆਂ ਹਨ। ਸਾਨੂੰ ਜਿਊਂਦੇ ਜੀਅ ਹੀ ਆਪਣੇ ਫਰਜ਼ਾਂ ਦੀ ਪੂਰਤੀ ਕਰਨੀ ਚਾਹੀਦੀ ਹੈ ਅਤੇ ਇਸ ਗੱਲ ਨੂੰ ਨਕਾਰਨਾ ਚਾਹੀਦਾ ਹੈ ਕਿ ਮੌਤ ਤੋਂ ਬਾਅਦ ਕੀ ਹੋਵੇਗਾ। ਨੌਜਵਾਨਾਂ ਨੂੰ ਖਾਸ ਕਰਕੇ ਐਹੋ ਜਿਹੇ ਵਿਚਾਰਾਂ ਤੋਂ ਕਿਨਾਰਾਕਸ਼ੀ ਕਰਨੀ ਚਾਹੀਦੀ ਹੈ ਅਤੇ ਆਪਣੇ ਆਪ ਨੂੰ ਇਸ ਜ਼ਿੰਦਗੀ ਅਤੇ ਇਸ ਸੰਸਾਰ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵੱਲ ਤਵੱਜੋ ਦੇਣੀ ਚਾਹੀਦੀ ਹੈ।

ਸਭ ਤੋਂ ਜ਼ਿਆਦਾ ਮਹੱਤਵ ਵਾਲੀ ਗੱਲ ਇਹ ਹੈ ਕਿ ਅਸੀਂ ਸਦੀਵੀ ਜੀਵ ਹਾਂ, ਸਰੀਰਕ ਤੌਰ ਤੇ ਵੀ ਅਤੇ ਦਿਮਾਗੀ ਤੌਰ ਤੇ ਵੀ ਜਿਹਦਾ ਸਬੂਤ ਸਾਡੇ ਬੱਚੇ ਤੇ ਅਗਾਂਹ ਉਨ੍ਹਾਂ ਦੀ ਔਲਾਦ ਹੈ।

ਅਸੀਂ ਸ਼ਖ਼ਸ਼ੀਅਤ ਨੂੰ ਹੇਠ ਲਿਖੇ ਤਰੀਕਿਆਂ ਨਾਲ ਪ੍ਰਫੁੱਲਤ ਕਰਨ ਲਈ ਉਤਸ਼ਾਹਿਤ ਕਰਦੇ ਹਾਂ।

ਭੌਤਿਕ – ਅਸੀਂ ਸਰੀਰ ਨੂੰ ਤੰਦਰੁਸਤ ਰੱਖਣ ਲਈ ਕੁਦਰਤੀ ਤਰੀਕਿਆਂ ਤੇ ਜ਼ੋਰ ਦਿੰਦੇ ਹਾਂ ਜਿਵੇਂ ਸੂਰਜ ਦੀ ਰੋਸ਼ਨੀ, ਪਾਣੀ, ਸਾਫ ਹਵਾ, ਖੇਡਾਂ ਅਤੇ ਕਸਰਤ, ਲੰਬੇ ਲੰਬੇ ਸਾਹ ਲੈਣਾ, ਵਿਚਾਰਾਂ ਤੇ ਜ਼ਾਬਤਾ ਰੱਖਣਾ ਅਤੇ ਚੜ੍ਹਦੀ ਕਲਾ ਵਿਚ ਰਹਿਣਾ।

ਗਿਆਨ – ਅਸੀਂ ਇਸ ਗੱਲ ਤੇ ਜ਼ੋਰ ਦਿੰਦੇ ਹਾਂ ਅਤੇ ਮੱਦਦ ਵੀ ਕਰਦੇ ਹਾਂ ਕਿ ਸਾਨੂੰ ਸਾਇੰਸ, ਇਤਿਹਾਸ, ਮਨੋਵਿਗਿਆਨ, ਆਰਥਿਕ ਵਿਗਿਆਨ, ਸਮਾਜਿਕ ਵਿਗਿਆਨ, ਫਿਲਾਸਫੀ, ਧਰਮਾਂ ਦਾ ਤੁਲਨਾਤਮਿਕ ਗਿਆਨ ਅਤੇ ਹੋਰ ਵਿਸ਼ਿਆਂ ਬਾਰੇ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ। ਅਸੀਂ ਸਾਇੰਸ ਅਤੇ ਸਾਹਿਤ ਦੀ ਖੋਜ ਲਈ ਵੀ ਕਹਿੰਦੇ ਹਾਂ।

ਕੋਮਲ ਕਲਾਵਾਂ, ਸੁੰਦਰਤਾ – ਅਸੀਂ ਸਭ ਨੂੰ ਇਹ ਸਿਖਾਉਂਦੇ ਹਾਂ ਕਿ ਉਹ ਕੁਦਰਤ ਦੇ ਸੁਹੱਪਣ ਅਤੇ ਵਧੀਆ ਕੋਮਲ ਕਲਾਵਾਂ (ART) ਦੀ ਕਦਰ ਕਰਨ। ਅਸੀਂ ਭੜਕਾਊ ਅਤੇ ਕਾਮ-ਉਕਸਾਊ ਆਰਟ ਨੂੰ ਨਕਾਰਦੇ ਹਾਂ ਅਤੇ ਸੁੱਖ ਸ਼ਾਂਤੀ, ਹਮਦਰਦ ਅਤੇ ਵਧੀਆ ਕੋਮਲ ਕਲਾਵਾਂ ਨੂੰ ਉਤਸ਼ਾਹਿਤ ਕਰਦੇ ਹਾਂ।

ਕਦਰਾਂ ਕੀਮਤਾਂ – ਅਸੀਂ ਸਭ ਉਨ੍ਹਾਂ ਮਹਾਨ ਅਧਿਆਪਕਾਂ ਦਾ ਸਤਿਕਾਰ ਕਰਦੇ ਹਾਂ ਜਿਨ੍ਹਾਂ ਆਪਣੀਆਂ ਚੰਗੀਆਂ ਲਿਖਤਾਂ ਅਤੇ ਪ੍ਰਵਚਨਾਂ ਨਾਲ ਕਦਰਾਂ ਕੀਮਤਾਂ ਨੂੰ ਪ੍ਰਗਤੀਸ਼ੀਲ ਬਣਾਇਆ।

ਅਸੀਂ ਇਨਸਾਨੀਅਤ ਇੱਕਮੁੱਠਤਾ ਵਿਚ ਯਕੀਨ ਕਰਦੇ ਹਾਂ ਅਤੇ ਲੋਕਾਂ ਦੇ ਆਪਸੀ ਮੇਲ ਜੋਲ ਨੂੰ ਉਤਸ਼ਾਹਿਤ ਕਰਦੇ ਹਾਂ। ਅਸੀਂ ਨਸਲ, ਰੰਗ ਅਤੇ ਕੌਮੀਅਤ ਦੇ ਆਧਾਰ ਤੇ ਭੇਦਭਾਵ ਅਤੇ ਨਫ਼ਰਤ ਨੂੰ ਨਕਾਰਦੇ ਹਾਂ।

ਅਸੀਂ ਆਪਣੇ ਆਪ ਤੇ ਅਨੁਸ਼ਾਸ਼ਣ ਰੱਖਣਾ ਸਿਖਾਉਂਦੇ ਹਾਂ ਅਤੇ ਲੱਚਰ ਗਤੀਵਿਧੀਆਂ ਨੂੰ ਨਕਾਰਦੇ ਹਾਂ।

ਸਮਾਜਿਕ ਅਦਾਰੇ – ਅਸੀਂ ਉਨ੍ਹਾਂ ਸਮਾਜਿਕ ਅਦਾਰਿਆਂ ਲਈ ਪ੍ਰਾਪਤੀ ਕਰਨੀ ਚਾਹੁੰਦੇ ਹਾਂ ਜੋ ਇਨਸਾਫ, ਆਜ਼ਾਦੀ, ਬਰਾਬਰੀ ਅਤੇ ਭਰਾਤਰੀ ਭਾਵਨਾ ਤੇ ਅਧਾਰਤ ਹੋਣ। ਐਹੋ ਜਿਹਾ ਸੰਸਾਰ ਹੋਵੇ ਜਿੱਥੇ ਇਕੱਲੇ-ਇਕੱਲੇ ਮੁਲਕ ਦੀਆਂ ਸਰਕਾਰਾਂ ਨਾ ਹੋਣ ਅਤੇ ਜਿੱਥੇ ਕੋਈ ਲੜਾਈਆਂ ਨਾ ਹੋਣ।

ਤਿਉਹਾਰ – ਅਸੀਂ ਹਰ ਮਹੀਨੇ ਕੋਈ ਨਾ ਕੋਈ ਤਿਉਹਾਰ ਮਨਾਉਣਾ ਚਾਹੁੰਦੇ ਹਾਂ ਜੋ ਦੁਨੀਆਂ ਦੇ ਮਹਾਨ ਲੋਕਾਂ ਅਤੇ ਘਟਨਾਵਾਂ ਤੇ ਅਧਾਰਤ ਹੋਵੇ। ਜਿਵੇਂ ਅਪ੍ਰੈਲ ਵਿਚ ਅਸੀਂ ਸ਼ੈਕਸਪੀਅਰ ਅਤੇ ਦੁਨੀਆਂ ਭਰ ਦੇ ਹੋਰ ਮਹਾਨ ਕਵੀਆਂ ਨੂੰ ਯਾਦ ਕਰਨ ਦਾ ਤਿਉਹਾਰ ਮਨਾ ਸਕਦੇ ਹਾਂ। ਸਤੰਬਰ ਵਿੱਚ ਅਸੀਂ ਉਨ੍ਹਾਂ ਦੀ ਜਿਨ੍ਹਾਂ ਤਰਕਸੀਲਤਾ ਲਈ ਲੀਹਾਂ ਪਾਈਆਂ ਜਿਵੇਂ ਕੋਮਟ (Comte) ਅਤੇ ਬਰਾਡਲੌਅ (Braudlaugh) ਆਦਿ।

ਸਾਡੇ ਤਿਉਹਾਰ ਦੇਸਾਂ ਵਿਦੇਸਾਂ ਦੀਆਂ ਹੱਦਾਂ ਤੋਂ ਪਾਰ ਦੇ ਹੋਣਗੇ ਅਤੇ ਇਹ ਇਨਸਾਨੀਅਤ ਅਤੇ ਸਭਿਆਤਾਵਾਂ ਦੀ ਤਰੱਕੀ ਨਾਲ ਸਬੰਧਤ ਹੋਣਗੇ।

ਅਸੀਂ ਆਪਣੇ ਜੀਵਨ ਦੇ ਮਹੱਤਵਪੂਰਨ ਮੌਕਿਆਂ ਨੂੰ ਮਨਾਉਣਾ ਚਾਹੁੰਦੇ ਹਾਂ ਜਿਵੇਂ ਜਨਮ ਦਿਨ, ਬੱਚੇ ਦਾ ਨਾਂ ਰੱਖਣਾ, ਸਕੂਲ ਜਾਣ ਦਾ ਪਹਿਲਾ ਦਿਨ, ਬਾਲਗ ਹੋਣ ਦਾ ਦਿਨ, ਆਰਥਿਕ ਆਜ਼ਾਦੀ ਮਿਲਣ ਦਾ ਦਿਨ, ਵਿਆਹ ਅਤੇ ਮੌਤ ਆਦਿ।

ਅਸੀਂ ਤਰਕਸ਼ੀਲ ਇਸ ਗੱਲ 'ਚ ਵੀ ਯਕੀਨ ਕਰਦੇ ਹਾਂ ਕਿ ਸਾਨੂੰ ਸ਼ਾਂਤ-ਚਿਤ ਅਤੇ ਨਰਮ ਸੁਭਾਅ ਦੇ ਹੋਣਾ ਚਾਹੀਦਾ ਹੈ ਅਤੇ ਹਿੰਸਾ ਅਤੇ ਕਤਲੋ-ਗਾਰਤ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਇਮਾਨਦਾਰ, ਇਨਸਾਫ਼ ਪਸੰਦ, ਹੇਰਾਫੇਰੀ ਨਾ ਕਰਨਾ, ਚੋਰੀ ਨਾ ਕਰਨਾ ਅਤੇ ਜੂਏ ਆਦਿ ਤੋਂ ਬਚਣਾ ਚਾਹੀਦਾ ਹੈ। ਬੋਲਚਾਲ ਵਿਚ ਹਲੀਮੀ ਅਤੇ ਸੱਚ ਦਾ ਪੱਲਾ ਕਦੇ ਨਹੀਂ ਛੱਡਣਾ ਚਾਹੀਦਾ। ਫਾਇਦੇ-ਮੰਦ ਅਤੇ ਨੁਕਸਾਨ-ਰਹਿਤ ਜਾਨਵਰਾਂ ਨਾਲ ਇਨਸਾਨੀਅਤ ਵਾਲਾ ਵਰਤਾਵ ਕਰਨਾ ਚਾਹੀਦਾ ਹੈ।

# ਰੱਬ ਅਤੇ ਆਇਨ ਸਟਾਇਨ

ਅਲਬਰਟ ਆਇਨ ਸਟਾਇਨ ਦਾ ਜਨਮ 1879 ਨੂੰ ਜਰਮਨੀ 'ਚ ਹੋਇਆ ਸੀ। ਛੋਟੇ ਹੁੰਦਿਆਂ ਉਹਦੇ ਤੇ ਧਰਮ ਦਾ ਪ੍ਰਭਾਵ ਸੀ ਪਰ ਅਜੇ ਉਹ 12 ਵਰ੍ਹਿਆਂ ਦਾ ਹੀ ਸੀ ਜਦ ਰੱਬ ਦੇ ਸੁਆਲ ਤੇ ਉਹਨੇ ਕ੍ਰਿੰਤੂ ਪ੍ਰੰਤੂ ਕਰਨਾ ਸ਼ੁਰੂ ਕਰ ਦਿੱਤਾ ਸੀ। ਪ੍ਰਸਿੱਧੀ ਪਾ ਜਾਣ ਤੇ ਉਸਨੇ ਬ੍ਰਹਿਮੰਡ ਦੀਆਂ ਗੁੰਝਲਾਂ ਖੋਲ੍ਹਣੀਆਂ ਸ਼ੁਰੂ ਕੀਤੀਆਂ ਤਾਂ ਉਹ ਹੈਰਾਨ ਹੋ ਗਿਆ ਅਤੇ ਉਸ ਵੇਲੇ ਉਹਨੇ ਧਰਮ ਤੇ ਟਿੱਪਣੀ ਕਰਦਿਆਂ ਕਿਹਾ ਸੀ, "ਸਾਇੰਸ, ਧਰਮ ਤੋਂ ਬਿਨਾਂ ਅਪਾਹਜ਼ ਹੈ ਅਤੇ ਧਰਮ ਸਾਇੰਸ ਤੋਂ ਬਿਨਾਂ ਦੇਖ ਨਹੀਂ ਸਕਦਾ।" ਨਾਲ ਨਾਲ ਉਹਨੇ ਇਹ ਵੀ ਸਪੱਸ਼ਟ ਕੀਤਾ ਸੀ ਕਿ, "ਮੈਂ ਐਹੋ ਜਿਹੇ ਧਰਮ ਅਤੇ ਰੱਬ 'ਚ ਵਿਸ਼ਵਾਸ ਨਹੀਂ ਕਰਦਾ ਜੋ ਮਾੜੇ ਕਰਮਾਂ ਦੀ ਸਜ਼ਾ ਦਿੰਦਾ ਹੈ ਅਤੇ ਚੰਗੇ ਕਰਮਾਂ ਦਾ ਸੁੱਖ ਆਰਾਮ ਦਿੰਦਾ ਹੈ।"

ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਨੌਬਲ ਇਨਾਮ ਯਾਫਤਾ ਪ੍ਰਸਿੱਧ ਮਹਾਨ ਵਿਗਿਆਨੀ ਆਇਨ ਸਟਾਇਨ ਇਕ ਮੰਨਿਆਂ ਦੰਨਿਆਂ ਭੌਤਿਕ ਵਿਗਿਆਨੀ ਸੀ ਅਤੇ ਉਹਦੇ ਸਾਪੇਖਤਾ ਦੇ ਸਿਧਾਂਤ ਨੇ ਬ੍ਰਹਿਮੰਡ ਦੀਆਂ ਕਈ ਅਲਾਉਣੀਆਂ ਖੋਹਲਣ 'ਚ ਮਦਦ ਕੀਤੀ ਸੀ। ਪਰ ਉਹਦੇ ਰੱਬ ਬਾਰੇ ਵਿਚਾਰਾਂ ਨੇ ਸਦਾ ਈ ਬਹਿਸ ਛੇੜੀ ਰੱਖੀ ਹੈ।

ਇਸ ਮਾਣਮੱਤੇ ਵਿਗਿਆਨੀ ਦੀ ਇਕ ਚਿੱਠੀ ਲੰਡਨ 'ਚ 15 ਮਈ 2008 ਨੂੰ ਨੀਲਾਮ ਕੀਤੀ ਗਈ ਹੈ। ਇਸ ਚਿੱਠੀ ਬਾਰੇ ਕਿਆਫੇ ਲਾਏ ਜਾ ਰਹੇ ਸਨ ਕਿ ਇਹ 12000 ਤੋਂ ਲੈ ਕੇ 16000 ਅਮਰੀਕਨ ਡਾਲਰਾਂ ਵਿਚ ਬੋਲੀ ਤੇ ਵਿਕ ਜਾਵੇਗੀ। ਪਰ ਉਸ ਵੇਲੇ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦ ਇਹ ਚਿੱਠੀ 1,70,000 ਪੌਂਡਾਂ 'ਚ ਬੋਲੀ ਤੋੜ ਗਈ। ਇਸ ਚਿੱਠੀ ਵਿਚ ਉਹਨੇ ਰੱਬ ਬਾਰੇ ਆਪਣੇ ਵਿਚਾਰ ਸਪੱਸ਼ਟ ਕੀਤੇ ਹਨ। ਇਹ ਚਿੱਠੀ ਆਇਨ ਸਟਾਇਨ ਨੇ ਆਪਣੀ ਮੌਤ ਤੋਂ ਇਕ ਸਾਲ ਪਹਿਲਾਂ 1954 'ਚ ਆਪਣੇ ਮਿੱਤਰ ਜਰਮਨ ਫਿਲਾਸਫਰ ਐਰਿਕ ਗੁਟਕਾਈਂਡ ਨੂੰ ਲਿਖੀ ਸੀ ਕਿ, "ਰੱਬ, ਮਨੁੱਖ ਦੀ ਘਾੜਤ ਹੈ ਅਤੇ ਇਹ ਇਨਸਾਨ ਦੀ ਕਮਜ਼ੋਰੀ ਨੂੰ ਜ਼ਾਹਿਰ ਕਰਦਾ ਹੈ। ਅੰਜੀਲ ਦੀ ਕਿਤਾਬ ਇਕ ਪੁਰਾਣੀ ਦੰਦ ਕਥਾਵਾਂ ਦਾ ਸੰਗ੍ਰਹਿ ਹੈ ਅਤੇ ਮੈਨੂੰ ਇਹ ਕਥਾਵਾਂ ਵੀ ਬੱਚਿਆਂ ਵਾਲੀਆਂ ਲੱਗਦੀਆਂ ਹਨ। ਇਨ੍ਹਾਂ ਬਾਰੇ ਵਿਆਖਿਆ ਭਾਵੇਂ ਕਿੰਨੀ ਵੀ ਭੇਦ ਭਰੀ ਦੱਸੀ ਗਈ ਹੋਵੇ, ਇਹ ਮੇਰੇ ਵਿਚਾਰਾਂ 'ਚ ਤਬਦੀਲੀ ਨਹੀਂ ਲਿਆ ਸਕਦੀ। ਮੈਂ ਯਹੂਦੀ ਧਰਮ 'ਚ ਪੈਦਾ ਹੋਇਆ ਅਤੇ ਪ੍ਰਵਾਨ ਚੜ੍ਹਿਆ ਸੀ ਪਰ ਮੇਰੇ ਲਈ ਯਹੂਦੀ ਧਰਮ ਵੀ ਹੋਰ ਧਰਮਾਂ ਵਾਂਗ ਬਹੁਤ ਹੀ ਵਹਿਮਾਂ ਭਰਮਾਂ ਵਾਲਾ ਅਤੇ ਬੱਚਿਆਂ ਵਾਲੀ ਗੱਲ ਹੈ। ਮੈਨੂੰ ਯਹੂਦੀ ਹੋਣ ਦਾ ਮਾਣ ਹੈ ਅਤੇ ਯਹੂਦੀਆਂ ਦੀ ਮਾਨਸਿਕਤਾ ਨਾਲ ਵੀ ਮੇਰਾ ਡੂੰਘਾ ਅਤੇ ਨੇੜੇ ਦਾ ਸਬੰਧ ਹੈ ਪਰ ਯਹੂਦੀਆਂ ਦੇ ਗੁਣ ਵੀ ਹੋਰ ਲੋਕਾਂ ਨਾਲੋਂ ਵੱਖਰੇ ਨਹੀਂ ਹਨ। ਮੇਰੇ ਜਾਤੀ ਤਜ਼ਰਬੇ ਅਨੁਸਾਰ ਯਹੂਦੀ ਲੋਕ, ਗੈਰ ਯਹੂਦੀਆਂ ਨਾਲੋਂ ਚੰਗੇ ਨਹੀਂ ਹਨ, ਉਨ੍ਹਾਂ ਵਿਚ ਅਜੇ ਤਾਕਤ ਘੱਟ ਹੋਣ ਕਰਕੇ ਉਹ ਘਾਤਕ ਬਦਫੈਲੀਆਂ ਤੋਂ ਬਚੇ ਹੋਏ ਹਨ।" ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਆਇਨ ਸਟਾਇਨ ਇਕ ਯਹੂਦੀ ਪਰਿਵਾਰ 'ਚ ਪੈਦਾ ਹੋਇਆ ਸੀ ਅਤੇ ਜਰਮਨੀ

ਵਿਚ ਹਿਟਲਰ ਦੇ ਯਹੂਦੀਆਂ ਤੇ ਢਾਹੇ ਕਹਿਰ ਵੇਲੇ ਉਹ ਅਮਰੀਕਾ ਜਾਣ ਵਿਚ ਸਫਲ ਹੋ ਗਿਆ ਸੀ। ਯਹੂਦੀਆਂ ਦੇ ਮੁਲਕ ਇਜ਼ਰਾਇਲ ਨੇ ਆਇਨ ਸਟਾਇਨ ਨੂੰ ਉਥੇ ਦਾ ਪ੍ਰਧਾਨ ਬਣਨ ਦੀ ਵੀ ਪੇਸ਼ਕਸ਼ ਕੀਤੀ ਸੀ ਪਰ ਉਹਨੇ ਇਹ ਪ੍ਰਵਾਨ ਨਹੀਂ ਸੀ ਕੀਤੀ। ਆਇਨ ਸਟਾਇਨ ਦਾ ਭੌਤਿਕ ਵਿਗਿਆਨ ਦਾ ਫਾਰਮੂਲਾ $E = MC^2$ ਬੜਾ ਮਸ਼ਹੂਰ ਹੈ ਜਿਥੇ E ਊਰਜਾ ਨੂੰ ਸੰਬੋਧਤ ਹੈ ਅਤੇ M ਮਾਸ ਯਾਨਿ ਪਦਾਰਥ ਨੂੰ। ਚਿੰਨ C ਸੂਰਜ ਦੀ ਰੋਸ਼ਨੀ ਦੀ ਚਾਲ ਨੂੰ ਸੰਬੋਧਤ ਹੈ ਜੋ ਪ੍ਰਤੀ ਸੈਕਿੰਡ 186000 ਮੀਲ ਮੰਨੀ ਜਾਂਦੀ ਹੈ। ਐਟਮ ਬੰਬ ਦੀ ਕਾਢ ਦਾ ਧੁਰਾ ਵੀ ਇਸ ਫਾਰਮੂਲੇ ਨੂੰ ਹੀ ਮੰਨਿਆ ਜਾਂਦਾ ਹੈ। ਅਮਰੀਕਾ ਸਰਕਾਰ ਨੇ ਜਦ ਐਟਮ ਬੰਬ ਬਣਾ ਕੇ ਦੂਜੀ ਸੰਸਾਰ ਜੰਗ ਵੇਲੇ ਜਪਾਨ ਤੇ ਸਿੱਟਿਆ ਸੀ ਤਾਂ ਆਇਨ ਸਟਾਇਨ ਦਾ ਕੋਮਲ ਹਿਰਦਾ ਬਹੁਤ ਦੁਖੀ ਹੋਇਆ ਸੀ।

ਹੁਣ, ਇਸ ਚਿੱਠੀ ਨੇ ਕਈ ਵਿਚਲੇ ਭੇਦ ਖੋਹਲ ਦਿੱਤੇ ਹਨ ਕਿ ਯਹੂਦੀ ਲੋਕ ਰੱਬ ਦੇ ਹਰਮਨ ਪਿਆਰੇ ਲੋਕ ਨਹੀਂ ਹਨ। ਇਸ ਚਿੱਠੀ ਵਿਚਲੇ ਆਇਨ ਸਟਾਇਨ ਦੇ ਵਿਚਾਰ ਇਹ ਗੱਲ ਵੀ ਹੁਣ ਸਪੱਸ਼ਟ ਕਰ ਦਿੰਦੇ ਹਨ ਕਿ ਉਹ ਰੱਬ ਦੀ ਹੋਂਦ ਤੋਂ ਇਨਕਾਰੀ ਸੀ ਅਤੇ ਉਹ ਕਿਸੇ ਵੀ ਕੌਮ ਨੂੰ ਦੂਜਿਆਂ ਨਾਲੋਂ ਵਧੀਆ ਨਹੀਂ ਸੀ ਮਿੱਥਦਾ। ਇਹ ਗੱਲ ਇਨਸਾਨ ਦੇ ਬਰਾਬਰੀ ਦੇ ਸਿਧਾਂਤ ਨੂੰ ਪੱਕਿਆਂ ਕਰਦੀ ਹੈ ਅਤੇ ਇਨਸਾਨੀਅਤ ਦੇ ਹੱਕਾਂ ਲਈ ਲੜਨ ਵਾਲੇ ਲੋਕਾਂ ਦੇ ਹਿੱਤ 'ਚ ਜਾਂਦੀ ਹੈ। ਇਸ ਚਿੱਠੀ ਵਿਚਲੇ ਆਇਨ ਸਟਾਇਨ ਦੇ ਵਿਚਾਰ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਜਦ ਕੋਈ ਕੌਮ ਤਾਕਤ ਫੜ ਲੈਂਦੀ ਹੈ ਤਾਂ ਫਿਰ ਉਹ ਖਰਾਬੀਆਂ ਕਰਕੇ ਇਨਸਾਨੀਅਤ ਦਾ ਘਾਣ ਕਰਦੀ ਹੈ। ਸਪੱਸ਼ਟ ਉਦਾਹਰਣ ਇਜ਼ਰਾਇਲ ਦਾ ਫਲਸਤੀਨ ਲੋਕਾਂ ਨਾਲ ਧੱਕਾ ਹੈ ਅਤੇ ਇਹ ਸਭ ਧੱਕੜਸ਼ਾਹੀ ਦੁਨੀਆਂ ਦੇ ਆਪੇ ਬਣੇ ਠਾਣੇਦਾਰ ਅਮਰੀਕਾ ਦੀ ਸ਼ਹਿ ਤੇ ਹੋ ਰਿਹਾ। ਇਹ ਸਭ ਉਸ ਰਾਜਨੀਤੀ ਅਤੇ ਲੋਕਤੰਤਰਤਾ ਦੇ ਲਿਫਾਫੇ ਹੇਠ ਹੋ ਰਿਹਾ ਜਿਥੇ ਆਇਨ ਸਟਾਇਨ ਵਰਗੇ ਸਿਆਣੇ ਬੰਦੇ ਨੂੰ ਇਕ ਮੋਹਰੇ ਵਾਂਗ ਤਾਂ ਵਰਤਿਆ ਜਾ ਸਕਦਾ ਪਰ ਲੋਕ ਹਿਤੈਸ਼ੀ ਕੰਮ ਲਈ ਬਿਲਕੁਲ ਨਹੀਂ। ਸ਼ਾਇਦ ਇਸੇ ਕਰਕੇ ਆਇਰਲੈਂਡ ਦੇ ਜਲਾਵਤਨ ਮਹਾਨ ਨਾਟਕਕਾਰ ਬਰਨਾਰਡ ਸ਼ਾਅ ਨੇ ਇਕ ਵਾਰ ਕਿਹਾ ਸੀ ਕਿ, "ਮੈਂ ਆਪਣੇ ਆਪ ਨੂੰ ਸ਼ੇਕਸਪੀਅਰ ਨਾਲੋਂ ਵਧੀਆ ਨਾਟਕਕਾਰ ਸਮਝਦਾ ਪਰ ਮੇਰੀ ਤਾਕਤ ਇਕ ਨਿਗੂਣੇ ਜਿਹੇ ਪਾਰਲੀਮੈਂਟ ਦੇ ਮੈਂਬਰ ਨਾਲੋਂ ਵੀ ਘੱਟ ਹੈ, ਕਿਉਂਕਿ ਮੈਂ ਰਾਜ-ਚਾਲਕਾਂ ਦਾ ਪਿਆਦਾ ਨਹੀਂ।"

ਆਇਨ ਸਟਾਇਨ ਦੀ ਇਸ ਚਿੱਠੀ ਨੂੰ ਨੀਲਾਮੀ ਵਿਚ ਕੋਈ ਰੱਬ ਦੀ ਹੋਂਦ ਮੰਨਣ ਵਾਲਾ ਲੈ ਗਿਆ ਜਾਂ ਮੇਰੇ ਵਰਗਾ, ਇਸ ਦਾ ਅਜੇ ਭੇਦ ਬਣਿਆ ਹੋਇਆ ਹੈ।

✪✪✪✪